# PUNJAB VIDHAN SABHA
## DEBATES

*Monday, the 11th March, 2024*

## SIXTEENTH VIDHAN SABHA

(SIXTH [BUDGET] SESSION)

(Sitting No.6)

## OFFICIAL REPORT



## PUNJAB VIDHAN SABHA SECRETARIAT, CHANDIGARH 160001

Price : Rs…………

# ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

## PUNJAB VIDHAN SABHA

Sardar Kultar Singh Sandhwan, Hon'ble Speaker

Sardar Jai Krishan Singh, Hon'ble Deputy Speaker

Shri Ram Lok Khatana, Secretary

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration<br>Home Affairs & Justice<br>Personnel<br>Vigilance<br>Co-operation<br>Industries & Commerce<br>Jails, Legal & Legislative Affairs,<br>Civil Aviation, Housing & Urban Development<br>Science, Technology & Environment | ਆਮ ਪ੍ਰਸ਼ਾਸਨ<br>ਗ੍ਰਹਿ ਮਾਮਲੇ ਅਤੇ ਨਿਆਂ<br>ਪ੍ਰਸੋਨਲ<br>ਚੌਕਸੀ<br>ਸਹਿਕਾਰਤਾ<br>ਉਦਯੋਗ ਤੇ ਕਮਰਸ<br>ਜੇਲ੍ਹਾਂ<br>ਕਾਨੂੰਨੀ ਤੇ ਵਿਧਾਨਕ ਮਾਮਲੇ<br>ਸ਼ਹਿਰੀ ਹਵਾਬਾਜ਼ੀ<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ ਕਰ ਤੇ ਆਬਕਾਰੀ ਮੰਤਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Governance Reforms and Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਅਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities<br>Social Security<br>Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ<br>ਸਮਾਜਿਕ ਸੁਰੱਖਿਆ<br>ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ<br>Shri Gurmeet Singh Meet Hayer | Sports & Youth Services Minister | ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ |
| 6. | ਸਰਦਾਰ ਕੁਲਦੀਪ ਸਿੰਘ ਧਾਲੀਵਾਲ<br>Sardar Kuldeep Singh Dhaliwal | NRI Affairs, Administrative Reforms Minister | ਐਨ.ਆਰ.ਆਈ. ਮਾਮਲੇ, ਪ੍ਰਬੰਧਕੀ ਸੁਧਾਰ ਮੰਤਰੀ |
| 7. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare,<br>Medical Education &<br>Research and Elections Minister | ਸਿਹਤ ਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 8. | ਸ਼੍ਰੀ ਬ੍ਰਮ ਸ਼ੰਕਰ<br>Shri Bram Shanker | Revenue, Rehabilitation and Disaster Management, Water Supply & Sanitation Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ |

| | | | |
|---|---|---|---|
| 9. | ਸ਼੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests,<br>Wildlife Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਮੰਤਰੀ |
| 10. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Rural Development & Panchayats Minister | ਟਰਾਂਸਪੋਰਟ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ |
| 11. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ ਮੰਤਰੀ |
| 12. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R), Power Minister | ਲੋਕ ਨਿਰਮਾਣ (ਭ ਤੇ ਮ), ਊਰਜਾ ਮੰਤਰੀ |
| 13. | ਸਰਦਾਰ ਚੇਤਨ ਸਿੰਘ ਜੌੜਾਮਾਜਰਾ<br>Sardar Chetan Singh Jouramajra | Defence Services Welfare,<br>Freedom Fighters,<br>Horticulture, Mines & Geology,<br>Information & Public Relations,<br>Water Resources, Conservation of Land & Water Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ, ਖਣਨ ਤੇ ਭੂ ਵਿਗਿਆਨ, ਸੂਚਨਾ ਤੇ ਲੋਕ ਸੰਪਰਕ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਮਿਸ ਅਨਮੋਲ ਗਗਨ ਮਾਨ<br>Miss Anmol Gagan Mann | Tourism & Cultural Affairs<br>Investment Promotion,<br>Labour & Hospitality Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਪ੍ਰਾਹੁਣਾਚਾਰੀ ਮੰਤਰੀ |
| 15. | ਸਰਦਾਰ ਬਲਕਾਰ ਸਿੰਘ<br>Sardar Balkar Singh | Local Government, Parliamentary Affairs<br>Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 16. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |

## CONTENTS


| Sr. No. | Subject | Page No. |
|---|---|---|
| 1 | Starred Questions & Answers | 1 |
| 2 | Written Answer to Starred Question laid on the table of the House under rule 38 | 37 |
| 3 | Unstarred Questions & Answers | 37 |
| 4 | Matters raised during zero hour | 60 |
| 5 | Announcement by the Speaker | 61 |
| 6 | Matters raised during zero hour (*Resumption*) | 62 |
| 7 | Announcement by the Speaker urging the members to donate for a noble cause | 65 |
| 8 | Matters raised during zero hour (*Resumption*) | 65 |
| 9 | Announcement by the Speaker regarding sending D.O. letters to the Hon'ble Speakers of all the Legislative Assemblies mentioning selfless struggle of the farmers for the country, the consumers and the small shopkeepers | 72 |
| 10 | Matters raised during zero hour (*Resumption*) | 73 |
| 11 | Observation by the Speaker | 81 |
| 12 | Matters raised during zero hour (*Resumption*) | 81 |
| 13 | Calling Attention Notices under rule 66 | 99 |
| 14 | Walkout | 105 |
| 15 | Calling Attention Notices under rule 66 (*Resumption*) | 106 |
| 16 | Presentation of Reports of the Committees | 111 |
| 17 | Motion regarding Constitution of Elected Committees for the year 2024-25 | 127 |
| 18 | Consent of the house to postpone the moving of the Punjab State Election Commission (Amendment) Bill, 2024. | 129 |
| 19 | Appendix<br>Bulletins (English & Punjabi) | 130 |

## PUNJAB VIDHAN SABHA

*Monday, the 11th March, 2024*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr. Speaker (Sardar Kultar Singh Sandhwan) in the Chair.*

---

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਇਕ ਮਿੰਟ ਮੇਰੀ ਬੇਨਤੀ ਸੁਣ ਲਓ ਜੀ। 4 ਤਰੀਕ ਨੂੰ ਹਾਊਸ ਵਿਚ ਸਾਡੇ Esteemed Colleague ਨੂੰ ਮਾੜੀ ਚੰਗੀ ਭਾਸ਼ਾ ਵਰਤੀ ਗਈ ਹੈ।

**ਮਾਣਯੋਗ ਸਪੀਕਰ:** ਪਹਿਲਾਂ ਆਪਾਂ ਪ੍ਰਸ਼ਨ ਕਾਲ ਕਰ ਲਈਏ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਇਸ ਮਾਮਲੇ ਤੇ ਆਪਣੀ ਕੋਈ ਰੂਲਿੰਗ ਤਾਂ ਦੇ ਦਿਓ ਜੀ। ਇਕ ਹਫ਼ਤਾ ਹੋ ਗਿਆ ਹੈ ਜੀ। ਸਾਡੇ ਵੱਲੋਂ ਇਸ ਮਾਮਲੇ ਤੇ ਤੁਹਾਨੂੰ ਪ੍ਰਿਵਲੇਜ ਮੋਸ਼ਨ ਦਿੱਤਾ ਹੋਇਆ ਹੈ। ਮੁੱਖ ਮੰਤਰੀ ਨੇ ਸਾਡੇ ਇਕ ਦਲਿਤ ਵੀਰ ਨੂੰ ਅਤੇ ਸਾਰੀ ਕਮਿਊਨਿਟੀ ਨੂੰ ਜਿਸ ਤਰ੍ਹਾਂ ਡੱਬ ਕੀਤਾ ਹੈ, ਮੈਂ ਬੇਨਤੀ ਕਰਾਂਗਾ ਕਿ ਜਾਂ ਤਾਂ ਤੁਸੀਂ ਰੂਲਿੰਗ ਦੇ ਦਿਓ ਜਾਂ ਫਿਰ ਕਹਿ ਦਿਓ ਕਿ ਮੈਂ ਐਕਸੈਪਟ ਕਰਦਾ ਹਾਂ ਜੋ ਉਨ੍ਹਾਂ ਨੇ ਕਿਹਾ, ਉਹ ਠੀਕ ਹੈ। ਕਿਰਪਾ ਕਰਕੇ ਅੱਜ ਇਸ ਮਾਮਲੇ ਤੇ ਆਪਣੀ ਰੂਲਿੰਗ ਜ਼ਰੂਰ ਦਿਓ ਜੀ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਬੈਠੋ, ਬੈਠੋ।

---

## STARRED QUESTIONS AND ANSWERS

### ਪਟਿਆਲਾ ਸ਼ਹਿਰ ਵਿਚ ਧਰਮ ਅਰਥ ਬੋਰਡ ਦੀਆਂ ਪ੍ਰਾਪਰਟੀਜ਼ ਦੇ ਵੇਰਵੇ

***1071. ਸਰਦਾਰ ਅਜੀਤਪਾਲ ਸਿੰਘ ਕੋਹਲੀ:** ਕੀ ਮਾਲ ਤੇ ਮੁੜ ਵਸੇਬਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪਟਿਆਲਾ ਸ਼ਹਿਰ ਵਿਚ ਧਰਮ ਅਰਥ ਬੋਰਡ ਦੀਆਂ ਕਿੰਨੀਆਂ ਪ੍ਰਾਪਰਟੀਜ਼ ਕਿੱਥੇ ਕਿੱਥੇ ਹਨ ਅਤੇ ਇਨ੍ਹਾਂ ਦਾ ਫਿਜ਼ੀਕਲ ਸਟੇਟਸ ਕੀ ਹੈ;

(ਅ) ਇਨ੍ਹਾਂ ਵਿਚੋਂ ਕਿੰਨੀਆਂ ਪ੍ਰਾਪਰਟੀਜ਼ ਤੇ ਐਨਕਰੋਚਮੈਂਟ ਹੋਈ ਪਈ ਹੈ;

(ੲ) ਇਨ੍ਹਾਂ ਐਨਕਰੋਚਮੈਂਟ ਪ੍ਰਾਪਰਟੀਜ਼ ਨੂੰ ਛੁਡਵਾਉਣ ਲਈ ਕੀ ਕੀ ਉਪਰਾਲੇ ਕੀਤੇ ਗਏ ਹਨ ਅਤੇ ਕਦੋਂ ਤੱਕ ਸਾਰੀਆਂ ਪ੍ਰਾਪਰਟੀਜ਼ ਛੁਡਵਾ ਲਈਆਂ ਜਾਣਗੀਆਂ?

**Shri Bram Shankar:** Sir,

1. List of Dharam Arth Properties is attached herewith.
2. Details regarding legal / illegal possession will be cleared after demarcation.
3. If any illegal possession is found, necessary action will be taken as per rules to remove it.

| Sr. No | Name of Mandir | Total Land | Legal/illegal Possession Status | Remarks |
|---|---|---|---|---|
| 1. | Mandir Shri Kedar Nath Ji, Rajpura Road Patiala | 90 Bigha 1 Biswa now 1 Bigha 5 Biswa | No illegal Occupation | As per office record total land was 90 Bigha 1 Biswa out of which 88 Bigha 16 Biswa transferred to PRTC. Now Mandir has only 1 Bigha 5 Biswa. |
| 2. | Mandir Shri Badri Narayan, Bahadurgarh, Patiala | 202 Kanal 14 Marle | | Already written to Tehsildar Patiala for Demarcation |

| | | | | |
|---|---|---|---|---|
| 3. | Mandir Shri Tung Nath Ji | 66 Bigha 17 Biswas | | Details Regarding legal/illegal possession will become clear after demarcation |
| 4. | Mandir Shri Kali Devi Ji, Patiala | 27 Bigha 10 Biswa | | Details Regarding legal/illegal possession will be clear after demarcation |
| 5. | Mandir Shivala, Vajidpur | 12 Bigha 9 Biswa | | Details Regarding legal/illegal possession will be clear after demarcation |
| 6. | Samadh Mai Desa, Nabha | 42 Bigha 3 Biswa | | Details Regarding legal/illegal possession will be clear after demarcation |

**ਸਰਦਾਰ ਅਜੀਤਪਾਲ ਸਿੰਘ ਕੋਹਲੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਟਿਆਲਾ ਸ਼ਹਿਰ ਇਕ ਰਿਆਸਤੀ ਸ਼ਹਿਰ ਰਿਹਾ ਹੈ, ਜਿਸ ਕਰਕੇ ਇੱਥੇ ਮੰਦਿਰ ਗੁਰਦੁਆਰਿਆਂ ਅਤੇ ਡੇਰਿਆਂ ਦੀ ਕਾਫ਼ੀ ਪ੍ਰਾਪਰਟੀ ਸ਼ਹਿਰ ਵਿਚ ਪੈਂਦੀ ਹੈ। ਪੁਰਾਣੀਆਂ ਸਰਕਾਰਾਂ ਵਿਚ ਲੈਂਡ ਮਾਫੀਆ ਨੇ ਇਹ ਥਾਵਾਂ ਮਾਲ ਵਿਭਾਗ ਨਾਲ ਮਿਲ ਕੇ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੈਂਡ ਮਾਫ਼ੀਆ ਕਰੋੜਾਂ ਰੁਪਿਆਂ ਦੀ ਇਹ ਪ੍ਰਾਪਰਟੀ ਕੌਡੀਆਂ ਦੇ ਭਾਅ ਖਰੀਦ ਲੈਂਦਾ ਹੈ ਅਤੇ ਮੰਦਿਰ, ਗੁਰਦੁਆਰਿਆਂ ਦੀਆਂ ਇਹ ਥਾਵਾਂ ਹੀ ਸ਼ੋਅਰੂਮਾਂ ਵਿਚ ਤਬਦੀਲ ਕਰਕੇ ਅੱਗੇ ਵੇਚ ਦਿੱਤੀਆਂ ਜਾਂਦੀਆਂ ਹਨ। ਸੋ, ਮੈਂ ਮਾਲ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਡੇ ਕੋਲ ਕੋਈ ਅਜਿਹਾ ਡਾਟਾ ਹੈ? ਕੀ ਧਰਮ ਅਰਥ ਅਧੀਨ ਆਉਂਦੀਆਂ ਸਾਰੀਆਂ ਪ੍ਰਾਪਰਟੀਜ਼ ਸਿਕਿਉਰ ਹਨ? ਜਿਹੜੀਆਂ ਪ੍ਰਾਪਰਟੀਜ਼ ਸਿਕਿਉਰਡ ਨਹੀਂ ਹਨ, ਉਨ੍ਹਾਂ ਨੂੰ ਸਿਕਿਉਰਡ ਕਰਨ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ ਅਤੇ ਜਿਹੜੀਆਂ ਅਜਿਹੀਆਂ ਪ੍ਰਾਪਰਟੀਜ਼ ਨਜਾਇਜ਼ ਕਬਜ਼ੇ ਵਿਚ ਹਨ, ਉਨ੍ਹਾਂ ਨੂੰ ਖਾਲੀ ਕਰਵਾਉਣ ਲਈ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

**ਮੰਤਰੀ:** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਇਹ ਮਾਮਲਾ ਮੇਰੇ ਧਿਆਨ ਵਿਚ ਲਿਆਂਦਾ ਹੈ। ਮੈਂ ਆਪਣੇ ਅਫ਼ਸਰ ਸਾਹਿਬਾਨ ਅਤੇ ਡਿਪਟੀ ਕਮਿਸ਼ਨਰ ਸਾਹਿਬ ਦੀ ਡਿਊਟੀ ਲਗਾਵਾਂਗਾ ਕਿ ਇਹ ਜਿਹੜੀਆਂ 6 ਪ੍ਰਾਪਰਟੀਜ਼ ਦੀ ਲਿਸਟ ਸਾਡੇ ਕੋਲ ਆਈ ਹੈ, ਇਨ੍ਹਾਂ ਦਾ ਉਚੇਚਾ ਪ੍ਰਬੰਧ ਕਰਕੇ ਮਾਲ ਵਿਭਾਗ ਇਨ੍ਹਾਂ ਨੂੰ ਆਪਣੀ ਕਸਟਡੀ ਵਿਚ ਲਵੇਗਾ। ਮੈਂ ਮੈਂਬਰ ਸਾਹਿਬ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ।

**ਸਰਦਾਰ ਅਜੀਤਪਾਲ ਸਿੰਘ ਕੋਹਲੀ:** ਸਪੀਕਰ ਸਾਹਿਬ, ਮੈਂ ਦੋ ਫੋਟੋਗ੍ਰਾਫਸ ਹਾਊਸ ਵਿਚ ਲੈ ਕੇ ਆਇਆ ਹਾਂ। (ਹੱਥ ਵਿਚ ਦੋ ਫੋਟੋਆਂ ਦਿਖਾਉਂਦੇ ਹੋਏ) ਸਪੀਕਰ ਸਾਹਿਬ, ਮੈਂ ਇਹ ਦੋ ਫੋਟੋਆਂ ਤੁਹਾਡੀ ਆਗਿਆ ਨਾਲ ਮੰਤਰੀ ਸਾਹਿਬ ਨੂੰ ਦੇਣਾ ਚਾਹਾਂਗਾ। ਇੱਥੇ ਸ਼ੋਅਰੂਮ ਬਣਾ ਦਿੱਤੇ ਗਏ ਸੀ, ਜੋ ਬਾਅਦ ਵਿਚ ਸਰਕਾਰ ਵੱਲੋਂ ਢਾਹ ਦਿੱਤੇ ਗਏ ਪਰ ਹਾਲੇ ਤੱਕ ਸਰਕਾਰ ਵੱਲੋਂ ਇਥੇ ਕੋਈ ਚਾਰਦੀਵਾਰੀ ਨਹੀਂ ਕੀਤੀ ਗਈ ਅਤੇ ਨਾ ਹੀ ਇਹ ਥਾਵਾਂ ਸਰਕਾਰ ਨੇ ਆਪਣੀ ਕਸਟਡੀ ਵਿਚ ਲਈਆਂ ਹਨ।

**ਮੰਤਰੀ:** ਸਪੀਕਰ ਸਾਹਿਬ, ਕਿਸੇ ਵੀ ਸ਼ਹਿਰ ਵਿਚ ਸਰਕਾਰ ਦੀ ਕਿਸੇ ਪ੍ਰਾਪਰਟੀ ਤੇ ਕੋਈ ਵੀ ਨਜਾਇਜ਼ ਕਬਜ਼ਾ ਨਹੀਂ ਕਰ ਸਕਦਾ। ਮੈਂ ਹਾਊਸ ਤੋਂ ਬਾਅਦ ਇਸ ਮਾਮਲੇ ਤੇ ਐਫ.ਸੀ.ਆਰ. ਸਾਹਿਬ ਨਾਲ ਗੱਲ ਕਰਕੇ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਸਖਤ ਹਦਾਇਤ ਕਰਾਂਗਾ ਕਿ ਮੈਨੂੰ ਇਸ ਦਾ ਪੂਰਾ ਵੇਰਵਾ ਦਿੱਤਾ ਜਾਵੇ ਅਤੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਇਸ ਦੀ ਚਾਰਦੀਵਾਰੀ ਕੀਤੀ ਜਾਵੇ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1052**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਪੱਕੀਆਂ ਕਰਨਾ

*1025. **ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਓਂ ਦੇ ਬੇਟ ਏਰੀਏ ਦੇ ਬੰਨ੍ਹਾਂ ਦੀਆਂ ਸੜਕਾਂ ਕੱਚੀਆਂ ਹੋਣ ਕਾਰਨ ਬਾਰਿਸ਼ਾਂ ਵਿੱਚ ਟੁੱਟ ਜਾਂਦੀਆਂ ਹਨ, ਜਿਸ ਕਾਰਨ ਸਥਾਨਕ ਲੋਕਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਬੰਨ੍ਹਾਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ) :** ਬੰਨ੍ਹਾਂ ਤੇ ਪੱਕੀਆਂ ਸੜਕਾਂ ਜਲ ਸਰੋਤ ਵਿਭਾਗ ਵੱਲੋਂ ਨਹੀਂ ਬਣਾਈਆਂ ਜਾਂਦੀਆਂ ਹਨ। ਬੰਨ੍ਹਾਂ ਤੇ ਪੱਕੀਆਂ ਸੜਕਾਂ, ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ। ਜਲ ਸਰੋਤ ਵਿਭਾਗ ਤੋਂ ਪ੍ਰਵਾਨਗੀ ਲੈਣ ਉਪਰੰਤ ਉਕਤ ਵਿਭਾਗ ਬੰਨ੍ਹਾਂ 'ਤੇ ਪੱਕੀਆਂ ਸੜਕਾਂ ਬਣਾ ਸਕਦੇ ਹਨ। ਇਸ ਤੋਂ ਇਲਾਵਾ, ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਵੱਲੋਂ ਬੰਨ੍ਹਾਂ ਦੀਆਂ ਕੱਚੀਆਂ ਸੜਕਾਂ ਨੂੰ ਪੱਕਾ ਕਰਨ ਸਬੰਧੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਮੈਂ ਪਿਛਲੇ ਪੰਜ ਸਾਲ ਵੀ ਆਪੋਜ਼ੀਸ਼ਨ ਵਿੱਚ ਐਮ.ਐਲ.ਏ. ਸੀ ਤੇ ਹੁਣ ਵੀ ਆਪਣੀ ਸਰਕਾਰ ਵਿੱਚ ਐਮ.ਐਲ.ਏ ਹਾਂ। ਸਾਡਾ ਬੰਨ੍ਹ ਚਾਰ ਥਾਵਾਂ ਤੋਂ ਪੱਕਾ ਹੈ ਪਰ ਉਹ ਹਰ ਵਾਰ ਹੀ ਟੁੱਟਦਾ ਹੈ, ਜਿਸ ਕਰਕੇ ਲੱਖਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਜਦੋਂ ਸਮਾਂ ਆਉਂਦਾ ਹੈ ਤਾਂ ਆਪਾਂ ਉੱਥੇ ਬੋਰੀਆਂ ਲਾਉਣ ਦਾ ਵੀ ਇੰਤਜ਼ਾਮ ਕਰਦੇ ਹਾਂ। ਮੇਰੀ ਮੰਤਰੀ ਸਾਹਿਬ ਨੂੰ ਇਹੀ ਦਰਖਾਸਤ ਹੈ ਕਿ ਹੁਣ ਅਗਲੀ ਬਾਰਸ਼ ਤੋਂ ਪਹਿਲਾਂ ਇਹ ਬੰਨ੍ਹ ਨਾ ਟੁੱਟੇ। ਜਿਹੜੇ ਤਿੰਨ ਬੰਨ੍ਹ ਹਰ ਵਾਰ ਟੁੱਟਦੇ ਹਨ ਜੇਕਰ ਉਹ ਤਿੰਨੇ ਹੀ ਬੰਨ ਪੱਕੇ ਹੋ ਜਾਣ ਤਾਂ ਉਥੋਂ ਦੇ ਲੋਕ ਸੌਖੇ ਹੋ ਜਾਣਗੇ ਤੇ ਉਨ੍ਹਾਂ ਲਈ ਨਿਕਲਣ ਦਾ ਰਸਤਾ ਬਣ ਜਾਵੇਗਾ।

**ਮਾਣਯੋਗ ਸਪੀਕਰ:** ਮੰਤਰੀ ਜੀ, ਜੇਕਰ ਅਗਾਊਂ ਪ੍ਰਬੰਧ ਕਰ ਲਏ ਜਾਣਗੇ ਤਾਂ ਸੌਖਾ ਹੋ ਜਾਏਗਾ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਰਸਤਾ 31.5 ਕਿਲੋਮੀਟਰ ਤੱਕ ਫੈਲਿਆ ਹੋਇਆ ਹੈ ਅਤੇ 5.61 ਕਿਲੋਮੀਟਰ ਪਹਿਲਾਂ ਹੀ ਪੱਕਾ ਕੀਤਾ ਜਾ ਚੁੱਕਾ ਹੈ। ਪ੍ਰੀ-ਮੌਨਸੂਨ ਨੂੰ ਮੁੱਖ ਰੱਖ ਕੇ ਜਲ ਸਰੋਤ ਵਿਭਾਗ ਵੱਲੋਂ ਹੜ੍ਹ ਰੋਕੂ ਕੰਮਾਂ ਨੂੰ ਕਰਵਾਉਣ ਦਾ ਕੰਮ ਕਰਵਾਇਆ ਜਾਂਦਾ ਹੈ। ਇਸ ਸਾਲ ਵੀ ਹੜ੍ਹਾਂ ਤੋਂ ਪਹਿਲਾਂ ਸਤਲੁਜ ਦਰਿਆ ਤੇ ਜਗਰਾਉਂ ਹਲਕੇ ਵਿੱਚ 25 ਕੰਮ ਕਰਵਾਏ ਜਾਣੇ ਹਨ, ਜਿਨ੍ਹਾਂ ਦੀ ਅਨੁਮਾਨਤ ਲਾਗਤ 10 ਕਰੋੜ 72 ਲੱਖ ਰੁਪਏ ਹੈ। ਇਨ੍ਹਾਂ ਵਿੱਚੋਂ 22 ਹੜ੍ਹ ਸੁਰੱਖਿਆ ਕਾਰਜ ਮਗਨਰੇਗਾ ਸਕੀਮ ਅਧੀਨ 8 ਕਰੋੜ 45 ਲੱਖ ਰੁਪਏ ਦੇ ਤਜਵੀਜ਼ਤ ਹਨ। ਇਨ੍ਹਾਂ ਕੰਮਾਂ ਤੋਂ ਇਲਾਵਾ State Disaster Mitigation Fund ਅਧੀਨ 2 ਕਰੋੜ 27 ਲੱਖ ਰੁਪਏ ਦੇ ਤਿੰਨ ਕੰਮ ਤਜਵੀਜ਼ਤ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਮੰਤਰੀ ਸਾਹਿਬ, ਤੁਸੀਂ ਬਸ ਕੰਮ ਕਰਵਾ ਦਿਓ। ਇਸ ਵਾਰ ਬੰਨ੍ਹ ਨਾ ਟੁੱਟੇ ਕਿਉਂਕਿ ਉਥੋਂ ਦੇ ਲੋਕਾਂ ਦਾ ਆਉਣਾ ਜਾਣਾ ਬਿਲਕੁਲ ਖਤਮ ਹੋ ਜਾਂਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਪਹਿਲਾਂ ਤਾਂ ਮੈਨੂੰ ਹੈਰਾਨਗੀ ਇਹ ਹੈ ਕਿ ਮਹਿਕਮਾ ਐਗਰੀਕਲਚਰ ਦਾ ਹੈ, ਮੰਡੀ ਬੋਰਡ ਦਾ ਹੈ ਤੇ ਜਵਾਬ ਪੀ.ਡਬਲਿਊ.ਡੀ ਮਨਿਸਟਰ ਦੇ ਰਹੇ ਹਨ। ਮੰਨ ਲਿਆ ਇਨ੍ਹਾਂ ਨੇ ਜਵਾਬ ਦੇ ਦਿੱਤਾ, ਬਹੁਤ ਅੱਛੀ ਗੱਲ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਹੜ੍ਹਾਂ ਤੋਂ ਬਾਅਦ ਸਮੁੱਚੇ ਪੰਜਾਬ ਵਿੱਚ ਜਗ੍ਹਾ ਜਗ੍ਹਾ ਤੇ ਬੰਨ ਟੁੱਟੇ ਹਨ। ਮੇਰਾ ਏਰੀਆ ਵੀ ਬਿਆਸ ਦਰਿਆ ਦੇ ਕੰਡੇ ਤੇ ਹੈ, ਉਥੇ ਵੀ ਸਾਡਾ ਧੁੱਸੀ ਬੰਨ ਬੜੀ ਬੁਰੀ ਤਰ੍ਹਾਂ ਡੈਮੇਜ ਹੋਇਆ ਹੈ ਅਤੇ ਸੜਕਾਂ ਵੀ ਡੈਮੇਜ ਹੋਈਆਂ ਹਨ। ਕਿਰਪਾ ਕਰਕੇ ਇਸ ਵਾਰ ਮੌਨਸੂਨ ਤੋਂ ਪਹਿਲਾਂ ਪਹਿਲਾਂ ਸਾਰਾ ਕੰਮ ਕਰਵਾ ਦਿਉ। ਇਰੀਗੇਸ਼ਨ ਡਿਪਾਰਟਮੈਂਟ ਨੇ ਗੌਰਮਿੰਟ ਕੋਲੋਂ 700 ਕਰੋੜ ਰੁਪਿਆ ਮੰਗਿਆ ਸੀ ਪਰ ਸਰਕਾਰ ਵੱਲੋਂ ਸਿਰਫ 53 ਕਰੋੜ ਰੁਪਿਆ ਹੀ ਦਿੱਤਾ ਗਿਆ। ਸਾਰੀਆਂ ਰੂਰਲ ਸੜਕਾਂ ਟੁੱਟੀਆਂ ਪਈਆਂ ਹਨ, ਪੁਲੀਆਂ ਵੀ ਟੁੱਟੀਆਂ ਪਈਆਂ ਹਨ, ਸਾਰੇ ਬੰਨ੍ਹ ਵੀ ਟੁੱਟੇ ਪਏ ਹਨ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਤੁਸੀਂ ਆਪ ਇਸ ਮੈਟਰ ਵਿੱਚ ਇੰਟਰਵੀਨ ਕਰੋ ਤੇ ਕਾਈਂਡਲੀ ਇਰੀਗੇਸ਼ਨ ਡਿਪਾਰਟਮੈਂਟ ਨੂੰ ਪੂਰੇ ਪੈਸੇ ਦਿਵਾਓ ਤਾਂਕਿ ਸਾਰੀਆਂ ਡਰੇਨਾਂ ਵੀ ਸਾਫ ਹੋਣ ਤੇ ਬੰਨ੍ਹ

ਵੀ ਮਜ਼ਬੂਤ ਹੋਣ ਅਤੇ ਸਮੁੱਚੇ ਪੰਜਾਬ ਵਿੱਚ ਬੇਟ ਏਰੀਆਜ਼ ਦੀਆਂ ਸਾਰੀਆਂ ਰੂਰਲ ਸੜਕਾਂ ਦੀ ਵੀ ਟਾਈਮ ਸਿਰ ਮੁਰੰਮਤ ਕੀਤੀ ਜਾ ਸਕੇ। ਧੰਨਵਾਦ।

**ਮਾਣਯੋਗ ਸਪੀਕਰ:** ਤੁਸੀਂ ਆਪਣੇ ਹਲਕੇ ਦਾ ਵੱਖਰਾ ਸਵਾਲ ਦੇ ਦਿਓ। ਮੰਤਰੀ ਜੀ, ਕੀ ਤੁਹਾਡਾ ਜਵਾਬ ਪੂਰਾ ਆ ਗਿਆ?

**ਮੰਤਰੀ:** ਸਪੀਕਰ ਸਾਹਿਬ, ਹਾਂ ਜੀ। ਜੋ ਸਵਾਲ ਮੈਂਬਰ ਸਾਹਿਬ ਨੇ ਪੁੱਛਿਆ ਸੀ, ਉਸ ਦਾ ਜਵਾਬ ਦੇ ਦਿੱਤਾ ਹੈ। ਜੇਕਰ ਇਨ੍ਹਾਂ ਨੇ ਕੋਈ ਹੋਰ ਸਪਲੀਮੈਂਟਰੀ ਲੈਣੀ ਹੈ ਤਾਂ ਇਹ ਲੈ ਸਕਦੇ ਹਨ।

**ਮਾਣਯੋਗ ਸਪੀਕਰ:** ਜਿਹੜੇ ਮਾਣਯੋਗ ਮੰਤਰੀ ਇੱਥੇ ਹਾਜ਼ਰ ਨਹੀਂ ਹੁੰਦੇ ਅਤੇ ਇੱਥੇ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਨੇ ਆਪਣੇ ਸਵਾਲ ਲਗਾਏ ਹੋਏ ਹੁੰਦੇ ਹਨ, ਸਵਾਲਾਂ ਦੇ ਜਵਾਬ ਦੇਣ ਲਈ ਮੰਤਰੀ ਸਾਹਿਬ ਦੀ ਅਥਾਰਿਟੀ ਉਨ੍ਹਾਂ ਦੇ ਕਾਊਂਟਰ ਪਾਰਟਸ ਨੂੰ ਦੇ ਦਿੱਤੀ ਜਾਂਦੀ ਹੈ। ਸੋ ਬਾਜਵਾ ਜੀ, ਤੁਹਾਡਾ ਤਾਂ ਇਹ ਪੁੱਛਣਾ ਜਾਇਜ਼ ਨਹੀਂ ਸੀ। ਬਾਕੀ ਠੀਕ ਹੈ।

---

**ਮੁਖਤਿਆਰਨਾਮਾ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕਰਨਾ**

***1058. ਸ੍ਰੀ ਅਵਤਾਰ ਸਿੰਘ ਜੂਨੀਅਰ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਰਕਾਰ ਨੇ ਵੱਖ ਵੱਖ ਮਾਲੀਆ ਦਸਤਾਵੇਜ਼ਾਂ ਅਰਥਾਤ ਮੁਖਤਿਆਰਨਾਮਾ, ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਕੀਤਾ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਤ ਆਮਦਨ ਹੋਣ ਵਾਲੀ ਹੈ:

(ਅ) ਕੀ ਸਰਕਾਰ ਨੇ ਵੱਖ ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ ਡਿਊਟੀ ਨੂੰ ਵਧਾਇਆ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਵਾਧਿਆਂ ਨਾਲ ਸਰਕਾਰ ਨੂੰ ਪ੍ਰਤੀ ਵਿੱਤੀ ਸਾਲ ਕਿੰਨੀ ਅਨੁਮਾਨਤ ਆਮਦਨ ਹੋਣ ਵਾਲੀ ਹੈ?

**ਸ੍ਰੀ ਬ੍ਰਮ ਸ਼ੰਕਰ:** ਸ੍ਰੀਮਾਨ ਜੀ,

(ੳ) ਪੰਜਾਬ ਸਰਕਾਰ ਮਾਲ ਵਿਭਾਗ ਵੱਲੋਂ ਹਾਲ ਹੀ ਵਿੱਚ ਹੀ ਖ਼ੂਨੀ ਰਿਸ਼ਤਿਆਂ ਤੋਂ ਬਾਹਰ ਤੈਅ ਹੋਣ ਵਾਲੇ ਮੁਖਤਿਆਰਨਾਮਿਆਂ ਤੇ 2% ਸਟੈਂਪ ਡਿਊਟੀ ਲਗਾਈ ਹੈ। ਇਸ ਤੋਂ ਇਲਾਵਾ ਸਮਝੌਤਿਆਂ ਅਤੇ ਰਜਿਸਟਰੀਆਂ ਆਦਿ ਤੇ ਸਟੈਂਪ ਡਿਊਟੀ ਵਿੱਚ ਵਾਧਾ ਨਹੀਂ ਕੀਤਾ ਗਿਆ ਹੈ। ਖ਼ੂਨੀ ਰਿਸ਼ਤਿਆਂ ਤੋਂ ਬਾਹਰ ਤੈਅ ਹੋਣ ਵਾਲੇ ਮੁਖਤਿਆਰਨਾਮਿਆਂ ਤੇ ਲਗਾਈ ਗਈ 2% ਸਟੈਂਪ ਡਿਊਟੀ ਨਾਲ ਪੰਜਾਬ ਸਰਕਾਰ ਨੂੰ ਹੋਣ ਵਾਲੇ ਪ੍ਰਤੀ ਵਿੱਤੀ ਸਾਲ ਦੀ ਆਮਦਨ ਦਾ ਫਿਲਹਾਲ ਇਕ ਮੁਕੰਮਲ ਵਿੱਤੀ ਸਾਲ ਬੀਤਣ ਤੋਂ ਪਹਿਲਾਂ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

(ਅ) ਪੰਜਾਬ ਸਰਕਾਰ ਮਾਲ ਵਿਭਾਗ ਵੱਲੋਂ ਹਾਲ ਹੀ ਵਿੱਚ ਵੱਖ ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ 0.25% ਸਟੈਂਪ ਡਿਊਟੀ ਲਗਾਈ ਗਈ ਹੈ। ਵੱਖ ਵੱਖ ਬੈਂਕ ਕਰਜ਼ਿਆਂ ਦੀ ਪ੍ਰੋਸੈਸਿੰਗ ਫੀਸ ਉੱਤੇ 0.25% ਸਟੈਂਪ ਡਿਊਟੀ ਨਾਲ ਪੰਜਾਬ ਸਰਕਾਰ ਨੂੰ ਹੋਣ ਵਾਲੇ ਪ੍ਰਤੀ ਵਿੱਤੀ ਸਾਲ ਦੀ ਆਮਦਨ ਦਾ ਫਿਲਹਾਲ ਇਕ ਮੁਕੰਮਲ ਵਿੱਤੀ ਸਾਲ ਬੀਤਣ ਤੋਂ ਪਹਿਲਾਂ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਵੈਸੇ ਮੇਰਾ ਸਵਾਲ ਐਫ.ਐਮ. ਸਾਹਿਬ ਲਈ ਸੀ। ਇਸ ਗੱਲ ਦੀ ਨਮੋਸ਼ੀ ਹੈ ਕਿ ਇਸ ਬਜਟ ਵਿੱਚ ਤਜਵੀਜ਼ ਰੱਖੀ ਗਈ ਸੀ ਅਤੇ ਪੂਰੇ ਪੰਜਾਬ ਨੂੰ ਦੱਸਿਆ ਗਿਆ ਸੀ ਕਿ ਇਸ ਸਾਲ ਪੰਜਾਬੀਆਂ ਤੇ ਕੋਈ ਵੀ ਟੈਕਸ ਨਹੀਂ ਲਗਾਇਆ ਗਿਆ ਹੈ ਅਤੇ ਇਹੋ ਤਜਵੀਜ਼ ਪਿਛਲੇ ਸਾਲ ਵੀ ਰੱਖੀ ਗਈ ਸੀ ਕਿ ਪੰਜਾਬੀਆਂ ਤੇ ਕੋਈ ਨਵਾਂ ਬੋਝ ਨਹੀਂ ਪਾਇਆ ਗਿਆ ਹੈ। ਪਿਛਲੇ ਸਾਲ ਬਜਟ ਸੈਸ਼ਨ ਤੋਂ ਪਹਿਲਾਂ ਪੈਟਰੋਲ ਅਤੇ ਡੀਜ਼ਲ ਤੇ ਵੈਟ ਵਧਾਇਆ ਗਿਆ ਸੀ ਅਤੇ ਐਤਕੀਂ ਇੰਡੀਅਨ ਸਟੈਂਪ ਡਿਊਟੀ ਅਮੈਂਡਮੈਂਟ ਐਕਟ, 2022-23 ਵਿੱਚ 0.25% ਲਗਾਇਆ ਗਿਆ ਹੈ ਕਿ ਜੇ ਕਿਸੇ ਗਰੀਬ ਆਦਮੀ ਨੇ ਸਕੂਟਰ ਲੈਣਾ ਹੈ, ਕੋਈ ਕਾਰ ਲੈਣੀ ਹੈ, ਕਿਸੇ ਨੇ ਮੋਟਰ ਸਾਈਕਲ ਲੈਣਾ ਹੈ, ਕੋਈ ਵਾਹਨ ਲੈਣਾ ਹੈ ਜਾਂ ਘਰ ਲੈਣਾ ਹੈ, ਉਸ ਉਤੇ ਇਹ ਟੈਕਸ ਲਗਾਇਆ ਹੈ। ਸਪੀਕਰ ਸਾਹਿਬ, ਮੈਂ ਸਵਾਲ ਪੁੱਛਿਆ ਸੀ ਕਿ ਇਸ ਸਾਲ ਵਿੱਚ ਕਿੰਨਾ ਐਸਟੀਮੇਟਿਡ ਰੈਵੇਨਿਊ ਜੈਨਰੇਟ ਹੋਵੇਗਾ? ਇਸ ਦਾ ਮਹਿਕਮੇ ਨੇ ਜਵਾਬ ਦਿੱਤਾ ਹੈ ਕਿ ਸਾਨੂੰ ਪਤਾ ਹੀ ਨਹੀਂ

ਹੈ ਕਿ ਕਿੰਨਾ ਰੈਵੇਨਿਊ ਆਵੇਗਾ ਲੇਕਿਨ ਲੋਕਾਂ ਦਾ ਐਸਟੀਮੇਟ ਹੈ ਕਿ ਇਸ ਨਾਲ 500 ਕਰੋੜ ਰੁਪਿਆ ਆਵੇਗਾ।

ਦੂਜੀ ਗੱਲ ਹੈ ਕਿ ਪਾਵਰ ਆਫ ਅਟਾਰਨੀ ਭਾਵੇਂ ਜਨਰਲ ਹੋਵੇ ਜਾਂ ਸਪੈਸ਼ਲ ਹੋਵੇ, ਜੇਕਰ ਤੁਹਾਡਾ ਬਲੱਡ ਰਿਲੇਸ਼ਨ ਨਹੀਂ ਹੈ ਤਾਂ 2% ਸਟੈਂਪ ਡਿਊਟੀ ਲੱਗਦੀ ਹੈ, ਜੇ ਕਿਸੇ ਐਨ.ਆਰ.ਆਈ. ਭਰਾ ਨੇ ਆਪਣੀ ਜ਼ਮੀਨ ਦੀ ਦੇਖ ਭਾਲ ਕਰਨ ਲਈ ਜਾਂ ਵੇਚਣ ਲਈ ਬਾਹਰੋਂ ਕਿਸੇ ਨੂੰ ਪਾਵਰ ਆਫ ਅਟਾਰਨੀ ਦੇਣੀ ਹੈ ਤਾਂ 2% ਫੀਸ ਲਗਦੀ ਹੈ, ਇਸ ਵਿੱਚੋਂ ਵੀ 500 ਕਰੋੜ ਰੁਪਏ ਦਾ ਰੈਵੇਨਿਊ ਆਵੇਗਾ। ਇਸ ਬਜਟ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਫਿਰ ਇੱਕ ਵਾਰ ਗੁੰਮਰਾਹ ਕੀਤਾ ਗਿਆ ਅਤੇ 1000 ਕਰੋੜ ਰੁਪਏ ਦਾ ਮਾਲੀ ਬੋਝ ਪੰਜਾਬੀਆਂ ਤੇ ਪਾਇਆ ਗਿਆ ਹੈ। ਸਪੀਕਰ ਸਾਹਿਬ, ਮੇਰੀ ਤੁਹਾਡੀ ਮਾਰਫਤ ਇਹੋ ਬੇਨਤੀ ਹੈ ਕਿ ਕੀ ਇਸ ਨੂੰ ਵਾਪਸ ਲਿਆ ਜਾਵੇਗਾ? ਅੱਜ ਐਫ.ਐਮ. ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਬੈਠੇ ਨਹੀਂ ਹਨ। ਜਿਹੜਾ ** ਬਜਟ ਪੇਸ਼ ਕੀਤਾ ਗਿਆ ਹੈ ਇਸ ਬਾਰੇ ਲੋਕਾਂ ਨੂੰ ਸੱਚ ਦੱਸੋ ਕਿ ਪੰਜਾਬੀਆਂ ਤੇ ਇਸ ਸਾਲ ਫਿਰ ਤੋਂ 1000 ਕਰੋੜ ਰੁਪਏ ਦਾ ਬੋਝ ਪਾਇਆ ਗਿਆ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗੱਲ ਕਰ ਸਕਦਾ ਹਾਂ ਕਿ ਜਿਵੇਂ ਇਨ੍ਹਾਂ ਨੇ ਐਨ.ਆਰ.ਆਈ. ਵੀਰਾਂ ਦੀ ਗੱਲ ਕੀਤੀ ਹੈ, ਇਸ ਨਾਲ ਉਨ੍ਹਾਂ ਦਾ ਧੋਖੇ ਤੋਂ ਬਚਾਅ ਹੋਵੇਗਾ ਅਤੇ ਪੰਜਾਬ ਦੇ ਖਜ਼ਾਨੇ ਵਿੱਚ ਵਾਧਾ ਹੋਵੇਗਾ। ਇਹ ਹਾਲੇ ਤੱਕ ਲਾਗੂ ਨਹੀਂ ਹੋਇਆ। ਇਸ ਬਾਰੇ ਆਉਣ ਵਾਲੇ ਸਮੇਂ ਵਿੱਚ ਹੀ ਦੱਸਿਆ ਜਾ ਸਕਦਾ ਹੈ ਕਿ ਕਿੰਨਾ ਵਾਧਾ ਹੋਵੇਗਾ। ਮੈਂ ਤੁਹਾਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਇਸ ਨਾਲ ਹਜ਼ਾਰਾਂ ਲੋਕਾਂ ਦਾ ਧੋਖੇ ਤੋਂ ਬਚਾਅ ਹੋਵੇਗਾ। ਸਪੀਕਰ ਸਾਹਿਬ, ਪਹਿਲਾਂ ਹੁੰਦਾ ਕੀ ਸੀ ਕਿ ਜਿੰਨੀਆਂ ਵੀ ਪਾਵਰ ਆਫ ਅਟਾਰਨੀਆਂ ਬਲੱਡ ਰਿਲੇਸ਼ਨ ਤੋਂ ਬਾਹਰ ਹੁੰਦੀਆਂ ਸਨ, ਉਸ ਵਿੱਚੋਂ ਅੱਧੀਆਂ ਝਗੜੇ ਅਤੇ ਧੋਖੇ ਦਾ ਕਾਰਨ ਬਣਦੀਆਂ ਹਨ। ਸਾਡੇ ਕੋਲ ਅਜਿਹੇ ਕੇਸ ਰੈਗੂਲਰ ਆਉਂਦੇ ਹਨ, ਇਸ ਦਾ ਮਿਸਯੂਜ਼ ਹੁੰਦਾ ਹੈ। ਜਿਸ ਨੇ ਆਪਣੇ ਬਲੱਡ ਰਿਲੇਸ਼ਨ ਤੋਂ ਬਾਹਰ ਪਾਵਰ ਆਫ ਅਟਾਰਨੀ ਦੇਣੀ ਹੈ, ਉਸ ਲਈ ਹੀ ਅਸੀਂ 2% ਸਟੈਂਪ ਡਿਊਟੀ

** Expunged as ordered by the Speaker.

ਲਗਾਈ ਹੈ। ਇਸ ਨਾਲ ਪਾਵਰ ਆਫ ਅਟਾਰਨੀ ਸਰਕਾਰੀ ਰਿਕਾਰਡ ਵਿੱਚ ਆ ਜਾਂਦੀ ਹੈ। ਪਹਿਲਾਂ ਤਾਂ ਲੋਕ ਕੁਝ ਕਰਦੇ ਹੀ ਨਹੀਂ ਸਨ ਅਤੇ ਬਾਹਰੋਂ ਬਾਹਰ ਹੀ ਇੱਕ ਦੂਜੇ ਨੂੰ ਮੁਖਤਿਆਰਨਾਮੇ ਦੇ ਦਿੰਦੇ ਸਨ ਅਤੇ ਉਸ ਦਾ ਮਿਸਯੂਜ਼ ਹੁੰਦਾ ਸੀ। ਇਸ ਦਾ ਮੇਜਰ ਪਰਪਜ਼ ਪੰਜਾਬ ਦੇ ਖਜ਼ਾਨੇ ਵਿੱਚ ਵਾਧਾ ਕਰਨਾ ਅਤੇ ਇਹ ਪੈਸਾ ਪੰਜਾਬ ਦੇ ਲੋਕਾਂ ਦੀ ਵੈਲਫੇਅਰ ਲਈ ਲੋਕਾਂ ਤੇ ਖਰਚ ਕਰਨਾ ਹੈ, ਇਹ ਪੰਜਾਬ ਦੀ ਸਰਕਾਰ ਆਲਰੇਡੀ ਕਰ ਵੀ ਰਹੀ ਹੈ। ਚਾਹੇ 'ਫਰਿਸ਼ਤੇ' ਸਕੀਮ ਦੀ ਗੱਲ ਕਰ ਲਈਏ, ਜੇਕਰ ਖਜ਼ਾਨੇ ਵਿੱਚ ਵਾਧਾ ਹੋਵੇਗਾ ਤਾਂ ਹੀ ਕਿਤੇ ਪੈਸਾ ਲੱਗੇਗਾ।

ਜਿਹੜੀ ਇਨ੍ਹਾਂ ਨੇ ਸਕੂਟਰ, ਮੋਟਰ ਸਾਈਕਲਾਂ ਦੀ ਗੱਲ ਕੀਤੀ ਹੈ, ਇਨ੍ਹਾਂ ਨੇ ਕਿਹਾ ਹੈ ਕਿ ਇਹ ਟੈਕਸ ਪਹਿਲਾਂ ਨਹੀਂ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਬੜੇ ਯੰਗ ਐਮ.ਐਲ.ਏ. ਹਨ, ਇਹ ਜ਼ਰੂਰ ਚੈੱਕ ਕਰਨ ਕਿ ਪਹਿਲਾਂ 0.25% ਤੋਂ ਲੈ ਕੇ 0.50% ਤੱਕ ਟੈਕਸ ਸੀ, ਜਿਸ ਨੂੰ ਅਸੀਂ 0.25% ਕੀਤਾ ਹੈ। ਅਗਰ ਕਿਸੇ ਨੇ 1 ਲੱਖ ਰੁਪਏ ਦਾ ਕਰਜ਼ਾ ਲੈਣਾ ਹੈ ਤਾਂ ਸਰਕਾਰ ਨੂੰ ਸਿਰਫ 250/- ਰੁਪਏ ਆਵੇਗਾ, ਇਸ ਨਾਲ ਕੀ ਫਾਇਦਾ ਹੋਵੇਗਾ? ਲੋਕਾਂ ਨੂੰ ਲੋਨ ਦੇਣ ਵਾਲੇ ਬਹੁਤ ਸਾਰੇ ਪ੍ਰਾਈਵੇਟ ਬੈਂਕ, ਪ੍ਰਾਈਵੇਟ ਇੰਸਟੀਚਿਊਸ਼ਨ ਹਨ, ਜਿਹੜੇ ਲੋਕਾਂ ਨੂੰ ਲੋਨ ਦਿੰਦੇ ਹਨ, ਉਨ੍ਹਾਂ ਕੋਲ ਰਿਕਾਰਡ ਨਹੀਂ ਮਿਲਦਾ ਅਤੇ ਕੋਰਟ ਵਿੱਚ ਵੀ ਕੋਈ ਰਿਕਾਰਡ ਨਹੀਂ ਪੇਸ਼ ਕੀਤਾ ਜਾਂਦਾ ਅਤੇ ਉਹ ਮਾਲ ਵਿਭਾਗ ਨੂੰ ਵੀ ਕੋਈ ਜਾਣਕਾਰੀ ਨਹੀਂ ਦਿੰਦੇ। ਸਰਕਾਰ ਨੇ 1 ਲੱਖ ਰੁਪਏ ਤੇ ਸਿਰਫ 250/- ਰੁਪਏ ਆਉਣ ਦਾ ਪ੍ਰਬੰਧ ਕੀਤਾ ਹੈ ਕਿ ਲੋਨ ਲੈਣ ਵਾਲੇ ਨਾਲ ਧੋਖਾ ਨਾ ਹੋਵੇ ਅਤੇ ਇਹ ਵੀ ਪ੍ਰਬੰਧ ਕੀਤਾ ਹੈ ਕਿ ਇਹ ਪੈਸਾ ਪੰਜਾਬ ਦੇ ਲੋਕਾਂ ਤੇ ਲੱਗੇ। ਇਹ ਢਾਈ ਸੌ ਰੁਪਿਆ ਵੀ ਪੰਜਾਬ ਦੇ ਲੋਕਾਂ ਤੇ ਹੀ ਲੱਗਣਾ ਹੈ ਅਤੇ ਇਹ ਬਹੁਤ ਅੱਛੀ ਗੱਲ ਹੈ। ਤੁਸੀਂ ਜਾ ਕੇ ਇਸ ਸਬੰਧੀ ਜ਼ਰੂਰ ਪੜ੍ਹੋ । ਧੰਨਵਾਦ ਜੀ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਬੜਾ ਅੱਛਾ ਵਿਸਥਾਰ ਨਾਲ ਦੱਸਿਆ ਹੈ। ਮੇਰੀ ਇੱਕ ਗੁਜ਼ਾਰਿਸ਼ ਹੈ। ਤੁਸੀਂ ਇਹ ਮੇਰੀ ਦੂਜੀ ਸਪਲੀਮੈਂਟਰੀ ਜ਼ਰੂਰ ਗਿਣ ਲੈਣੀ ਹੈ ਪਰ ਮੇਰੀ ਪਹਿਲੀ ਸਪਲੀਮੈਂਟਰੀ ਦਾ ਜਵਾਬ ਨਹੀਂ ਆਇਆ ਹੈ। ਮੈਂ ਵਜ਼ੀਰ ਸਾਹਿਬ ਨੂੰ ਥੋੜ੍ਹਾ ਜਿਹਾ ਕੁਰੈਕਟ ਕਰਦਾ ਹਾਂ। ਮੈਂ

ਕਦੇ ਵੀ ਨਹੀਂ ਕਿਹਾ ਸੀ ਕਿ ਪਹਿਲਾਂ ਕੋਈ ਟੈਕਸ ਨਹੀਂ ਲੱਗਿਆ। ਮੈਂ ਸਾਲ 2022-23 ਦੀ ਅਮੈਂਡਮੈਂਟ ਦੀ ਗੱਲ ਕੀਤੀ ਹੈ।

**ਮਾਣਯੋਗ ਸਪੀਕਰ**: ਨਹੀਂ ਨਹੀਂ, ਮੰਤਰੀ ਜੀ ਨੇ ਕਿਹਾ ਸੀ ਕਿ ਜਿਹੜਾ ਟੈਕਸ ਅਸੀਂ ਘਟਾਇਆ ਹੈ, ਉਸ ਬਾਰੇ ਤੁਸੀਂ ਨਹੀਂ ਦੱਸਿਆ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੇਰੀ ਇੱਕ ਗੁਜ਼ਾਰਿਸ਼ ਹੈ ਕਿ ਮਾਲ ਮਹਿਕਮਾ ਜ਼ਰੂਰ ਭਾਰੀ ਹੋ ਜਾਵੇਗਾ, ਉਸ ਵਿੱਚ ਪੈਸੇ ਜ਼ਰੂਰ ਆ ਜਾਣਗੇ। ਪਾਵਰ ਆਫ ਅਟਾਰਨੀ ਤੇ ਪ੍ਰੋਪਰਟੀ ਟੈਕਸ ਦੋ ਪ੍ਰਤੀਸ਼ਤ ਲਗਾਉਣਾ ਹੈ। ਅਗਰ ਸਿਰਫ ਆਪਾਂ ਦਸਤਾਵੇਜ਼ ਇਕੱਠਾ ਕਰਨ ਤੇ ਹੀ ਟੈਕਸ ਲਗਾਉਣਾ ਹੈ ਤਾਂ ਇਸ ਨੂੰ ਘਟਾ ਕੇ 1% ਕਰ ਦਿੱਤਾ ਜਾਵੇ। ਆਪਾਂ ਕਿਉਂ ਦੋ ਪ੍ਰਤੀਸ਼ਤ ਦਾ ਬੋਝ ਜਾਂ 500 ਕਰੋੜ ਰੁਪਏ ਦਾ ਬੋਝ ਪੰਜਾਬੀਆਂ ਤੇ ਪਾਉਣਾ ਚਾਹੁੰਦੇ ਹਾਂ? ਸਰ, ਇਸ ਵਿੱਚ ਲੱਖ ਰੁਪਏ ਜਾਂ ਢਾਈ ਸੌ ਰੁਪਏ ਦਾ ਇਸ਼ੂ ਨਹੀਂ ਹੈ। ਜਦੋਂ ਕਿਸੇ ਨੇ ਘਰ ਬਣਾਉਣਾ ਹੈ, ਜੇ ਘਰ ਦੇ ਉਤੇ ਤੀਹ ਲੱਖ ਰੁਪਏ ਦਾ ਕਰਜ਼ਾ ਲੈਣਾ ਹੈ ਤਾਂ ਫਿਰ ਤੁਸੀਂ ਉਸ ਨੂੰ ਮਲਟੀਪਲਾਈ ਕਰਕੇ ਦੇਖ ਲਓ ਕਿ ਟੈਕਸ ਕਿੰਨਾ ਬਣ ਜਾਂਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਮੈਨੂੰ ਸਵਾਲ ਦਾ ਜਵਾਬ ਤਾਂ ਪੁੱਛ ਲੈਣ ਦਿਓ।

**ਮਾਣਯੋਗ ਸਪੀਕਰ**: ਨਹੀਂ ਨਹੀਂ, ਕੀ ਇਕੱਲਿਆਂ ਤੁਹਾਡਾ ਹੀ ਜਵਾਬ ਲੈਣਾ ਹੈ, 20 ਪ੍ਰਸ਼ਨ ਲੱਗੇ ਹੋਏ ਹਨ। ਤੁਸੀਂ ਬੈਠੋ। Please sit down, sit down. ਬੈਠੋ ਤੁਸੀਂ, this is not a way. ਤੁਸੀਂ ਡਿਸਕਸ਼ਨ ਸ਼ੁਰੂ ਕਰ ਦਿੰਦੇ ਹੋ। ਕੁਐਸਚਨ ਆਵਰ ਦੀ ਇੱਕ ਮਰਿਆਦਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ**: ਸਰ, ਕੀ ਮਰਿਆਦਾ ਹੈ ਜੀ, ਮੈਨੂੰ ਮਰਿਆਦਾ ਦੱਸ ਦਿਓ। ਤੁਸੀਂ ਰੂਲਿੰਗ ਦੇ ਦਿਓ ਜੀ।

**ਮਾਣਯੋਗ ਸਪੀਕਰ**: ਮੈਂ ਉਹ ਵੀ ਦੱਸ ਸਕਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡੇ esteemed ਮੈਂਬਰ ਇਹ ਕਹਿਣਾ ਚਾਹੁੰਦੇ ਸੀ ਕਿ ਸਰਕਾਰ ਨੇ ਪਹਿਲਾਂ ਬਿਆਨ ਦਿੱਤੇ ਸੀ ਕਿ ਕੋਈ ਟੈਕਸ ਨਹੀਂ ਲਗਾਵਾਂਗੇ। ਇਸ ਬਾਰੇ ਬਜਟ ਵਿੱਚ ਕੁਝ ਨਹੀਂ ਆਇਆ ਹੈ ਪਰ ਇਨਡਾਇਰੈਕਟਲੀ ਇਹ ਟੈਕਸ ਇਨਕਲੂਡ ਕਰ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ:** ਕੀ ਤੁਹਾਡਾ ਕੋਈ ਪ੍ਰਸ਼ਨ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਾਂ ਜੀ, ਮੇਰਾ ਪ੍ਰਸ਼ਨ ਹੈ। ਮੇਰਾ ਮੰਤਰੀ ਸਾਹਿਬ ਨੂੰ ਸਵਾਲ ਸਕੂਟਰ, ਮੋਟਰਸਾਇਕਲ ਤੇ ਘਰਾਂ ਸਬੰਧੀ ਹੈ। ਮੈਨੂੰ ਬਹੁਤ ਸਾਰੇ ਇੰਡਸਟ੍ਰੀਅਲਿਸਟਸ ਨੇ ਫੋਨ ਕੀਤਾ ਹੈ ਤੇ ਜਲੰਧਰ ਦੇ ਹੀ ਮੇਰੇ ਦੋਸਤ ਨੇ ਦੱਸਿਆ ਹੈ ਕਿ ਸਾਡੇ ਕੋਲ ਵਰਕਿੰਗ ਕੈਪੀਟਲ 100 ਕਰੋੜ ਰੁਪਏ ਹੈ ਅਤੇ ਅਸੀਂ ਪੰਜ ਕਰੋੜ ਰੁਪਏ ਦਾ ਵਾਧਾ ਬੈਂਕ ਤੋਂ ਮੰਗਿਆ ਹੈ। ਉਨ੍ਹਾਂ ਕਿਹਾ ਕਿ ਠੀਕ ਹੈ ਜੀ, ਤੁਸੀਂ 100 ਕਰੋੜ ਰੁਪਏ ਆਲਰੇਡੀ ਲੈਂਦੇ ਹੋ, ਅਸੀਂ 5 ਕਰੋੜ ਰੁਪਏ ਦੇ ਦਿਆਂਗੇ ਪਰ ਹੁਣ ਕੀ ਹੋ ਰਿਹਾ ਹੈ ਕਿ ਸਟੈਂਪ ਡਿਊਟੀ 105 ਕਰੋੜ ਰੁਪਏ ਤੇ ਹੀ ਪੈਂਦੀ ਹੈ ਬਜਾਏ ਕਿ ਪੰਜ ਕਰੋੜ ਤੇ 0.25% ਸਟੈਂਪ ਡਿਊਟੀ ਆਏ। Now they are charging on the whole amount. ਇੰਡਸਟਰੀਲਿਸਟ ਦੀ ਜੇ ਆਪਾਂ ਮਦਦ ਕਰਾਂਗੇ ਤਾਂ ਹੀ ਉਹ ਇੱਥੇ ਟਿਕੇਗਾ। ਇਹ ਬਹੁਤ ਹੈਵੀ ਅਮਾਊਂਟ ਹੈ। ਜਿਹੜਾ ਪੁਰਾਣਾ ਵੀ ਚੱਲ ਰਿਹਾ ਹੈ, ਉਸ ਤੇ ਵੀ ਨਵੇਂ ਸਿਰਿਓਂ ਸਟੈਂਪ ਡਿਊਟੀ ਲੈ ਰਹੇ ਹਨ। ਕਾਈਂਡਲੀ ਇਹ ਪੁਰਾਣੇ ਵਾਲੇ ਤੇ ਨਾ ਲਗਾਓ ਤੇ ਜਿਹੜਾ ਵਧਾਇਆ ਹੋਇਆ ਵਰਕਿੰਗ ਕੈਪੀਟਲ ਹੈ, ਉਸ ਤੇ ਸਟੈਂਪ ਡਿਊਟੀ ਲਾ ਲਓ। ਮੇਰਾ ਇਹ ਸੁਜੈਸ਼ਨ ਹੈ।

**ਮਾਣਯੋਗ ਸਪੀਕਰ**: ਮੈਂ ਇਸ ਵਿੱਚ ਇੱਕ ਇੰਟਰਐਕਸ਼ਨ ਕਰਨੀ ਚਾਹੁੰਦਾ ਹਾਂ ਕਿ ਇਹ ਤਾਂ ਮੁਖਤਿਆਰਨਾਮੇ ਦੀ ਗੱਲ ਹੋ ਗਈ ਪਰ ਜਿਹੜੇ ਆਪਾਂ ਇਕਰਾਰਨਾਮੇ ਕਰਦੇ ਹਾਂ ਉਹ ਤਾਂ ਕਈ ਵਾਰੀ ਮਲਟੀਪਲ ਹੋ ਜਾਂਦੇ ਹਨ। ਇਸ ਤਰ੍ਹਾਂ ਹੋਣ ਨਾਲ ਬੜੀਆਂ ਠੱਗੀਆਂ ਵੱਜਦੀਆਂ ਹਨ, ਉਸ ਦੇ ਬਹੁਤ ਝਗੜੇ ਹਨ ਤੇ ਬਹੁਤ ਵੱਡੀ ਲਿਟੀਗੇਸ਼ਨ ਹੁੰਦੀ ਹੈ ਤੇ ਆਮ ਗਰੀਬ ਲੋਕਾਂ ਨੂੰ ਇਸ ਵਿੱਚ ਫਸਾ ਲਿਆ ਜਾਂਦਾ ਹੈ। ਸੋ, ਮੰਤਰੀ ਜੀ, ਇਸ ਬਾਰੇ ਕੋਈ ਰਜਿਸਟ੍ਰੇਸ਼ਨ ਕੀਤੀ ਜਾਵੇ ਤਾਂ ਜੋ ਇਹ ਵਿਜ਼ੀਬਲ ਹੋਵੇ ਫੇਰ ਇਹ ਠੀਕ ਰਹੇਗਾ।

———

## ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣਾ

***1035. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਕੀ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਸਨੌਰ ਅੰਦਰ ਜੰਗਲਾਤ ਦੇ ਚਾਰੇ ਪਾਸੇ ਕੰਡਿਆਲੀ ਤਾਰ ਲਗਾਉਣ ਦਾ ਕੋਈ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) :** ਸ਼੍ਰੀਮਾਨ ਜੀ, ਸਨੌਰ ਹਲਕੇ ਵਿੱਚ ਵਣ ਵਿਭਾਗ, ਪੰਜਾਬ ਦੇ ਚਾਰ ਜੰਗਲ - ਬੀੜ ਸਨੌਰ/ ਕਰਤਾਰਪੁਰਾ, ਬੀੜ ਮਝਾਲ, ਬੀੜ ਕੁਲੇਮਾਜਰਾ ਅਤੇ ਬੀੜ ਮੀਰਾਂਪੁਰ ਘੋਗਪੁਰ ਆਉਂਦੇ ਹਨ, ਜਿਨ੍ਹਾਂ ਦਾ ਕੁੱਲ ਰਕਬਾ 1022.11 ਹੈਕਟੇਅਰ ਹੈ। ਇਨ੍ਹਾਂ ਵਿੱਚੋਂ ਤਿੰਨ ਜੰਗਲ ਬੀੜ ਸਨੌਰ/ ਕਰਤਾਰਪੁਰਾ, ਬੀੜ ਮਝਾਲ ਅਤੇ ਬੀੜ ਕੁਲੇਮਾਜਰਾ ਦੇ ਆਲੇ ਦੁਆਲੇ 493.80 ਲੱਖ ਰੁਪਏ ਦੀ ਲਾਗਤ ਨਾਲ 28,400 ਰੰਨਿਗ ਮੀਟਰ ਤਾਰ ਲਗਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਬੀੜ ਕੁਲੇਮਾਜਰਾ ਵਿੱਚ 17.5 ਹੈਕਟੇਅਰ ਰਕਬੇ ਵਿੱਚ ਤਾਰ ਲਗਾਉਣ ਦਾ ਕੰਮ ਇਸ ਵਿੱਤੀ ਸਾਲ ਦੌਰਾਨ ਮੁਕੰਮਲ ਕਰ ਲਿਆ ਜਾਵੇਗਾ। ਜਿੱਥੋਂ ਤੱਕ ਬੀੜ ਮੀਰਾਂਪੁਰ ਘੋਗਪੁਰ ਵਿਖੇ ਫੈਂਸਿੰਗ ਕਰਵਾਉਣ ਦਾ ਸਬੰਧ ਹੈ, ਇਹ ਕੰਮ ਫੰਡਜ਼ ਦੀ ਉਪਲਬਧਤਾ ਅਨੁਸਾਰ ਕਰਵਾਇਆ ਜਾਵੇਗਾ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ:** ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਤਾਰ ਲਗਾਉਣ ਲੱਗੇ ਹਨ, ਉਹ ਬਿਲਕੁਲ ਉੱਪਰ-ਉੱਪਰ ਲਗਾ ਰਹੇ ਹਨ। ਮੈਂ ਦੋ-ਤਿੰਨ ਵਾਰ ਉਨ੍ਹਾਂ ਦੀ ਚੈਕਿੰਗ ਕਰਕੇ ਆਇਆ ਹਾਂ। ਤਾਰ ਲਗਾਉਣ ਵਾਲੇ ਕਹਿੰਦੇ ਹਨ ਕਿ ਇਸ ਦੇ ਫੰਡਜ਼ ਹੀ ਇੰਨੇ ਆਏ ਹਨ। ਧਰਤੀ ਤੇ ਹੀ ਤਾਰ ਨੂੰ ਲਗਾ ਰਹੇ ਹਨ। ਮੇਰਾ ਖਿਆਲ ਹੈ ਕਿ ਜਿਸ ਦਿਨ ਪਾਣੀ ਆਇਆ ਤਾਂ ਉਸ ਨੇ ਪੰਜ ਮਿੰਟ ਵਿੱਚ ਹੀ ਡਿੱਗ ਪੈਣਾ ਹੈ। ਉਸ ਦੇ ਥੱਲੇ ਨੀਂਹ ਮਜ਼ਬੂਤ ਨਹੀਂ ਹੋ ਰਹੀ, ਉਸ ਨੂੰ ਬਿਲਕੁਲ ਧਰਤੀ ਤੇ ਹੀ ਲਗਾਇਆ ਜਾ ਰਿਹਾ ਹੈ। ਜਦੋਂ ਮੈਂ ਇਸ ਸਬੰਧੀ ਪੁੱਛਿਆ ਤਾਂ ਦੱਸਿਆ ਗਿਆ ਕਿ ਇਹ ਪਾਸ ਹੀ ਇੰਨਾ ਹੋਇਆ ਹੈ। ਸਪੀਕਰ ਸਾਹਿਬ, ਉਸ ਤੋਂ ਚੰਗਾ ਹੈ ਕਿ ਲਗਾਇਆ ਹੀ ਨਾ ਜਾਵੇ। ਜੇ ਲਗਾਉਣੀ ਹੈ ਤਾਂ ਇਸ ਤਰ੍ਹਾਂ ਲਗਾਈ ਜਾਵੇ ਕਿ ਉਹ ਕੁਝ ਸਮਾਂ ਤਾਂ ਕੱਢ ਦੇਵੇ। ਇਸ ਲਈ ਉਸ ਦੀ ਚੈਕਿੰਗ ਕੀਤੀ ਜਾਵੇ ਜੀ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਤਾਰ ਦੀ ਵਾੜ ਕਰਨ ਦੀ ਗੱਲ ਹੋਈ ਹੈ ਅਤੇ ਮੰਤਰੀ ਜੀ ਨੇ ਕਿਹਾ ਹੈ ਕਿ ਇਸ ਵਾਸਤੇ 28 ਕਰੋੜ ਰੁਪਏ ਹਨ, ਸਾਡੇ ਵਿਧਾਇਕ ਸਾਹਿਬ ਨੇ ਕਿਹਾ ਹੈ ਕਿ ਉਹ ਤਾਰ ਉੱਪਰ ਲਗਾ ਰਹੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਤਾਰ ਜਿੱਥੇ ਮਰਜ਼ੀ ਲਗਾ ਲਵੋ ਲੇਕਿਨ ਸੂਰ ਨਹੀਂ ਰੁਕਣੇ। ਜੇਕਰ ਸਰਕਾਰ ਇਸ ਮਸਲੇ ਨੂੰ ਸੀਰੀਅਸਲੀ ਲੈਂਦੀ ਹੈ ਅਤੇ ਹੱਲ ਦੇਣਾ ਚਾਹੁੰਦੀ ਹੈ ਤਾਂ ਇਸ ਦੀ ਇਲੈਕਟ੍ਰੀਕਲ ਫੈਂਸਿੰਗ ਹੀ ਇੱਕੋ ਤਰੀਕਾ ਹੈ। ਤੁਹਾਡੀਆਂ ਤਾਰਾਂ ਨੇ ਕੋਈ ਕੰਮ ਨਹੀਂ ਕਰਨਾ ਹੈ। ਮੇਰੀ ਬੇਨਤੀ ਹੈ ਕਿ ਜੇ ਅਸੀਂ ਇਲੈਕਟ੍ਰੀਕਲ ਫੈਂਸਿੰਗ ਕਿਲੋਮੀਟਰ ਜਾਂ ਦੋ ਕਿਲੋਮੀਟਰ ਕਰਨੀ ਹੋਵੇ ਤਾਂ 10 ਲੱਖ ਰੁਪਏ ਪ੍ਰਤੀ ਕਿਲੋਮੀਟਰ ਰੇਟ ਹੈ। ਜੇ ਜ਼ਿਆਦਾ ਆਰਡਰ ਕਰਨਾ ਹੋਵੇ ਤਾਂ ਫਿਰ ਕਿਤੇ ਰੇਟ ਸਸਤਾ ਹੋ ਜਾਵੇਗਾ। ਪਹਿਲਾਂ ਤਾਂ ਉਸ ਦੇ ਕਿਲੋਮੀਟਰ ਨਾਪ ਲਵੋ, ਫਿਰ 28 ਕਰੋੜ ਰੁਪਏ ਨਾਲ ਗੁਣਾ/ਭਾਗ ਕਰ ਲਵੋ। ਫਿਰ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਕੰਮ ਠੀਕ ਕਰ ਰਹੇ ਹਾਂ ਜਾਂ ਗਲਤ। ਮੇਰੀ ਬੇਨਤੀ ਹੈ ਕਿ ਇਲੈਕਟ੍ਰੀਕਲ ਫੈਂਸਿੰਗ ਹੀ ਇੱਕੋ ਤਰੀਕਾ ਹੈ।

**ਮੰਤਰੀ :** ਮਾਣਯੋਗ ਮੈਂਬਰ ਸਾਹਿਬ, 28 ਕਰੋੜ ਰੁਪਏ ਨਹੀਂ, ਇਸ ਲਈ 4 ਕਰੋੜ 93 ਲੱਖ 80 ਹਜ਼ਾਰ ਰੁਪਏ ਦੀ ਰਕਮ ਪਾਸ ਹੋਈ ਹੈ। ਬਾਕੀ ਮੈਂਬਰ ਸਾਹਿਬ ਨੇ ਇਲੈਕਟ੍ਰੀਕਲ ਫੈਂਸਿੰਗ ਵਾਲੀ ਗੱਲ ਕੀਤੀ ਹੈ, ਇਸ ਬਾਰੇ ਮੰਤਰੀ ਸਾਹਿਬ ਨਾਲ ਵਿਚਾਰ ਬਣਾ ਕੇ ਡਿਸਾਈਡ ਕੀਤਾ ਜਾਵੇਗਾ ਕਿ ਵਾਕਿਆ ਹੀ ਇੱਥੇ ਇਲੈਕਟ੍ਰੀਕਲ ਫੈਂਸਿੰਗ ਹੋਣੀ ਚਾਹੀਦੀ ਹੈ, ਜਿਸ ਦੇ ਨਾਲ ਕਿਸਾਨ ਦਾ ਨੁਕਸਾਨ ਨਾ ਹੋਵੇ। ਬਾਕੀ ਜਿਹੜੇ ਪਠਾਨਮਾਜਰਾ ਸਾਹਿਬ ਦੇ ਹਲਕੇ ਵਿੱਚ ਜੰਗਲ ਹਨ, ਜਿੰਨਾ ਵੀ ਇਨ੍ਹਾਂ ਦਾ ਕੰਮ ਪੈਂਡਿੰਗ ਹੈ, ਉਹ ਕੀਤਾ ਜਾਵੇਗਾ। ਜਿਹੜੀ ਇਨ੍ਹਾਂ ਨੇ ਉੱਪਰਲੇ ਪਾਸੇ ਤਾਰ ਲਗਾਉਣ ਦੀ ਗੱਲ ਕੀਤੀ ਹੈ, ਉਹ ਵਾਕਿਆ ਹੀ ਇਨ੍ਹਾਂ ਦੀ ਗੱਲ ਸਹੀ ਹੈ, ਨੀਂਹ ਪੁੱਟ ਕੇ ਤਾਰ ਲਗਾਉਣੀ ਚਾਹੀਦੀ ਹੈ ਤਾਂ ਕਿ ਨੁਕਸਾਨ ਰੁਕੇ ਅਤੇ ਫੈਂਸਿੰਗ ਲੰਬਾ ਸਮਾਂ ਚੱਲੇ। ਉਹ ਮਹਿਕਮੇ ਨਾਲ ਵਿਚਾਰ ਕਰਕੇ ਠੀਕ ਕਰਵਾਉਂਦੇ ਹਾਂ।

———

## ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿੱਚੋਂ ਜੱਚਾ ਬੱਚਾ ਕੇਂਦਰ ਨੂੰ ਸ਼ਿਫਟ ਕਰਨਾ

∗**1087. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿਖੇ ਜੱਚਾ ਬੱਚਾ ਕੇਂਦਰ ਨੂੰ ਨਾਲ ਲੱਗਦੇ ਬੀ.ਡੀ.ਪੀ.ਓ. ਦਫਤਰ ਵਿਖੇ ਸ਼ਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਸ ਨੂੰ ਬੀ.ਡੀ.ਪੀ.ਓ. ਦਫਤਰ ਵਿਖੇ ਕਦੋਂ ਤੱਕ ਸ਼ਿਫਟ ਕਰ ਦਿੱਤਾ ਜਾਵੇਗਾ?

**ਮਾਣਯੋਗ ਸਪੀਕਰ:** ਇਸ ਪ੍ਰਸ਼ਨ ਦਾ ਜਵਾਬ ਦੇਣ ਲਈ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ, ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਅਥਾਰਟੀ ਦਿੱਤੀ ਗਈ ਹੈ।

**ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਨਹੀਂ, ਸ੍ਰੀਮਾਨ ਜੀ, ਹਾਲ ਦੀ ਘੜੀ ਡੇਰਾਬੱਸੀ ਵਿਖੇ ਪੈਂਦੇ ਸਰਕਾਰੀ ਹਸਪਤਾਲ ਵਿਖੇ ਜੱਚਾ ਬੱਚਾ ਕੇਂਦਰ ਨੂੰ ਨਾਲ ਲੱਗਦੇ ਬੀ.ਡੀ.ਪੀ.ਓ. ਦਫਤਰ ਵਿਖੇ ਸ਼ਿਫਟ ਕਰਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਡੇਰਾਬੱਸੀ ਹਲਕਾ ਪੰਜਾਬ ਦਾ ਸਭ ਤੋਂ ਵੱਡਾ ਹਲਕਾ ਬਣ ਚੁੱਕਾ ਹੈ। ਇੱਕੋ ਜੱਚਾ ਬੱਚਾ ਕੇਂਦਰ ਡੇਰਾਬੱਸੀ ਸਿਵਲ ਹਸਪਤਾਲ ਵਿੱਚ ਮਨਜ਼ੂਰ ਹੋਇਆ ਸੀ। ਇਸ ਕੇਂਦਰ ਲਈ 10 ਕਰੋੜ ਰੁਪਏ ਆਇਆ ਵੀ ਸੀ ਪਰ ਇਹ ਅਫਸਰਾਂ ਦੀ ਨਲਾਇਕੀ ਕਰਕੇ ਵਾਪਸ ਹੋ ਗਿਆ ਹੈ। ਮਾਨ ਸਾਹਿਬ ਤੇ ਸਾਰੀ ਸਰਕਾਰ ਇੰਨੀ ਮਿਹਨਤ ਕਰਕੇ ਕੰਮ ਕਰ ਰਹੀ ਹੈ ਪਰ ਰਿਜ਼ਲਟ ਕੁਝ ਅੱਛਾ ਨਹੀਂ ਆ ਰਿਹਾ ਹੈ। ਮੈਨੂੰ ਇਸ ਗੱਲ ਦਾ ਦੁਖ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜੱਚਾ ਬੱਚਾ ਕੇਂਦਰ ਅਤੇ ਬੀ.ਡੀ.ਪੀ.ਓ. ਦਫਤਰ ਦੀ ਜਗ੍ਹਾ ਐਕਸਚੇਂਜ ਕਰਵਾਉਣੀ ਸੀ, ਅਸੀਂ ਉਹ ਪ੍ਰਾਸੈਸ ਵੀ ਕੰਪਲੀਟ ਕਰ ਲਿਆ ਹੈ। ਕੀ ਮੰਤਰੀ ਸਾਹਿਬ ਦੱਸ ਸਕਦੇ ਹਨ ਕਿ ਕਦੋਂ ਤੱਕ ਜੱਚਾ ਬੱਚਾ ਕੇਂਦਰ ਡੇਰਾਬੱਸੀ ਵਿਖੇ ਬਣ ਜਾਵੇਗਾ? ਸਰਕਾਰ ਦੀ ਕੀ ਤਜਵੀਜ਼ ਹੈ? ਜਦੋਂ ਕਿ ਪੰਜਾਬ ਵਿੱਚ ਜਿੱਥੇ ਵੀ ਕਿਤੇ ਡੇਢ-ਪੌਣੇ ਦੋ ਲੱਖ ਵੋਟ ਵਾਲੇ ਹਲਕੇ ਹਨ, ਉਨ੍ਹਾਂ ਸਾਰਿਆਂ ਵਿੱਚ ਹੀ ਜੱਚਾ ਬੱਚਾ ਕੇਂਦਰ ਸਥਾਪਿਤ ਹਨ। ਡੇਰਾਬੱਸੀ ਹਲਕੇ ਵਿੱਚ ਸਵਾ ਤਿੰਨ ਲੱਖ ਦੇ ਕਰੀਬ ਵੋਟ ਹੋ ਗਈ

ਹੈ। ਕਿਰਪਾ ਕਰਕੇ ਮੰਤਰੀ ਜੀ ਇਹ ਦੱਸਣ ਕਿ ਡੇਰਾਬੱਸੀ ਵਿੱਚ ਜੱਚਾ ਬੱਚਾ ਕੇਂਦਰ ਕਦੋਂ ਤੱਕ ਬਣਾਇਆ ਜਾਵੇਗਾ?

**ਮਾਣਯੋਗ ਸਪੀਕਰ:** ਤੁਹਾਡਾ ਜਵਾਬ ਆ ਗਿਆ ਹੈ। ਹੁਣ ਸਬੰਧਿਤ ਮੰਤਰੀ ਖੁਦ ਹਾਜ਼ਰ ਨਹੀਂ ਹਨ। ਬਾਕੀ ਤੁਸੀਂ ਮਿਲ ਕੇ ਗੱਲ ਕਰ ਲੈਣਾ।

---

## ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਦੀਆਂ ਅਸਾਮੀਆਂ ਦੇ ਵੇਰਵੇ

***1038. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਦੇ ਬਿਜਲੀ ਵਿਭਾਗ ਨਾਲ ਸਬੰਧਤ ਵੱਖ ਵੱਖ ਕਰਮਚਾਰੀਆਂ/ਅਧਿਕਾਰੀਆਂ ਦੀਆਂ ਕਿੰਨੀਆਂ ਆਸਾਮੀਆਂ ਭਰੀਆਂ ਹਨ, ਕਿੰਨੀਆਂ ਖਾਲੀ ਹਨ ਅਤੇ ਜੋ ਖਾਲੀ ਅਸਾਮੀਆਂ ਹਨ, ਉਨਾਂ ਨੂੰ ਭਰਨ ਲਈ ਸਰਕਾਰ ਵੱਲੋਂ ਕੀ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ** : ਹਲਕਾ ਖਡੂਰ ਸਾਹਿਬ ਅਧੀਨ ਪੈਂਦੇ ਬਿਜਲੀ ਵਿਭਾਗ ਨਾਲ ਸਬੰਧਤ 6 ਕੈਟਾਗਰੀਆਂ ਦੀਆਂ ਭਰੀਆਂ/ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹਨ:

| **ਅਸਾਮੀ ਦਾ ਨਾਮ** | **ਮਨਜ਼ੂਰਸ਼ੁਦਾ** | **ਤੈਨਾਤੀ** | **ਖਾਲੀ ਅਸਾਮੀਆਂ** |
|---|---|---|---|
| ਏ.ਈ.ਈ/ਏ.ਈ | 6 | 4 | 2 |
| ਜੇ.ਈ | 27 | 11 | 16 |
| ਲਾਈਨਮੈਨ | 149 | 103 | 46 |
| ਯੂ.ਡੀ.ਸੀ | 61 | 31 | 30 |
| ਸਹਾਇਕ ਲਾਈਨਮੈਨ | 262 | 49 | 213 |
| ਮਾਲ ਲੇਖਾਕਾਰ/ARA | 6 | 2 | 4 |
| **ਕੁੱਲ** | **511** | **200** | **311** |

ਖਾਲੀ ਪਈਆਂ ਅਸਾਮੀਆਂ ਨੂੰ ਨੇੜਲੇ ਭਵਿੱਖ ਵਿੱਚ ਨਵੀਂ ਭਰਤੀ ਅਤੇ ਤਰੱਕੀ ਰਾਹੀਂ ਯੋਗ ਕਰਮਚਾਰੀਆਂ ਨਾਲ ਭਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਖਾਲੀ ਅਸਾਮੀਆਂ ਨੂੰ ਭਰਨ ਲਈ ਏ.ਐਲ.ਐਮ ਦੀਆਂ 2500 ਅਸਾਮੀਆਂ, ਜੇ.ਈ ਦੀਆਂ 544 ਅਸਾਮੀਆਂ, ਰੈਵੇਨਿਊ ਅਕਾਊਂਟੈਂਟ ਦੀਆਂ 24 ਅਸਾਮੀਆਂ ਆਦਿ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਸ ਅਨੁਸਾਰ ਖਾਲੀ ਅਸਾਮੀਆਂ ਨੂੰ ਜਲਦੀ ਭਰਿਆ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹਲਕੇ ਖਡੂਰ ਸਾਹਿਬ ਵਿੱਚ ਜੋ ਵੀ ਮਨਜ਼ੂਰਸ਼ੁਦਾ ਅਸਾਮੀਆਂ ਦੀ ਤੈਨਾਤੀ ਹੈ, ਉਸ ਦੀ ਲਿਸਟ ਲੰਬੀ ਹੈ, ਜੋ ਕਿ ਮੈਂਬਰ ਸਾਹਿਬ ਨੂੰ ਪ੍ਰੋਵਾਈਡ ਕੀਤੀ ਜਾ ਚੁੱਕੀ ਹੈ। ਇਹ ਲਿਸਟ ਇਨ੍ਹਾਂ ਕੋਲ ਹੈ, ਜੇਕਰ ਇਨ੍ਹਾਂ ਦੀ ਕੋਈ ਸਪਲੀਮੈਂਟਰੀ ਹੈ ਤਾਂ ਇਹ ਪੁੱਛ ਸਕਦੇ ਹਨ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਅੱਧੀਆਂ ਤੋਂ ਜ਼ਿਆਦਾ ਅਸਾਮੀਆਂ ਖਾਲੀ ਪਈਆਂ ਹਨ, ਜਿਸ ਨਾਲ ਲੋਕਾਂ ਦਾ ਕੰਮਕਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਇਹ ਗੁਜਾਰਿਸ਼ ਕਰਦਾ ਹਾਂ ਕਿ ਜੇਕਰ ਜ਼ਿਆਦਾ ਨਹੀਂ ਦੇ ਸਕਦੇ ਤਾਂ ਜਿੰਨੀਆਂ ਤੁਸੀਂ ਮੈਨੂੰ ਸੜਕਾਂ ਦਿੱਤੀਆਂ ਹਨ, ਉਨੇ ਬੰਦੇ ਵੀ ਦੇ ਦਿਓ। ਮੇਰਾ ਕੰਮ ਚੱਲ ਜਾਣਾ ਹੈ। ਧੰਨਵਾਦ ਜੀ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਵਿੱਚ 42,900 ਅਸਾਮੀਆਂ ਵੱਖ ਵੱਖ ਮਹਿਕਮਿਆਂ ਵਿੱਚ ਭਰੀਆਂ ਜਾ ਚੁੱਕੀਆਂ ਹਨ। ਜੇਕਰ ਆਪਾਂ ਇਕੱਲੇ ਬਿਜਲੀ ਬੋਰਡ ਦੀ ਗੱਲ ਕਰੀਏ ਤਾਂ 4646 ਅਸਾਮੀਆਂ ਦੀ ਭਰਤੀ ਕੀਤੀ ਹੈ। ਇਸ ਤੋਂ ਇਲਾਵਾ ਇਨ੍ਹਾਂ ਦੀ ਗੱਲ ਠੀਕ ਹੈ ਕਿ ਇਨ੍ਹਾਂ ਦੇ ਹਲਕੇ ਵਿੱਚ ਕਾਫੀ ਅਸਾਮੀਆਂ ਖਾਲੀ ਪਈਆਂ ਹਨ। ਅਸੀਂ ਇਸ ਵਾਸਤੇ 2500 ਏ.ਐਲ.ਐਮ. ਦੀ ਐਡ ਦਿੱਤੀ ਹੋਈ ਹੈ। ਜੇ.ਈ. ਦੀਆਂ ਹੋਰ 544 ਅਸਾਮੀਆਂ ਦੀ ਭਰਤੀ ਕਰਨ ਵਾਸਤੇ ਐਡ ਦਿੱਤੀ ਹੋਈ ਹੈ। ਮਾਲ ਲੇਖਾਕਾਰ ਦੀਆਂ 24 ਅਸਾਮੀਆਂ ਵਾਸਤੇ ਐਡ ਦਿੱਤੀ ਹੋਈ ਹੈ। ਭਰਤੀ ਦੀ ਪ੍ਰਕ੍ਰਿਆ ਚੱਲ ਰਹੀ ਹੈ।

ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਬਿਜਲੀ ਵਿਭਾਗ ਵਿੱਚ ਜਲਦੀ ਹੀ ਭਰਤੀਆਂ ਕੀਤੀਆਂ ਜਾਣ। ਅਸੀਂ ਜਲਦ ਭਰਤੀਆਂ ਕਰਕੇ ਸਾਰੀਆਂ ਖਾਲੀ ਅਸਾਮੀਆਂ ਭਰ ਦੇਵਾਂਗੇ ਜੀ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਜਲਦ ਹੀ ਅਸਾਮੀਆਂ ਭਰਨ ਦਾ ਵਿਸ਼ਵਾਸ ਦਿਵਾਇਆ ਹੈ।

---

## ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣਾ

***1047. ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਲੁਧਿਆਣਾ ਦੱਖਣੀ ਵਿਖੇ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ਼੍ਰੀ ਬ੍ਰਮ ਸ਼ੰਕਰ:** ਨਹੀਂ ਜੀ। ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਇਸ ਤਰ੍ਹਾਂ ਦੀ ਮਾਲ ਵਿਭਾਗ ਕੋਲ ਕੋਈ ਤਜਵੀਜ਼ ਨਹੀਂ ਹੈ ਕਿਉਂਕਿ ਇਹ ਜ਼ਿਲ੍ਹਾ ਡਿਪਟੀ ਕਮਿਸ਼ਨਰ ਵੱਲੋਂ ਆਉਂਦੀ ਹੈ। ਸਰ, ਹਾਲੇ ਤੱਕ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਜਵਾਬ ਨਾਂਹ ਪੱਖੀ ਹੈ ਲੇਕਿਨ ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਡੀ.ਸੀ. ਸਾਹਿਬ ਨੂੰ ਹਦਾਇਤ ਕਰਕੇ ਵੇਰਵੇ ਮੰਗਵਾਏ ਜਾਣ ਤਾਂ ਕਿ ਲੋਕਾਂ ਨੂੰ ਇੱਕ ਬਹੁਤ ਵੱਡੀ ਰਾਹਤ ਦਿੱਤੀ ਜਾ ਸਕੇ।

**ਮਾਣਯੋਗ ਸਪੀਕਰ:** ਠੀਕ ਹੈ ਜੀ। ਇਹ ਤਾਂ ਸਵਾਲ ਨਹੀਂ ਸੀ, ਇਹ ਇੱਕ ਸੁਜੈਸ਼ਨ ਹੈ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1097

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਦੀ ਗਿਣਤੀ**

***1073. ਸਰਦਾਰ ਕਰਮਬੀਰ ਸਿੰਘ:** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਵਿੱਚ ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਕੁੱਲ ਕਿੰਨੇ ਵੈਟਰਨਰੀ ਹਸਪਤਾਲ ਅਤੇ ਡਿਸਪੈਂਸਰੀਆਂ ਹਨ ਅਤੇ ਕਿੰਨੀਆਂ ਦੀ ਹਾਲਤ ਖਰਾਬ ਹੈ ਅਤੇ ਕਿੰਨੀਆਂ ਦੀ ਹਾਲਤ ਠੀਕ ਹੈ; ਕੀ ਇਨ੍ਹਾਂ ਖਰਾਬ ਹਾਲਤ ਹਸਪਤਾਲਾਂ ਨੂੰ ਠੀਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਆਪਣੇ ਹਲਕੇ ਦੇ ਦੋ ਬਲਾਕ- ਦਸੂਹਾ ਅਤੇ ਤਲਵਾੜਾ ਦੇ ਹਸਪਤਾਲਾਂ ਦੀ ਗੱਲ ਕੀਤੀ ਹੈ। ਹਲਕਾ ਦਸੂਹਾ ਦੇ ਬਲਾਕ ਦਸੂਹਾ ਅਤੇ ਤਲਵਾੜਾ ਵਿੱਚ ਸਿਵਲ ਪਸ਼ੂ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

**ਹਲਕਾ ਦਸੂਹਾ**

| | **ਬਲਾਕ ਦਸੂਹਾ** | | **ਬਲਾਕ ਤਲਵਾੜਾ** | |
|---|---|---|---|---|
| | **ਸਿਵਲ ਪਸ਼ੂ ਹਸਪਤਾਲ** | **ਸਿਵਲ ਪਸ਼ੂ ਡਿਸਪੈਂਸਰੀ** | **ਸਿਵਲ ਪਸ਼ੂ ਹਸਪਤਾਲ** | **ਸਿਵਲ ਪਸ਼ੂ ਡਿਸਪੈਂਸਰੀ** |
| **ਕੁੱਲ ਸੰਸਥਾਵਾਂ** | **7** | **9** | **6** | **4** |
| ਮੁਰੰਮਤਯੋਗ/ਖਸਤਾ ਹਾਲਤ ਸੰਸਥਾਵਾਂ | 3 | 4 | 3 | 2 |
| ਠੀਕ ਹਾਲਤ ਸੰਸਥਾਵਾਂ | 4 | 5 | 3 | 2 |

ਹਾਂ ਜੀ, ਇਨ੍ਹਾਂ ਖਸਤਾ ਹਾਲਤਾਂ ਵਾਲੇ 6 ਸਿਵਲ ਪਸ਼ੂ ਹਸਪਤਾਲਾਂ ਅਤੇ 6 ਸਿਵਲ ਪਸ਼ੂ ਡਿਸਪੈਂਸਰੀਆਂ ਨੂੰ ਠੀਕ/ਰਿਪੇਅਰ ਕਰਨ ਦੀ ਪ੍ਰਕ੍ਰਿਆ ਕਾਰਵਾਈ ਅਧੀਨ ਹੈ ਅਤੇ ਇਨ੍ਹਾਂ ਨੂੰ ਛੇਤੀ ਠੀਕ ਕਰਵਾ ਦਿਆਂਗੇ।

**ਮਾਣਯੋਗ ਸਪੀਕਰ:** ਮੈਂਬਰ ਸਾਹਿਬ, ਕੁਝ ਕਹਿਣਾ ਹੈ?

**ਸਰਦਾਰ ਕਰਮਬੀਰ ਸਿੰਘ:** ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਦੋ ਪਿੰਡ ਝਿੰਗੜ ਕਲਾਂ ਅਤੇ ਬੋਦਲ ਵਿੱਚ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ ਪਰ ਉਨ੍ਹਾਂ ਕੋਲ ਬਿਲਡਿੰਗ ਨਹੀਂ ਹੈ। ਕਿਸੇ ਪੰਚਾਇਤ ਘਰ ਜਾਂ ਕਿਸੇ ਹੋਰ ਜਗ੍ਹਾ ਤੇ ਡਿਸਪੈਂਸਰੀਆਂ ਬਣਾ ਕੇ ਕੰਮ ਚਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਤਲਵਾੜਾ ਦੇ ਪਿੰਡ ਅਮਰੋਹ

ਵਿਖੇ ਬਹੁਤ ਪੁਰਾਣਾ ਹਸਪਤਾਲ ਹੈ ਪਰ ਉਸ ਦੀ ਹਾਲਤ ਬਹੁਤ ਮਾੜੀ ਹੈ। ਉੱਥੇ ਬਿਲਡਿੰਗ ਡਿੱਗਣ ਵਾਲੇ ਹਾਲਾਤ ਹੋਏ ਪਏ ਹਨ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਬਿਲਡਿੰਗਾਂ ਨੂੰ ਠੀਕ ਕਰਵਾਉਣ ਦੇ ਕੰਮ ਨੂੰ ਕਦੋਂ ਤੱਕ ਅਮਲ ਵਿੱਚ ਲਿਆ ਕੇ ਠੀਕ ਕਰਵਾ ਦਿੱਤਾ ਜਾਵੇਗਾ। ਕਿਰਪਾ ਕਰਕੇ ਇਸ ਨੂੰ ਟਾਈਮ ਬਾਊਂਡ ਕਰ ਦਿਓ ਜੀ।

**ਮੰਤਰੀ:** ਸਪੀਕਰ ਸਾਹਿਬ, ਇਸ ਦੇ ਕੁਝ ਐਸਟੀਮੇਟਸ ਤਾਂ ਬਣੇ ਹੋਏ ਹਨ। ਜਿਹੜਾ ਪਿੰਡ ਇਨ੍ਹਾਂ ਦੇ ਹਲਕੇ ਵਿੱਚ ਆਉਂਦਾ ਹੈ, ਉਸ ਲਈ 23 ਲੱਖ 6 ਹਜ਼ਾਰ ਰੁਪਏ ਅਤੇ ਪਿੰਡ ਬਾਜਾਚੱਕ ਲਈ 3 ਲੱਖ 7 ਹਜ਼ਾਰ ਰੁਪਏ, ਬੋਦਲ ਪਿੰਡ ਵਿੱਚ ਸਾਢੇ ਪੱਚੀ ਲੱਖ ਰੁਪਏ ਦੇ ਲਗਭਗ ਅਤੇ ਇਸੇ ਤਰ੍ਹਾਂ ਮਾਂਗਟ ਪਿੰਡ ਲਈ 22 ਲੱਖ 79 ਹਜ਼ਾਰ ਰੁਪਏ ਅਤੇ ਅਮਰੋਹ ਪਿੰਡ ਲਈ 23 ਲੱਖ 59 ਹਜ਼ਾਰ ਰੁਪਏ ਦਾ ਐਸਟੀਮੇਟ ਬਣਿਆ ਹੋਇਆ ਹੈ। ਇਹ ਐਸਟੀਮੇਟ ਬਣਾ ਕੇ ਦੇ ਦਿੱਤੇ ਗਏ ਹਨ ਅਤੇ ਕੰਮ ਵੀ ਜਲਦੀ ਹੋ ਜਾਵੇਗਾ।

**ਸਰਦਾਰ ਕਰਮਬੀਰ ਸਿੰਘ:** ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਜੀ ਇੰਨੇ ਦਿਆਲ ਹੋਏ ਪਏ ਹਨ। ਫਿਰ ਤਾਂ ਮੈਂ ਨਾਲ ਦੇ ਪਿੰਡ ਦੇ ਲਈ ਵੀ ਕਹਿ ਦਿੰਦਾ। ਮੈਂ ਵੀ ਬੇਨਤੀ ਕਰ ਲੈਂਦਾ ਹਾਂ। (ਹਾਸਾ)

---

**ਹਲਕਾ ਸ਼ੁਤਰਾਣਾ ਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ-ਡਵੀਜ਼ਨ ਬਣਾਉਣਾ**

***1140. ਸਰਦਾਰ ਕੁਲਵੰਤ ਸਿੰਘ ਬਾਜੀਗਰ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਦੇ ਅਧੀਨ ਆਉਂਦੇ ਪਿੰਡ ਘੱਗਾ ਦੀ ਗਰਿੱਡ ਨੂੰ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

**ਮਾਣਯੋਗ ਸਪੀਕਰ:** ਬਿਜਲੀ ਮੰਤਰੀ ਦਾ ਤੁਹਾਡੇ ਨਾਲ ਜ਼ਿਆਦਾ ਪਿਆਰ ਲੱਗਦਾ ਹੈ। ਮੰਤਰੀ ਸਾਹਿਬ ਪਹਿਲਾਂ ਹੀ ਜਵਾਬ ਦੇਣ ਲਈ ਖੜ੍ਹੇ ਹੋ ਜਾਂਦੇ ਹਨ।

**ਸਰਦਾਰ ਹਰਭਜਨ ਸਿੰਘ:** ਇਹ ਸਵਾਲ ਪੁੱਛਦੇ ਰਹਿਣ ਅਤੇ ਅਸੀਂ ਖੜ੍ਹੇ ਹੋ ਕੇ ਜਵਾਬ ਦਿੰਦੇ ਰਹੀਏ। ਇਸੇ ਤਰ੍ਹਾਂ ਜ਼ਿੰਦਗੀ ਲੰਘਦੀ ਰਹੇ ਤਾਂ ਚੰਗੀ ਗੱਲ ਹੈ। (ਹਾਸਾ) ਸਰ, ਹਲਕਾ ਸ਼ੁਤਰਾਣਾ ਦੇ ਅਧੀਨ ਆਉਂਦੇ ਪਿੰਡ ਘੱਗਾ ਨੂੰ ਸਬ-ਡਵੀਜ਼ਨ ਬਣਾਉਣ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਾਤੜਾਂ ਡਵੀਜ਼ਨ ਦਾ ਨਿਰਮਾਣ ਸਾਲ 1995 ਵਿੱਚ ਹੋਇਆ ਸੀ, ਉਸ ਤੋਂ ਬਾਅਦ ਵਪਾਰ ਵਿੱਚ ਬਹੁਤ ਵਾਧਾ ਹੋਇਆ। ਪਾਤੜਾਂ ਦੀ ਡਵੀਜ਼ਨ ਤੋਂ ਬਾਅਦ 4 ਡਵੀਜ਼ਨਾਂ ਬਣਾਈਆਂ ਗਈਆਂ। ਘੱਗਾ ਦੀ ਆਬਾਦੀ ਹੁਣ ਬਹੁਤ ਜ਼ਿਆਦਾ ਵੱਧ ਗਈ ਹੈ। ਇੱਥੇ ਰਾਈਸ ਮਿੱਲਾਂ ਦਾ ਬਹੁਤ ਵਾਧਾ ਹੋਇਆ ਹੈ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਘੱਗਾ ਨੂੰ ਸਬ-ਡਵੀਜ਼ਨ ਬਣਾਇਆ ਜਾਵੇ ਤਾਂ ਕਿ ਲੋਕਾਂ ਨੂੰ ਕੰਮਾਂ ਵਿੱਚ ਆਸਾਨੀ ਹੋ ਸਕੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਦਿਹਾਤੀ ਸਬ-ਡਵੀਜ਼ਨ ਪਾਤੜਾਂ ਘੱਗੇ ਤੋਂ ਸਿਰਫ 8 ਕਿਲੋਮੀਟਰ ਹੈ। ਸਬ-ਡਵੀਜ਼ਨ ਪਾਤੜਾਂ ਵਿੱਚ ਕੁੱਲ 22 ਪਿੰਡ ਪੈਂਦੇ ਹਨ, ਇੱਥੇ 19,759 ਕੁਨੈਕਸ਼ਨ ਹਨ। ਪਿੰਡ ਘੱਗਾ ਵਿੱਚ 2392 ਕੁਨੈਕਸ਼ਨ ਚੱਲਦੇ ਹਨ। ਪਿੰਡ ਘੱਗਾ ਦੇ ਗਰਿੱਡ ਦੀ ਇੰਸਟਾਲਡ ਕਪੈਸਿਟੀ 60 ਐਮ.ਵੀ.ਏ. ਦੀ ਹੈ। ਜੇਕਰ ਇਸ ਦੀ ਮੈਕਸੀਮਮ ਪੀਕ ਡਿਮਾਂਡ ਦੇਖੀਏ ਤਾਂ 03 ਸਤੰਬਰ 2023 ਨੂੰ 41.02 ਐਮ.ਵੀ.ਏ. ਹੈ। ਇਸ ਕਰਕੇ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ, ਉੱਥੇ ਨਾ ਤਾਂ ਕੋਈ ਲੋੜ ਹੈ ਅਤੇ ਨਾ ਹੀ ਕਪੈਸਿਟੀ ਦੀ ਕੋਈ ਘਾਟ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਮੰਤਰੀ ਜੀ, ਦਿਲ ਤਾਂ ਨਾ ਤੋੜੋ। ਦੋ ਦਿਨ ਰੁਕ ਕੇ ਬਣਾ ਦਿਓ। ਹਾਂ ਤਾਂ ਕਰ ਦਿਓ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ, ਦਿਲ ਨਾ ਤੋੜੋ ਜੀ। (ਹਾਸਾ)

**ਮੰਤਰੀ:** ਸਪੀਕਰ ਸਾਹਿਬ, ਮੈਂ ਦਿਲ ਨਹੀਂ ਤੋੜ ਰਿਹਾ। ਮੈਂ ਮੈਂਬਰ ਸਾਹਿਬ ਨੂੰ ਦੱਸ ਰਿਹਾ ਹਾਂ ਕਿ ਸਾਡੇ ਕੋਲ ਪਹਿਲਾਂ ਹੀ ਉੱਥੇ 60 ਐਮ.ਵੀ.ਏ. ਕਪੈਸਿਟੀ ਹੈ। ਅਜੇ ਤੱਕ ਡਿਮਾਂਡ 40-41 ਐਮ.ਵੀ.ਏ.ਹੀ ਹੈ। ਤੁਸੀਂ ਡਿਮਾਂਡ

ਵਧਾ ਲਓ। ਉਥੇ ਵੱਧ ਤੋਂ ਵੱਧ ਇੰਡਸਟਰੀ ਲੈ ਆਓ ਅਤੇ ਹੋਰ ਕੁਨੈਕਸ਼ਨ ਲੈ ਆਓ। ਜਿਸ ਦਿਨ ਡਿਮਾਂਡ ਵੱਧ ਜਾਵੇਗੀ, ਜਿੰਨੇ ਐਮ.ਵੀ.ਏ. ਦਾ ਕਹੋਗੇ ਓਨੇ ਦਾ ਹੀ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਹਾਂ ਜੀ, ਐਮ.ਐਲ.ਏ. ਸਾਹਿਬ, ਹੁਣ ਦਿਲ ਜੋੜ ਦਿੱਤਾ।

**ਸਰਦਾਰ ਕੁਲਵੰਤ ਸਿੰਘ ਬਾਜੀਗਰ:** ਧੰਨਵਾਦ ਜੀ।

---

**ਨੰਬਰਦਾਰ ਦੀ ਚੋਣ ਕਰਨਾ**

***1104. ਸਰਦਾਰ ਲਖਬੀਰ ਸਿੰਘ ਰਾਏ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੰਬਰਦਾਰ ਦੀ ਚੋਣ ਸਮੇਂ ਪਿੰਡ ਵਾਸੀਆਂ ਵੱਲੋਂ ਵੋਟਿੰਗ ਕਰਨ ਦੀ ਕੋਈ ਪ੍ਰੋਵੀਜ਼ਨ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਬ੍ਰਮ ਸ਼ੰਕਰ :** ਨਹੀਂ ਜੀ, ਨੰਬਰਦਾਰੀ ਰੂਲਾਂ ਵਿੱਚ ਨੰਬਰਦਾਰ ਦੀ ਚੋਣ ਸਮੇਂ ਪਿੰਡ ਵਾਸੀਆਂ ਵੱਲੋਂ ਵੋਟਿੰਗ ਕਰਨ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ।

**ਸਰਦਾਰ ਲਖਬੀਰ ਸਿੰਘ ਰਾਏ :** ਸਰ, ਪਿੰਡ ਵਿੱਚ ਜਿਹੜਾ ਨੰਬਰਦਾਰ ਅਪੁਆਇੰਟ ਕਰਨਾ ਹੈ, ਉਹ ਪੰਜਾਬ ਲੈਂਡ ਰੈਵੇਨਿਊ ਐਕਟ ਦੇ ਰੂਲ 15 ਅਧੀਨ ਕੁਲੈਕਟਰ ਨੇ ਕਰਨਾ ਹੁੰਦਾ ਹੈ ਪਰ ਗਰਾਊਂਡ ਲੈਵਲ ਤੇ ਸੱਚਾਈ ਬਿਲਕੁਲ ਉਲਟ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦਾ ਇੱਕ ਪਿੰਡ ਬਹਿਲੋਲਪੁਰ ਹੈ, ਉਸ ਦੀ 720 ਵੋਟ ਹੈ। ਉੱਥੇ ਦੋ ਕੈਂਡੀਡੇਟ ਸਨ, ਉਨ੍ਹਾਂ ਦੀ ਜਿਹੜੀ ਗਵਾਹੀ ਹੈ, ਜਿਸ ਨੂੰ ਵੋਟਿੰਗ ਹੀ ਕਹਿੰਦੇ ਹਨ, ਇੱਕ ਦੀ ਗਵਾਹੀ 301 ਬੰਦੇ ਨੇ ਦਿੱਤੀ ਅਤੇ ਦੂਜੇ ਦੀ ਗਵਾਹੀ 320 ਬੰਦਿਆਂ ਨੇ ਦਿੱਤੀ ਯਾਨੀ ਕਿ 90 ਪ੍ਰਤੀਸ਼ਤ ਲੋਕਾਂ ਨੇ ਆ ਕੇ ਗਵਾਹੀ ਦਿੱਤੀ ਤੇ ਖੱਜਲ ਖੁਆਰ ਹੋਏ ਅਤੇ ਧੜੇਬਾਜ਼ੀ ਹੋਈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਆਮ ਜ਼ਰੀਏ ਮਾਣਯੋਗ ਮਾਲ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਗਵਾਹੀਆਂ ਹੁੰਦੀਆਂ ਹਨ, ਉਨ੍ਹਾਂ ਨੂੰ 5, 10 ਜਾਂ 15 ਵੋਟਾਂ ਤੱਕ ਹੀ ਨਿਸ਼ਚਿਤ ਕੀਤਾ ਜਾਵੇ। ਕੀ ਇਸ ਤਰ੍ਹਾਂ ਦੇ ਆਦੇਸ਼ ਸਰਕਾਰ ਵੱਲੋਂ ਜਾਰੀ ਕੀਤੇ ਜਾਣਗੇ, ਜਿਸ ਨਾਲ ਪਿੰਡਾਂ ਵਿੱਚੋਂ ਧੜੇਬਾਜ਼ੀ ਅਤੇ ਪਾਰਟੀਬਾਜ਼ੀ ਖਤਮ ਹੋ ਸਕੇ?

**ਮਾਣਯੋਗ ਸਪੀਕਰ** : ਮੰਤਰੀ ਜੀ, ਵੈਸੇ ਇਹ ਨੰਬਰਦਾਰੀ ਵਾਲਾ ਕੇਸ ਪੀੜ੍ਹੀਆਂ ਤੱਕ ਚੱਲੀ ਜਾਂਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਬੰਦਾ ਨੰਬਰਦਾਰੀ ਤੋਂ ਹੀ ਔਖਾ ਹੁੰਦਾ ਹੈ। ਸੋ, ਮੈਂ ਮੈਂਬਰ ਸਾਹਿਬ ਦੀ ਗੱਲ ਦੀ ਬੜੀ ਰਿਸਪੈਕਟ ਕਰਦਾ ਹਾਂ। ਇਨ੍ਹਾਂ ਨੇ ਬੜੀ ਅੱਛੀ ਗੱਲ ਕੀਤੀ ਹੈ। ਅਸੀਂ ਡੈਫੇਨੇਟਲੀ ਇਸ ਗੱਲ ਨੂੰ ਯਕੀਨੀ ਬਣਾਵਾਂਗੇ ਕਿ ਜਿਸ ਦੇ ਹੱਕ ਵਿੱਚ ਜ਼ਿਆਦਾ ਵੋਟਿੰਗ ਹੈ, ਉਸ ਨੂੰ ਮੌਕਾ ਮਿਲੇ।

**ਸਰਦਾਰ ਲਖਬੀਰ ਸਿੰਘ ਰਾਏ** : ਸਰ, ਜਿਹੜੀ ਕੁਲੈਕਟਰ ਦੀ ਚੁਆਇਸ ਹੈ, ਇਸ ਸਬੰਧੀ ਵੋਟਿੰਗ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ, ਇਸ ਨਾਲ ਤਾਂ ਪਾਰਟੀਬਾਜ਼ੀ ਜ਼ਿਆਦਾ ਹੋਏਗੀ। ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਨੰਬਰਦਾਰ ਦੀ ਚੋਣ ਲਈ ਵੋਟਿੰਗ ਲਈ ਪੰਜ ਜਾਂ ਦਸ ਗਵਾਹ ਹੀ ਭੁਗਤਣ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਸੁਜੈਸ਼ਨ ਬਿਲਕੁਲ ਠੀਕ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1044**

(ਸਬੰਧਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਲਾਲੜੂ ਵਿਖੇ ਸਟੇਡੀਅਮ ਦੀ ਉਸਾਰੀ**

***1086. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿਖੇ ਪੈਂਦੇ ਸ਼ਹਿਰ ਲਾਲੜੂ ਵਿਖੇ ਨੌਜਵਾਨਾਂ ਦੀ ਸਹੂਲਤ ਵਾਸਤੇ ਸਟੇਡੀਅਮ ਕਦੋਂ ਤੱਕ ਬਣਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਗੁਰਮੀਤ ਸਿੰਘ ਮੀਤ ਹੇਅਰ** : ਨਹੀਂ ਜੀ, ਹਲਕਾ ਡੇਰਾਬੱਸੀ ਵਿੱਚ ਪੈਂਦੇ ਲਾਲੜੂ ਸ਼ਹਿਰ ਵਿਖੇ ਖੇਡ ਸਟੇਡੀਅਮ ਨੂੰ ਅੱਪਗ੍ਰੇਡ ਕਰਨ ਦੀ ਅਜੇ ਕੋਈ ਤਜਵੀਜ਼ ਨਹੀਂ ਹੋਈ ਹੈ, ਫੰਡਾਂ ਦੀ ਉਪਲੱਬਧਤਾ ਵੇਖਦੇ ਹੋਏ, ਇਸ ਖੇਡ ਸਟੇਡੀਅਮ ਨੂੰ ਅੱਪਗ੍ਰੇਡ ਕਰਨ ਬਾਰੇ ਅਗਲੇ ਵਿੱਤੀ ਸਾਲ 2024-25 ਵਿੱਚ ਵਿਚਾਰ ਕੀਤਾ ਜਾ ਸਕਦਾ ਹੈ।

ਸਰ, ਜਿਹੜਾ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ, ਮੈਂ ਇਨ੍ਹਾਂ ਨੂੰ ਦੱਸਣਾ ਚਾਹਾਂਗਾ ਕਿ ਖੇਡ ਸਟੇਡੀਅਮ ਲਾਲੜੂ ਸਕੂਲ ਐਜੂਕੇਸ਼ਨ ਡਿਪਾਰਟਮੈਂਟ ਦਾ ਸਟੇਡੀਅਮ ਹੈ ਕਿਉਂਕਿ ਮਿਉਂਸਪਲ ਕਮੇਟੀ ਨੇ ਇਹ ਸਟੇਡੀਅਮ ਸਕੂਲ ਨੂੰ ਟ੍ਰਾਂਸਫਰ ਕਰ ਦਿੱਤਾ ਸੀ। ਅਸੀਂ ਖੇਡ ਵਿਭਾਗ ਦੁਆਰਾ ਖੇਡ ਵਿਭਾਗ ਦੀਆਂ ਪ੍ਰਾਪਰਟੀਜ਼ ਜਾਂ ਜਿਹੜੇ ਸਾਡੇ ਖੇਡ ਸਟੇਡੀਅਮ ਹਨ, ਉਨ੍ਹਾਂ ਨੂੰ ਹੀ ਅਪਗ੍ਰੇਡ ਕਰਦੇ ਹਾਂ। ਸੋ, ਉਨ੍ਹਾਂ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਮਾਣਯੋਗ ਸਪੀਕਰ ਸਾਹਿਬ, ਸਾਡੇ ਖੇਡ ਮੰਤਰੀ ਸਾਹਿਬ ਨੌਜਵਾਨ ਹਨ, ਮੈਨੂੰ ਉਮੀਦ ਹੈ ਅਤੇ ਮੈਂ ਇਹ ਵੀ ਕਹਿੰਦਾ ਹਾਂ ਕਿ ਸਭ ਤੋਂ ਵੱਧ ਖੇਡਾਂ ਨੂੰ ਪ੍ਰਮੋਟ ਹੀ ਮੀਤ ਹੇਅਰ ਜੀ ਨੇ ਕੀਤਾ ਹੈ। ਇਨ੍ਹਾਂ ਦੋ ਸਾਲਾਂ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ' ਨੂੰ ਲੈ ਕੇ ਸਾਡੇ ਨੌਜਵਾਨ ਬੱਚੇ ਖੇਡਾਂ ਵੱਲ ਆਕਰਸ਼ਿਤ ਹੋਏ ਹਨ ਅਤੇ ਬਾਹਰ ਨਿਕਲੇ ਹਨ। ਮੈਂ ਜਿਹੜੇ ਲਾਲੜੂ ਏਰੀਏ ਦੇ ਸਟੇਡੀਅਮ ਦੀ ਗੱਲ ਕੀਤੀ ਹੈ, ਲਾਲੜੂ ਅਤੇ ਹੰਡੇਸਰਾ ਦੋ ਸ਼ਹਿਰ ਹਨ, ਜਿਨ੍ਹਾਂ ਦੀ ਆਬਾਦੀ ਢਾਈ ਲੱਖ ਦੇ ਕਰੀਬ ਹੈ। ਇੱਥੇ 35-40 ਕਿਲੋਮੀਟਰ ਦੇ ਘੇਰੇ ਅੰਦਰ ਕੋਈ ਖੇਡ ਸਟੇਡੀਅਮ ਨਹੀਂ ਹੈ ਜਦਕਿ ਇਹ ਇੰਨਾ ਵੱਡਾ ਏਰੀਆ ਹੈ। ਕਿਰਪਾ ਕਰਕੇ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਮੀਤ ਹੇਅਰ ਜੀ ਸਾਡੇ ਨੌਜਵਾਨ ਮੰਤਰੀ ਹਨ, ਮੈਨੂੰ ਤਾਂ ਪੂਰੀ ਉਮੀਦ ਹੈ ਕਿ ਕੋਈ ਰਾਹ ਲੱਭ ਕੇ ਇਹ ਸਾਡਾ ਕੰਮ ਕਰਨਗੇ ਕਿਉਂਕਿ ਸਾਡੇ ਕੋਲ ਬਹੁਤ ਸਾਰੀ ਸ਼ਾਮਲਾਟ ਜ਼ਮੀਨ ਪਈ ਹੈ, ਲਾਲੜੂ ਵਿਖੇ ਪੰਚਾਇਤੀ ਜ਼ਮੀਨ ਬਹੁਤ ਪਈ ਹੈ। ਇਹ ਜਿੰਨੀ ਕਹਿਣਗੇ ਉਨੀ ਜਗ੍ਹਾ ਦਿਵਾ ਦਿਆਂਗੇ। ਸਾਡੇ ਬੱਚੇ ਮੋਹਾਲੀ ਖੇਡਣ ਆਉਂਦੇ ਹਨ, ਲਾਲੜੂ ਵਿੱਚ ਇਸ ਦਾ ਕੋਈ ਨਾ ਕੋਈ ਹੱਲ ਕੱਢ ਕੇ ਦਿੱਤਾ ਜਾਵੇ। ਧੰਨਵਾਦ ਜੀ।

**ਮੰਤਰੀ :** ਸਰ, ਮਾਣਯੋਗ ਮੈਂਬਰ ਸਾਹਿਬ ਨੇ ਰਾਹ ਕੱਢਣ ਦੀ ਗੱਲ ਕੀਤੀ ਹੈ, ਅਸੀਂ ਇਸੇ ਗਰਾਊਂਡ ਦਾ ਰਾਹ ਲੱਭ ਲੈਂਦੇ ਹਾਂ ਕਿਉਂਕਿ ਅਸੀਂ ਬਜਟ ਵਿੱਚ 1000 ਸਪੋਰਟਸ ਨਰਸਰੀਆਂ ਬਾਰੇ ਪ੍ਰੋਵੀਜ਼ਨ ਰੱਖੀ ਹੈ। ਪਹਿਲੇ ਫੇਜ਼ ਵਿੱਚ 250 ਨਰਸਰੀਆਂ ਬਣਨੀਆਂ ਹਨ। ਹਰ ਹਲਕੇ ਵਿੱਚ ਦੋ ਜਾਂ ਤਿੰਨ ਖੇਡ ਨਰਸਰੀਆਂ ਬਣਨੀਆਂ ਹਨ। ਸੋ, ਸਾਨੂੰ ਸਕੂਲ ਐਜੂਕੇਸ਼ਨ ਡਿਪਾਰਟਮੈਂਟ ਐਨ.ਓ.ਸੀ. ਦੇ ਦੇਵੇ, ਅਸੀਂ ਇੱਥੇ ਸਪੋਰਟਸ ਨਰਸਰੀ ਬਣਾ

ਦਿਆਂਗੇ। ਇਸ ਨੂੰ ਅਪਗ੍ਰੇਡ ਵੀ ਕਰ ਦਿਆਂਗੇ ਅਤੇ ਇੱਕ ਪੱਕਾ ਕੋਚ ਵੀ ਇੱਥੇ ਲਗਾ ਦੇਵਾਂਗੇ ਤੇ ਉੱਥੇ ਡੇਲੀ 60 ਬੱਚਿਆਂ ਦੀ ਡਾਈਟ ਵੀ ਦਿੱਤੀ ਜਾਵੇਗੀ। (ਥੰਪਿੰਗ)

**ਮਾਣਯੋਗ ਸਪੀਕਰ :** ਕਿਆ ਬਾਤ ਹੈ, ਅੱਜ ਤਾਂ ਬੜੇ ਮਿਹਰਬਾਨ ਹੋਏ ਹੋ।

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਜੀ ਦਾ ਧੰਨਵਾਦ ਕਰਦਾ ਹਾਂ। ਵੈਸੇ ਮੈਂ ਇਹੀ ਅਪਗ੍ਰੇਡ ਕਰਵਾਉਣਾ ਸੀ, ਮੈਨੂੰ ਲੱਗਦਾ ਸੀ ਕਿ ਇਹੀ ਹੋਵੇਗਾ। ਇਹ ਬਹੁਤ ਵੱਡਾ ਸਟੇਡੀਅਮ ਹੈ। ਮੰਤਰੀ ਸਾਹਿਬ, ਹੋਰ ਜਗ੍ਹਾ ਤੁਸੀਂ ਕਾਫੀ ਵੱਡੇ ਵੱਡੇ ਗੱਫੇ ਦਿੱਤੇ ਹਨ, ਸੰਗਰੂਰ ਨੂੰ ਵੀ ਦਿੱਤੇ ਹਨ, ਸਾਨੂੰ ਬੜੀ ਖੁਸ਼ੀ ਹੈ। ਡੇਰਾਬੱਸੀ, ਮੇਰੇ ਵਾਲਾ ਇਲਾਕਾ ਬਿਲਕੁਲ ਪੁਆਧ ਵਾਲਾ ਹੈ, ਉੱਧਰ ਕੰਨੀ ਮਾੜਾ ਮੋਟਾ ਧਿਆਨ ਕਰ ਲੀਓ। ਵੋਟਾਂ ਬਹੁਤ ਪਾਵਾਂ ਜੀ, ਆਈ ਵਾਰ। ਥੋੜ੍ਹਾ ਜਾ ਧਿਆਨ ਕਰ ਲੀਓ, ਸਟੇਡੀਅਮ ਕੀ ਬਹੁਤ ਲੋੜ ਆ ਵਹਾਂ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਪੀਕਰ ਸਾਹਿਬ .......

**ਮਾਣਯੋਗ ਸਪੀਕਰ:** ਸਾਰੇ ਪ੍ਰਸ਼ਨ ਹੋ ਜਾਣ ਦਿਓ ਜੀ। ਜ਼ੀਰੋ ਆਵਰ ਵਿੱਚ ਬੋਲ ਲੈਣਾ। ਅਜੀਤਪਾਲ ਸਿੰਘ ਕੋਹਲੀ ਜੀ, ਤੁਸੀਂ ਬੋਲੋ।

**ਮੰਤਰੀ:** ਸਰ, ਮੈਂ ਜਵਾਬ ਦੇਣ ਨੂੰ ਤਿਆਰ ਹਾਂ।

**ਮਾਣਯੋਗ ਸਪੀਕਰ:** ਮੀਆਂ ਬੀਵੀ ਰਾਜ਼ੀ, ਤੋ ਕਿਆ ਕਰੇਗਾ ਕਾਜ਼ੀ। (ਹਾਸਾ) ਸੁੱਖੀ ਜੀ, ਬੋਲੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਧੰਨਵਾਦ, ਸਪੀਕਰ ਸਾਹਿਬ। ਸਰ, ਅਸੀਂ ਤਾਂ ਤੁਹਾਡੇ ਹੀ ਗੁਣ ਗਾਉਣੇ ਹਨ। ਸਰ, 2016 ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਸੀ ਤਾਂ ਉਸ ਸਮੇਂ ਬੰਗਾ ਸ਼ਹਿਰ ਵਿੱਚ ਸਟੇਡੀਅਮ ਬਣਾਉਣ ਲਈ 87.45 ਲੱਖ ਦੀ ਰਕਮ ਰਿਲੀਜ਼ ਹੋਈ ਸੀ। ਉਸ ਸਮੇਂ ਦੇ ਐਮ.ਪੀ. ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਜੀ ਨੇ ਵੀ 5 ਲੱਖ ਰੁਪਏ ਦਿੱਤੇ ਸੀ। ਉਹ ਸਟੇਡੀਅਮ ਬਣਨਾ ਸ਼ੁਰੂ ਹੋ ਗਿਆ ਸੀ। ਅਗਲੇ ਸਾਲ ਹੀ ਕਾਂਗਰਸ ਪਾਰਟੀ ਦੀ ਸਰਕਾਰ ਆ ਗਈ। ਉੱਥੇ ਤਕਰੀਬਨ 40-45 ਲੱਖ ਰੁਪਏ ਦਾ ਕੰਮ ਹੋਇਆ ਸੀ ਪਰੰਤੂ ਠੇਕੇਦਾਰ ਭੱਜ ਗਿਆ। ਉਸ ਤੋਂ ਬਾਅਦ ਸਟੇਡੀਅਮ ਦਾ ਕੰਮ ਉੱਥੇ ਹੀ ਰਹਿ ਗਿਆ।

ਇਸ ਦੀ ਇਨਕੁਆਇਰੀ ਵੀ ਸ਼ੁਰੂ ਹੋਈ ਕਿ ਠੇਕੇਦਾਰ ਨੇ ਸਟੇਡੀਅਮ ਦਾ ਕੰਮ ਕੰਪਲੀਟ ਨਹੀਂ ਕੀਤਾ ਅਤੇ ਨਾ ਹੀ ਪੂਰੇ ਪੈਸੇ ਲੱਗੇ ਹਨ। ਇਸ ਦੇ ਨਾਲ ਹੀ ਠੇਕੇਦਾਰ ਸਰਕਾਰ ਦਾ 40-45 ਲੱਖ ਰੁਪਿਆ ਲੈ ਕੇ ਭੱਜ ਗਿਆ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਇਸ ਤਰ੍ਹਾਂ ਦਾ ਕਾਨੂੰਨ ਹੈ ਕਿ ਜਿਹੜੇ ਲੋਕ ਸਰਕਾਰੀ ਪੈਸਾ ਲੈ ਕੇ ਭੱਜ ਜਾਂਦੇ ਹਨ, ਉਨ੍ਹਾਂ ਤੇ ਕੋਈ ਕਾਰਵਾਈ ਕੀਤੀ ਜਾਵੇਗੀ? ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਉਹ ਜਿਹੜਾ ਲੋਕਾਂ ਦਾ 40-45 ਲੱਖ ਰੁਪਿਆ ਲੈ ਕੇ ਭੱਜ ਗਿਆ, ਕੀ ਉਸ ਦੀ ਰਿਕਵਰੀ ਲਈ ਸਰਕਾਰ ਕੋਈ ਯਤਨ ਕਰ ਸਕਦੀ ਹੈ ਤਾਂ ਜੋ ਲੋਕਾਂ ਦਾ ਪੈਸਾ ਵਾਪਸ ਮੁੜ ਸਕੇ ਅਤੇ ਬੰਗਾ ਸ਼ਹਿਰ ਦੇ ਉਸ ਸਟੇਡੀਅਮ ਦਾ ਕੰਮ ਵੀ ਪੂਰਾ ਹੋ ਸਕੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਵੈਸੇ ਇਹ ਵੱਖਰਾ ਸਵਾਲ ਬਣਦਾ ਹੈ, ਜੇ ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ।

**ਮੰਤਰੀ:** ਸਰ, ਸਵਾਲ ਤਾਂ ਵੱਖਰਾ ਬਣਦਾ ਹੈ ਪਰ ਜੇ ਕੋਈ ਠੇਕੇਦਾਰ ਕੰਮ ਪੂਰਾ ਨਹੀਂ ਕਰਦਾ ਅਤੇ ਉਸ ਦੇ ਕੰਮ ਵਿੱਚ ਕੋਈ ਕਮੀ-ਪੇਸ਼ੀ ਹੈ ਤਾਂ ਸਰਕਾਰ ਉਸ ਨੂੰ ਬਲੈਕ ਲਿਸਟ ਕਰ ਦਿੰਦੀ ਹੈ। ਮੈਂ 100% sure ਹਾਂ ਕਿ ਉਸ ਠੇਕੇਦਾਰ ਨੂੰ ਵੀ ਜ਼ਰੂਰ ਬਲੈਕ ਲਿਸਟ ਕਰ ਦਿੱਤਾ ਗਿਆ ਹੋਵੇਗਾ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਰਕਾਰ ਵੱਲੋਂ ਵੱਡੇ ਵੱਡੇ ਸਟੇਡੀਅਮ ਬਣਾਉਣ ਨਾਲੋਂ ਗਰਾਊਂਡ ਬਣਾਉਣ ਨੂੰ ਮੁੱਖ ਤਰਜੀਹ ਦਿੱਤੀ ਗਈ ਹੈ। ਸਰ, ਕਈ ਜਗ੍ਹਾ ਤੇ ਬਹੁਤ ਵੱਡੀਆਂ ਵੱਡੀਆਂ ਪੌੜੀਆਂ ਅਤੇ ਕਮਰੇ ਬਣ ਜਾਂਦੇ ਹਨ ਪਰ ਜਿੱਥੇ ਖੇਡਣ ਲਈ ਬੱਚਿਆਂ ਨੂੰ ਗਰਾਊਂਡ ਚਾਹੀਦਾ ਹੈ, ਉਹ ਕੰਮ ਵਿਚਾਲੇ ਹੀ ਰਹਿ ਜਾਂਦਾ ਹੈ। ਸਰਕਾਰ ਦੀ ਮੇਨ ਪ੍ਰਾਇਰਿਟੀ ਗਰਾਊਂਡ ਦੀ ਹੈ ਜੇਕਰ ਗਰਾਊਂਡ ਵਿੱਚ ਕੋਈ ਕਮੀ-ਪੇਸ਼ੀ ਹੈ ਜਾਂ ਗਰਾਊਂਡ ਨੂੰ ਅੱਪਗ੍ਰੇਡ ਕਰਨਾ ਹੈ ਤਾਂ ਮੈਂਬਰ ਸਾਹਿਬ ਮੈਨੂੰ ਆ ਕੇ ਮਿਲ ਲੈਣ, ਉਸ ਲਈ ਅਸੀਂ ਜ਼ਰੂਰ ਪੈਸੇ ਦੇ ਦੇਵਾਂਗੇ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਸ੍ਰੀ ਅਮਲੋਕ ਸਿੰਘ ਜੀ, ਜੇ ਕੋਈ ਜ਼ਰੂਰੀ ਗੱਲ ਹੈ ਤਾਂ ਕਰ ਲਵੋ।

**ਸ੍ਰੀ ਅਮਲੋਕ ਸਿੰਘ:** ਧੰਨਵਾਦ, ਸਪੀਕਰ ਸਾਹਿਬ। ਗਰਾਊਂਡ ਦੀ ਗੱਲ ਕੀਤੀ ਹੈ ਜੀ। ਮੈਂ ਵੀ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਜੈਤੋ ਹਲਕੇ ਦੇ ਲੋਕ ਕਹਿੰਦੇ ਹਨ ਕਿ ਮੰਤਰੀ ਸਾਹਿਬ ਤਾਂ ਕਾਲਜ ਵਿੱਚ ਤੇਰੇ

ਨਾਲ ਪੜ੍ਹੇ ਹਨ ਤੂੰ ਇੱਕ ਗਰਾਊਂਡ ਤਾਂ ਠੀਕ ਕਰਵਾ ਲੈ। ਮੈਂ ਤੁਹਾਨੂੰ ਸਾਡੇ ਜੈਤੋ ਵਾਲੇ ਗਰਾਊਂਡ ਦੀ ਪ੍ਰੋਪੋਜ਼ਲ ਕਈ ਵਾਰ ਭੇਜੀ ਹੈ। ਕਿਰਪਾ ਕਰਕੇ ਉਸ ਵੱਲ ਵੀ ਧਿਆਨ ਦੇਵੋ ਜੀ।

**ਮਾਣਯੋਗ ਸਪੀਕਰ:** ਮੰਤਰੀ ਜੀ, ਧਿਆਨ ਦੇ ਦੇਵੋ ਜੀ।

**ਮੰਤਰੀ:** ਮੈਂ ਇਨ੍ਹਾਂ ਨੂੰ ਕੁਮਿਟਮੈਂਟ ਕੀਤੀ ਹੋਈ ਹੈ ਜੀ।

---

## ਸਰਕਾਰੀ ਕੋਠੀਆਂ ਵਿੱਚ ਰਹਿ ਰਹੇ ਨਜਾਇਜ਼ ਵਿਅਕਤੀਆਂ ਖਿਲਾਫ ਕਾਰਵਾਈ ਕਰਨਾ

***1068. ਸਰਦਾਰ ਅਜੀਤਪਾਲ ਸਿੰਘ ਕੋਹਲੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪਟਿਆਲਾ ਸ਼ਹਿਰ ਵਿੱਚ ਸਰਕਾਰੀ ਕੋਠੀਆਂ ਵਿੱਚ ਅਲਾਟਿਡ ਵਿਅਕਤੀਆਂ ਦੀ ਜਗ੍ਹਾ ਨਜਾਇਜ਼ ਵਿਅਕਤੀ ਰਹਿ ਰਹੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਸਰਕਾਰ ਨੇ ਇਸ ਬਾਰੇ ਕੋਈ ਇਨਕੁਆਰੀ ਕਰਕੇ ਇਹ ਕੋਠੀਆਂ ਨਜਾਇਜ਼ ਵਿਅਕਤੀਆਂ ਤੋਂ ਖਾਲੀ ਕਰਵਾਈਆਂ ਹਨ ਅਤੇ ਕੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕੀਤੀ ਹੈ;

(ੲ) ਕੀ ਸਰਕਾਰ ਇਸ ਤਰ੍ਹਾਂ ਦਾ ਮਕੈਨੇਜ਼ਿਮ ਬਣਾਏਗੀ ਕਿ ਇਨ੍ਹਾਂ ਕੋਠੀਆਂ ਦੀ ਕੁਝ ਸਮੇਂ ਦੇ ਅੰਤਰਾਲ ਉਪਰੰਤ ਚੈਕਿੰਗ ਕਰਕੇ ਇਨ੍ਹਾਂ ਤੇ ਪਰਾਪਰ ਨਜ਼ਰ ਰੱਖੀ ਜਾਵੇ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** (ੳ)ਮਾਣਯੋਗ ਸਪੀਕਰ ਸਾਹਿਬ, ਇਸ ਸਮੇਂ ਲੋਕ ਨਿਰਮਾਣ ਵਿਭਾਗ ਅਧੀਨ ਸਰਕਾਰੀ ਕੋਠੀਆਂ ਵਿੱਚ 10 ਅਲਾਟੀ ਆਪਣੀ ਮਿਆਦ ਤੋਂ ਵੱਧ ਸਮਾਂ ਰਹਿਣ ਕਾਰਨ ਨਜਾਇਜ਼ ਤੌਰ ਤੇ ਰਹਿ ਰਹੇ ਹਨ, ਜਿਨ੍ਹਾਂ ਵਿਰੁੱਧ ਬਣਦੀ ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾ ਰਹੀ ਹੈ।

**ਮਾਣਯੋਗ ਸਪੀਕਰ:** ਇਹ ਕਿਹੜੇ ਕਿਹੜੇ ਮਹਾਂਪੁਰਸ਼ ਹਨ? ਦੱਸਿਓ ਤਾਂ ਸਹੀ ਪਤਾ ਲੱਗ ਜਾਵੇ।

**ਮੰਤਰੀ**: ਸਪੀਕਰ ਸਾਹਿਬ, ਜਿਨ੍ਹਾਂ ਦੇ ਟਾਈਮ ਲੰਘ ਜਾਂਦੇ ਹਨ, ਜਿਵੇਂ ਟਰਾਂਸਫਰ ਹੋ ਜਾਂਦੀ ਹੈ ਜਾਂ ਰਿਟਾਇਰ ਹੋ ਜਾਂਦੇ ਹਨ, ਉਸ ਤੋਂ ਬਾਅਦ ਉਹ ਸਰਕਾਰੀ ਮਕਾਨ ਨਹੀਂ ਛੱਡਦੇ। ਵੈਸੇ ਤਾਂ ਪਹਿਲਾਂ ਇਹ ਸਰਕਾਰ ਵਿੱਚ ਕੰਮ ਸ਼ੁਰੂ ਹੋਇਆ ਸੀ ਪਰ ਹੁਣ ਮੁਲਾਜ਼ਮਾਂ ਤੱਕ ਵੀ ਪਹੁੰਚ ਗਿਆ ਹੈ। ਸਰਕਾਰ ਦੇ ਮੰਤਰੀ, ਐਮ.ਐਲ.ਏ. ਅਤੇ ਅਧਿਕਾਰੀਆਂ ਤੋਂ ਇਹ ਕੰਮ ਸ਼ੁਰੂ ਹੋਇਆ ਸੀ। ਮੈਂ ਸਮਝਦਾ ਹਾਂ ਕਿ ਇਹ ਟਰੈਂਡ ਉੱਥੋਂ ਹੀ ਇੱਧਰ ਨੂੰ ਸ਼ੁਰੂ ਹੋਇਆ ਹੈ।

(ਅ) ਅਚਨਚੇਤ ਚੈਕਿੰਗ ਕਰਨ ਅਤੇ ਅਲਾਟੀ ਅਧਿਕਾਰੀਆਂ/ਕਰਮਚਾਰੀਆਂ ਦੇ ਦਫਤਰਾਂ ਤੋਂ ਸੂਚਨਾ ਪ੍ਰਾਪਤ ਹੋਣ ਉਪਰੰਤ ਨਜਾਇਜ਼ ਵਿਅਕਤੀਆਂ ਤੋਂ ਰਿਹਾਇਸ਼ਾਂ ਖਾਲੀ ਕਰਵਾਉਣ ਦੀ ਕਾਰਵਾਈ ਪੰਜਾਬ ਪਬਲਿਕ ਪਰਿਮਸਿਜ਼ ਐਂਡ ਲੈਂਡ (ਐਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਦੀ ਧਾਰਾ 4 ਅਤੇ 5 ਅਧੀਨ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

(ੲ) ਪਟਿਆਲਾ ਵਿਖੇ ਸਰਕਾਰੀ ਰਿਹਾਇਸ਼ਾਂ ਦਾ ਸਮੇਂ ਸਮੇਂ ਤੇ ਅਚਨਚੇਤ ਸਰਵੇ ਕਰਵਾਇਆ ਜਾਂਦਾ ਹੈ। ਜਿਸ ਉਪਰੰਤ ਜੇ ਕਿਸੇ ਵੀ ਤਰ੍ਹਾਂ ਦਾ ਕੋਈ ਨਜਾਇਜ਼ ਕਬਜ਼ਾ ਪਾਇਆ ਜਾਂਦਾ ਹੈ ਤਾਂ ਉਸ ਮੁਤਾਬਿਕ ਪੰਜਾਬ ਪਬਲਿਕ ਪਰਿਮਸਿਜ਼ ਐਂਡ ਲੈਂਡ (ਐਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਦੀ ਧਾਰਾ 4 ਅਤੇ 5 ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਪਿਛਲੇ ਇੱਕ ਵਰ੍ਹੇ ਦੌਰਾਨ 9 ਅਜਿਹੇ ਕੇਸਾਂ ਵਿੱਚ ਕਾਰਵਾਈ ਪ੍ਰਗਤੀ ਅਧੀਨ ਹੈ ਅਤੇ 1 ਐਵਿਕਸ਼ਨ ਨੋਟਿਸ ਵੀ ਜਾਰੀ ਕੀਤਾ ਗਿਆ ਹੈ।

**ਰਾਣਾ ਗੁਰਜੀਤ ਸਿੰਘ (ਬੈਠੇ-ਬੈਠੇ)**: ਸਪੀਕਰ ਸਾਹਿਬ ਨੇ ਨਾਂ ਪੁੱਛਿਆ ਹੈ ਜੀ।

**ਮੰਤਰੀ**: ਹੁਣ ਮੈਂਬਰ ਸਾਹਿਬ ਨੇ ਗੱਲ ਕਰ ਹੀ ਦਿੱਤੀ ਹੈ ਤਾਂ ਮੈਂ ਜਿਹੜੇ ਮੁਲਾਜ਼ਮ ਸਰਕਾਰੀ ਕੋਠੀਆਂ ਵਿੱਚ ਨਜਾਇਜ਼ ਰਹਿ ਰਹੇ ਹਨ, ਉਨ੍ਹਾਂ ਦੀ ਡਿਟੇਲ ਬਾਅਦ ਵਿੱਚ ਦੇ ਦੇਵਾਂਗਾ। ਮੈਂ ਇੱਕ ਗੱਲ ਜ਼ਰੂਰ ਕਰਾਂਗਾ ਕਿ ਕੋਠੀ ਨੰਬਰ 47, ਸੈਕਟਰ 2 ਵਿੱਚ ਸਰਦਾਰ ਮਨਪ੍ਰੀਤ ਸਿੰਘ ਬਾਦਲ ਸਾਹਿਬ ਕੋਲ ਸੀ, ਉਨ੍ਹਾਂ ਨੂੰ ਬਕਾਇਦਾ ਚਿੱਠੀਆਂ ਕੱਢੀਆਂ ਗਈਆਂ ਸਨ। ਜਿਸ ਦਿਨ ਉਹ ਕੋਠੀ ਛੱਡ ਕੇ ਗਏ ਸਨ ਤਾਂ ਕੋਠੀ ਵਿਚਲਾ ਡਾਈਨਿੰਗ ਟੇਬਲ, 10 ਡਾਈਨਿੰਗ ਚੇਅਰ, 1 ਸਰਵਿਸ ਟਰਾਲੀ ਅਤੇ ਇੱਕ ਰਿਕਲਾਈਨਰ ਸੋਫਾ ਨਹੀਂ ਸੀ। ਠੀਕ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਪੀਕਰ ਸਾਹਿਬ ......

**ਮਾਣਯੋਗ ਸਪੀਕਰ**: ਬਾਜਵਾ ਸਾਹਿਬ, ਕੁਝ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਹਰਭਜਨ ਸਿੰਘ ਜੀ, ਇੰਨੀਆਂ ਚਿੱਠੀਆਂ ਨਾ ਲਿਖਿਆ ਕਰੋ, ਕੱਲ੍ਹ ਉਨ੍ਹਾਂ ਵਿਚਾਰਿਆਂ ਨੂੰ ਮਾਈਨਰ ਹਾਰਟ ਅਟੈਕ ਆ ਗਿਆ ਸੀ। ਘੱਟ ਤੋਂ ਘੱਟ ਇਹ ਕੰਮ ਨਾ ਕਰੋ। ਇੰਨੀਆਂ ਸਖਤ ਚਿੱਠੀਆਂ ਲਿਖਦੇ ਹੋ। ਉਹ ਵਿਚਾਰੇ ਬਠਿੰਡੇ ਪਏ ਹਨ ਤੇ ਤੁਸੀਂ ਟੀ.ਵੀ. ਤੇ ਉਨ੍ਹਾਂ ਦੀਆਂ ਖਬਰਾਂ ਲਗਾ ਰਹੇ ਹੋ।

**ਮੰਤਰੀ**: ਮੈਂ ਬਿਲਕੁਲ ਨਹੀਂ ਦੱਸਣਾ ਚਾਹੁੰਦਾ ਸੀ। ਸਾਹਮਣੇ ਤੋਂ ਮੈਂਬਰ ਸਾਹਿਬ ਨੇ ਪੁੱਛਿਆ ਹੈ। ਇਸ ਲਈ ਮੈਨੂੰ ਦੱਸਣਾ ਪਿਆ। ਮੈਂ ਦੱਸਣਾ ਨਹੀਂ ਚਾਹੁੰਦਾ ਸੀ। ਉਨ੍ਹਾਂ ਨੇ ਸਵਾਲ ਪੁੱਛਿਆ ਹੈ ਤਾਂ ਕਰਕੇ ਮੈਂ ਜਵਾਬ ਦਿੱਤਾ ਹੈ।

**ਸਰਦਾਰ ਅਜੀਤਪਾਲ ਸਿੰਘ ਕੋਹਲੀ**: ਧੰਨਵਾਦ ਮੰਤਰੀ ਜੀ, ਤੁਹਾਡਾ ਜਵਾਬ ਬਹੁਤ elaborate ਸੀ ਪਰੰਤੂ ਸਰ, ਪਟਿਆਲਾ ਸ਼ਹਿਰ ਵਿੱਚ ਵੱਡੀਆਂ ਕੋਠੀਆਂ 'ਏ ਟਾਈਪ' ਤੋਂ ਲੈ ਕੇ ਕੁਆਰਟਰਜ਼ 'ਟਾਈਪ ਬੀ' ਤੱਕ 724 ਰਿਹਾਇਸ਼ੀ ਮਕਾਨ ਹਨ। ਅਫਸਰ ਜਲੰਧਰ ਜਾਂ ਲੁਧਿਆਣਾ ਲੱਗਿਆ ਹੋਇਆ ਹੈ, ਕੋਠੀ ਪਟਿਆਲੇ ਵਿੱਚ ਹੈ ਪਰ ਉਸ ਵਿੱਚ ਘੱਗੇ ਪਾਤੜਾਂ ਦਾ ਕੋਈ ਬਿਜ਼ਨਸਮੈਨ ਰਹਿ ਰਿਹਾ ਹੈ। ਕਿਤੇ ਕਿਸੇ ਹੋਰ ਨਾਂਅ ਤੇ ਕੋਠੀ ਹੈ ਪਰ ਉੱਥੇ ਪੁਰਾਣੇ occupants ਹੀ ਰਹਿ ਰਹੇ ਹਨ। ਬੜੇ nobel ਤਰੀਕਿਆਂ ਦੇ ਨਾਲ ਰਸਤੇ ਲੱਭੇ ਹੋਏ ਹਨ, ਜਿਸ ਕਰਕੇ occupants ਉੱਥੇ permanently squat ਕਰ ਰਹੇ ਹਨ। ਸਰ, ਮੇਰੀ ਇੱਕ ਬੇਨਤੀ ਹੈ ਕਿ ਜਿਵੇਂ ਤੁਸੀਂ ਦੱਸਿਆ ਹੈ ਕਿ ਅਚਨਚੇਤ ਚੈਕਿੰਗ ਹੁੰਦੀ ਹੈ but without the connivance of local staff, ਇਹ ਮੁਮਕਿਨ ਨਹੀਂ ਹੈ ਕਿ ਕੋਈ ਬੰਦਾ ਉੱਥੇ ਇਲਲੀਗਲ ਰਹਿ ਸਕਦਾ ਹੋਵੇ। ਪਰਮਾਤਮਾ ਨਾ ਕਰੇ, ਕੱਲ੍ਹ ਨੂੰ ਉੱਥੇ ਕੋਈ unwarranted or unscrupulous elements ਰਹਿਣ ਲੱਗ ਜਾਣ ਅਤੇ ਨੁਕਸਾਨ ਕਰ ਜਾਣ ਤਾਂ ਉਸ ਦਾ ਵੀ ਸਾਨੂੰ ਧਿਆਨ ਰੱਖਦੇ ਹੋਏ ਚੰਡੀਗੜ੍ਹ ਹੈੱਡਕੁਆਟਰ ਤੋਂ ਹੀ ਟੀਮ ਬਣਾਉਣੀ ਚਾਹੀਦੀ ਹੈ, flying squad ਬਣਾਉਣਾ ਚਾਹੀਦਾ ਹੈ ਔਰ ਇਸ ਨੂੰ ਰੈਗੂਲਰਲੀ ਮੋਨੀਟਰ ਕਰਨ ਦੀ ਲੋੜ ਹੈ। ਕੀ ਮੰਤਰੀ ਜੀ ਦੱਸਣਗੇ ਕਿ ਇਸ ਤਰ੍ਹਾਂ ਦਾ flying squad ਬਣਾ ਕੇ ਚੈਕਿੰਗ periodically ਕਰਦੇ ਰਹੋਗੇ?

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਪਟਿਆਲਾ ਵਿਖੇ ਸਰਕਾਰੀ ਰਿਹਾਇਸ਼ਾਂ ਦਾ ਸਮੇਂ ਸਮੇਂ ਤੇ ਅਚਨਚੇਤ ਸਰਵੇ ਪਹਿਲਾਂ ਹੀ ਕਰਵਾਇਆ ਜਾ ਰਿਹਾ ਹੈ। ਜੇ ਮੈਂਬਰ ਸਾਹਿਬ ਦੇ ਧਿਆਨ ਵਿੱਚ ਕੋਈ ਇਹੋ ਜਿਹੀ ਗੱਲ ਹੈ ਜਾਂ ਇਨ੍ਹਾਂ ਕੋਲ ਕੋਈ ਲਿਸਟ ਹੈ ਤਾਂ ਉਹ ਮੈਨੂੰ ਜ਼ਰੂਰ ਦੱਸ ਸਕਦੇ ਹਨ, illegal occupants ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਅਜੀਤਪਾਲ ਸਿੰਘ ਕੋਹਲੀ**: ਹਾਂ ਜੀ, ਇਹੋ ਜਿਹੀ ਲਿਸਟ ਮੇਰੇ ਕੋਲ ਹੈ। ਮੈਂ ਜ਼ਰੂਰ ਸ਼ੇਅਰ ਕਰਾਂਗਾ। ਕਈ ਸਰਕਾਰੀ ਕੋਠੀਆਂ ਇਹੋ ਜਿਹੀਆਂ ਹਨ, ਜਿਹੜੇ ਰਹਿ ਆਪਣੇ ਘਰ ਰਹੇ ਹਨ ਪਰ ਸਰਕਾਰੀ ਕੋਠੀ ਆਪਣੇ ਨਾਂਅ ਤੇ ਅਲਾਟ ਕਰਵਾ ਕੇ ਅੱਗੇ ਕਿਸੇ ਨੂੰ sublet ਕੀਤੀ ਹੋਈ ਹੈ। So, we will share the details with the Hon'ble Minsiter.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਬਹੁਤ valid ਅਤੇ ਵਧੀਆ ਸਵਾਲ ਸਾਡੇ ਨੌਜਵਾਨ ਵੀਰ ਨੇ ਕੀਤਾ ਹੈ। ਮੈਂ ਸਮਝਦਾ ਹਾਂ ਕਿ ਪੀ.ਡਬਲਊ.ਡੀ. ਮਨਿਸਟਰ ਰੂਲਜ਼ ਅਤੇ ਰੈਗੂਲੇਸ਼ਨਜ਼/ਗਾਈਡਲਾਈਨਜ਼ ਪ੍ਰੋਵਾਈਡ ਕਰਨ ਅਤੇ ਜਿਹੜੀ ਉਨ੍ਹਾਂ ਨੇ ਕਮੇਟੀ ਬਣਾਉਣ ਦੀ ਗੱਲ ਕੀਤੀ ਹੈ, ਉਸ ਨੂੰ ਜ਼ਰੂਰ form ਕਰੋ ਤੇ ਚੰਡੀਗੜ੍ਹ ਤੋਂ ਹੀ ਕੰਮ ਸ਼ੁਰੂ ਕਰੀਏ। ਮੇਰੇ ਕੋਲ ਇੱਕ ਲਿਸਟ ਹੈ। ਸਰ, ਇੱਕ ਕੋਠੀ ਨੰ: 11 ਸੈਕਟਰ-7 ਵਿਖੇ ਹੈ। ਇੱਕ ਇਸ ਕਿਸਮ ਦੇ ਬੰਦੇ ਨੂੰ ਉਹ ਕੋਠੀ ਦਿੱਤੀ ਗਈ ਹੈ, ਜਿਹੜੀ ਕੈਬਨਿਟ ਮਨਿਸਟਰ (only entitlement of Cabinet Minister) ਨੂੰ ਅਲਾਟ ਹੁੰਦੀ ਹੈ. He is working as OSD in one of the top offices. Secondly, ਕੋਠੀ ਨੰ: 664, ਕੋਠੀ ਨੰ: 665, ਕੋਠੀ ਨੰ: 927 ਅਤੇ ਕੋਠੀ ਨੰ: 930, ਸੈਕਟਰ-39 ਵਿਖੇ ਹਨ ਅਤੇ ਇਹ ਚਾਰੇ ਕੋਠੀਆਂ ਕੈਬਨਿਟ ਮਨਿਸਟਰਜ਼ ਵਾਸਤੇ ਹਨ।

**ਮਾਣਯੋਗ ਸਪੀਕਰ**: ਬੈਠੋ ਤੁਸੀਂ, ਬੈਠੋ। ਜਿਨ੍ਹਾਂ ਕੋਠੀਆਂ ਦੇ ਨੰਬਰ ਦੱਸੇ ਹਨ, ਕੀ ਇਹ allotted ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: Allotted ਹਨ but not allotted to the right persons. ਮੇਰਾ ਸੇਮ ਸਵਾਲ ਹੈ। ਜੋ ਕੋਹਲੀ ਸਾਹਿਬ ਨੇ ਗੱਲ ਕਹੀ ਹੈ, ਮੈਂ ਵੀ ਉਹੀ ਕਹੀ ਹੈ। Rules and Regulations are meant even for the most powerful people. It is not only meant for the commoners, it

is meant for the top. ਸਾਡੇ ਵੇਲੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਕੋਲ ਦੋ ਕੋਠੀਆਂ ਸਨ, ਵੈਸੇ ਮੁੱਖ ਮੰਤਰੀ ਨੂੰ ਇੱਕ ਕੋਠੀ ਅਲਾਟ ਹੁੰਦੀ ਹੈ ਪਰ ਹੁਣ ਵਾਲਿਆਂ ਨੂੰ ਚਾਰ ਹੋਈਆਂ ਹਨ। ਸਰ, guidelines and Rules are same for every single person. ਉਹ ਹਮੇਸ਼ਾ ਕਹਿੰਦੇ ਹਨ ਕਿ Ceaser's wife should be above suspicion. ਪਹਿਲੇ Ceaser's wife ਤੋਂ ਕੰਮ ਸ਼ੁਰੂ ਕਰੀਏ ਅਤੇ ਥੱਲੇ ਵਾਲਿਆਂ ਨਾਲ ਬਾਅਦ ਵਿੱਚ ਗੱਲਬਾਤ ਕਰ ਲਵਾਂਗੇ। ਬਹੁਤ ਅੱਛੀ suggestion ਹੈ and I hope, ਈ.ਟੀ.ਓ. ਸਾਹਿਬ ਚੰਡੀਗੜ੍ਹ ਤੋਂ ਇਹ ਕੰਮ ਸ਼ੁਰੂ ਕਰਨਗੇ ਅਤੇ ਪਟਿਆਲੇ ਤੱਕ ਜ਼ਰੂਰ ਪਹੁੰਚਣਾ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1142**

(ਸਬੰਧਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਪਿੰਡ ਗਿੱਦੜਪਿੰਡੀ ਤੋਂ ਪਿੰਡ ਚੰਨਣਵਿੰਡੀ ਅਤੇ ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ ਸੜਕ ਦੀ ਮੁਰੰਮਤ ਕਰਨਾ**

***1165. ਰਾਣਾ ਇੰਦਰ ਪ੍ਰਤਾਪ ਸਿੰਘ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਹਾਲ ਵਿੱਚ ਆਏ ਹੜ੍ਹਾਂ ਕਾਰਨ ਨਿਮਨਲਿਖਤ ਲਿੰਕ ਸੜਕਾਂ ਖਰਾਬ ਹੋ ਗਈਆਂ ਹਨ ਅਤੇ ਵਾਹਨਾਂ ਦੀ ਆਵਾਜਾਈ ਦੇ ਯੋਗ ਨਹੀਂ ਰਹੀਆਂ ਹਨ;

1. ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਗਿੱਦੜਪਿੰਡੀ ਤੋਂ ਜਿਲ੍ਹਾ ਕਪੂਰਥਲਾ ਵਿੱਚ ਪੈਂਦੇ ਪਿੰਡ ਚੰਨਣਵਿੰਡੀ ਤੱਕ;
2. ਜ਼ਿਲ੍ਹਾ ਕਪੂਰਥਲਾ ਵਿੱਚ ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ;

(ਅ) ਉਪਰੋਕਤ ਭਾਗ (ੳ)ਵਿੱਚ ਵਰਣਿਤ ਲਿੰਕ ਸੜਕਾਂ ਦੀ ਮੁਰੰਮਤ ਕਰਨ ਲਈ ਚੁੱਕੇ ਜਾ ਰਹੇ ਕਦਮ ਕੀ ਹਨ ਅਤੇ ਇਸ ਨੂੰ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਆਪਣੇ ਇਲਾਕੇ ਦੀਆਂ ਸੜਕਾਂ ਬਾਰੇ ਪੁੱਛਿਆ ਹੈ।

(ੳ) ਜੀ ਹਾਂ, ਇਹ ਠੀਕ ਹੈ ਕਿ ਜ਼ਿਲ੍ਹਾ ਜਲੰਧਰ ਵਿੱਚ ਪੈਂਦੇ ਪਿੰਡ ਗਿੱਦੜਪਿੰਡੀ ਤੋਂ ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦੇ ਪਿੰਡ ਚੰਨਣਵਿੰਡੀ ਤੱਕ ਅਤੇ ਜ਼ਿਲ੍ਹਾ ਕਪੂਰਥਲਾ ਵਿੱਚ ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ ਲਿੰਕ ਸੜਕਾਂ ਦੀ ਹਾਲਤ ਖਰਾਬ ਹੈ।

1) ਪਿੰਡ ਗਿੱਦੜਪਿੰਡੀ ਤੋਂ ਪਿੰਡ ਚੰਨਣਵਿੰਡੀ ਤੱਕ ਲਿੰਕ ਸੜਕ ਮੁਰੰਮਤ ਲਈ ਡਿਊ ਹੈ ਪਰੰਤੂ ਭਾਰਤ ਸਰਕਾਰ ਪਾਸੋਂ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐਫ.) ਪ੍ਰਾਪਤ ਨਾ ਹੋਣ ਕਾਰਨ ਅਤੇ ਫੰਡਾਂ ਦੀ ਘਾਟ ਹੋਣ ਕਾਰਨ ਮੁਰੰਮਤ ਨਹੀਂ ਕੀਤੀ ਜਾ ਸਕੀ।

2) ਪਿੰਡ ਚੰਨਣਵਿੰਡੀ ਤੋਂ ਪਿੰਡ ਭਰੋਆਣਾ ਤੱਕ ਲਿੰਕ ਸੜਕ, ਜੋ ਕਿ ਸਾਲ 2023 ਵਿੱਚ ਆਏ ਹੜ੍ਹਾਂ ਕਾਰਨ ਟੁੱਟ ਗਈ ਸੀ, ਦੀ ਮੁਰੰਮਤ ਕਰਾਉਣ ਲਈ ਆਪਦਾ ਪ੍ਰਬੰਧਨ ਵਿਭਾਗ, ਭਾਰਤ ਸਰਕਾਰ ਪਾਸੋਂ ਫੰਡਾਂ ਦੀ ਮੰਗ ਕੀਤੀ ਗਈ ਹੈ। ਫੰਡ ਪ੍ਰਾਪਤ ਹੋਣ ਤੇ ਇਸ ਲਿੰਕ ਸੜਕ ਦੀ ਮੁਰੰਮਤ ਕਰਵਾ ਦਿੱਤੀ ਜਾਵੇਗੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਆਪਾਂ ਭਾਰਤ ਸਰਕਾਰ ਦੇ ਫੰਡਾਂ ਦਾ ਇੰਤਜ਼ਾਰ ਕਰ ਰਹੇ ਹਾਂ। ਇਨ੍ਹਾਂ ਲੋਕਾਂ ਦੀਆਂ ਫਸਲਾਂ ਵੀ ਖਰਾਬ ਹੋ ਗਈਆਂ, ਉਸ ਦੇ ਵੀ ਪੈਸੇ ਨਹੀਂ ਮਿਲੇ, ਸੜਕਾਂ ਵੱਲੋਂ ਵੀ ਜਾਂਦੇ ਰਹੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਇਨ੍ਹਾਂ ਸੜਕਾਂ ਨੂੰ ਆਰ.ਡੀ.ਐਫ. ਨਾਲ ਲਿੰਕ ਨਾ ਕੀਤਾ ਜਾਵੇ ਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਲਈ ਪੰਜਾਬ ਸਰਕਾਰ ਆਪਣੇ ਬਜਟ ਵਿਚੋਂ ਕੁਝ ਨਾ ਕੁਝ ਪ੍ਰਬੰਧ ਕਰਕੇ ਇੱਕ ਟਾਈਮ ਫਰੇਮ ਮੈਨਰ ਦੇ ਵਿੱਚ ਜ਼ਰੂਰ ਮੁਰੰਮਤ ਕਰਵਾਈ ਜਾਵੇ।

**ਸਰਦਾਰ ਹਰਦੇਵ ਸਿੰਘ ਲਾਡੀ:** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂਬਰ ਸਾਹਿਬ ਨੇ ਇਹ ਜੋ ਸੜਕਾਂ ਦਾ ਇਸ਼ੂ ਹਾਊਸ ਵਿਚ ਲਿਆਂਦਾ ਹੈ, ਪਿੰਡ ਗਿੱਦੜਪਿੰਡੀ ਸਾਡੇ ਹਲਕਾ ਸ਼ਾਹਕੋਟ ਵਿਚ ਪੈਂਦਾ ਹੈ। ਜਦੋਂ 2023 ਵਿਚ ਹੜ੍ਹ ਆਇਆ ਸੀ, ਤੁਸੀਂ ਵੀ ਉਦੋਂ ਗਏ ਸੀ ਤੇ ਤੁਸੀਂ ਸਾਰਾ ਏਰੀਆ ਦੇਖਿਆ ਹੈ। ਉਸੇ ਤਰ੍ਹਾਂ ਹੀ ਹੁਣ ਵੀ

ਸਾਡੇ ਜਿਹੜੇ ਪਿੰਡ ਹਨ, ਉਨ੍ਹਾਂ ਦੀਆਂ ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਪਿੱਛੇ ਜਿਹੇ ਪ੍ਰਧਾਨ ਮੰਤਰੀ ਸੜਕ ਯੋਜਨਾ ਸਕੀਮ ਅਧੀਨ ਜਲੰਧਰ ਜ਼ਿਲ੍ਹੇ ਦੀਆਂ 87 ਕਿਲੋਮੀਟਰ ਸੜਕਾਂ ਪਾਸ ਹੋਈਆਂ ਸਨ। ਪਿੰਡ ਗਿੱਦੜਪਿੰਡੀ ਤੋਂ ਰੋਡ ਰਾਹੀਂ ਮਹਿਰਾਜ ਵਾਲੇ ਦੀ ਘੁੰਮ ਕੇ ਜਿੱਧਰ ਤੁਸੀਂ ਬਾਬਾ ਸੀਚੇਵਾਲ ਜੀ ਨਾਲ ਗਏ ਸੀ ਅਤੇ ਤੁਸੀਂ 10 ਲੱਖ ਰੁਪਿਆ ਵੀ ਦੇ ਕੇ ਆਏ ਸੀ, ਉਹ 18 ਕਿਲੋਮੀਟਰ ਰੋਡ ਹੈ, ਇਹ ਉਸ ਸਾਰੇ ਹੀ ਏਰੀਆ ਵਿੱਚ ਪ੍ਰਧਾਨ ਮੰਤਰੀ ਸੜਕ ਯੋਜਨਾ ਸਕੀਮ ਤਹਿਤ 18 ਫੁੱਟੀ ਰੋਡ ਬਣ ਜਾਵੇਗੀ, ਉਸ ਦਾ ਐਸਟੀਮੇਟ ਵੀ ਲੱਗ ਗਿਆ ਪਰ ਉਸ ਦੇ ਕੰਮ ਦਾ ਕੋਈ ਟੈਂਡਰ ਨਹੀਂ ਲੱਗਿਆ, ਜਦਕਿ ਉਸ ਪ੍ਰਾਜੈਕਟ ਨੂੰ ਪਾਸ ਹੋਇਆਂ ਦੋ-ਢਾਈ ਸਾਲ ਹੋ ਗਏ ਹਨ। ਇਸ ਦੇ ਨਾਲ ਹੀ ਮੰਤਰੀ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਇਸ ਤੇ ਵੀ ਗੌਰ ਕੀਤਾ ਜਾਵੇ ਕਿ ਜੇ ਉਹ ਪ੍ਰਾਜੈਕਟ ਪੂਰਾ ਹੋ ਜਾਂਦਾ ਹੈ ਤਾਂ ਉਹ ਸਾਰੇ ਪਿੰਡ ਜਿਹੜੇ ਹੜ੍ਹਾਂ ਨਾਲ ਪ੍ਰਭਾਵਿਤ ਸਨ ਅਤੇ ਉਸ ਰੋਡ ਨਾਲ ਜੁੜਦੇ ਹਨ, ਉਨ੍ਹਾਂ ਨੂੰ ਰਾਹਤ ਮਿਲ ਜਾਵੇਗੀ। ਬਹੁਤ ਬਹੁਤ ਧੰਨਵਾਦ ਜੀ।

**ਮੰਤਰੀ** : ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਉਸੇ ਨਾਲ ਹੀ ਲਿੰਕਡ ਮੰਗ ਰੱਖੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜਾ ਆਰ.ਡੀ.ਐਫ. ਦੇ ਫੰਡਜ਼ ਦਾ ਮਸਲਾ ਹੈ, ਉਸ ਦਾ ਜਲਦੀ ਨਿਪਟਾਰਾ ਹੋਣ ਵਾਲਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਪਹਿਲ ਦੇ ਆਧਾਰ ਤੇ ਕਰਨਾ ਹੈ ਕਿਉਂਕਿ ਉਥੇ ਹੜ੍ਹਾਂ ਕਾਰਨ ਨੁਕਸਾਨ ਜ਼ਿਆਦਾ ਹੋਇਆ ਹੈ। ਮੇਰਾ ਖਿਆਲ ਹੈ ਕਿ 8.82 ਕਰੋੜ ਰੁਪਿਆ ਇਸ ਉਤੇ ਖਰਚ ਆਉਣਾ ਹੈ। ਇਸ ਲਈ ਉਸ ਦੀ ਥੋੜ੍ਹੀ ਉਡੀਕ ਕਰਨੀ ਪੈਣੀ ਹੈ। ਜੇ ਹੋ ਸਕਿਆ ਅਤੇ ਜੇਕਰ ਮਾਰਕੀਟ ਕਮੇਟੀਆਂ ਕੋਲ ਕੁਝ ਪੈਸੇ ਪਏ ਹੋਏ ਤਾਂ ਇਸ ਦਾ ਜਲਦੀ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਐਗਰੀਕਲਚਰ ਮਨਿਸਟਰ ਸਾਹਿਬ ਹਾਊਸ ਵਿੱਚ ਨਹੀਂ ਸਨ ਜਦੋਂ ਈ.ਟੀ.ਓ. ਸਾਹਿਬ ਬਤੌਰ ਪਬਲਿਕ ਵਰਕਸ ਮਨਿਸਟਰ ਇਸ ਦਾ ਜਵਾਬ ਦੇ ਰਹੇ ਸਨ, ਹੁਣ ਖੁੱਡੀਆਂ ਸਾਹਿਬ ਆ ਗਏ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਦੇ ਪਿੰਡਾਂ ਦੀ ਇਹੀ ਪ੍ਰਾਬਲਮ ਹੈ। ਸਾਰੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਕਿਰਪਾ ਕਰਕੇ ਤੁਸੀਂ ਸਾਰੇ ਪੰਜਾਬ ਨੂੰ ਚਾਨਣਾ ਪਾ ਸਕੋਗੇ ਕਿ ਜਿਹੜੇ ਆਰ.ਡੀ.ਐਫ. ਦੇ ਫੰਡਜ਼ ਹਨ, ਜੋ ਕਿ ਸੈਂਟਰ ਦੀ ਭਾਜਪਾ ਸਰਕਾਰ ਨੇ ਰੋਕੇ ਹੋਏ ਹਨ, ਮੁੱਖ ਮੰਤਰੀ ਸਾਹਿਬ ਅਤੇ ਤੁਹਾਡੇ

ਫਾਈਨਾਂਸ ਮਨਿਸਟਰ ਸਾਹਿਬ ਕਿੰਨੀ ਵਾਰ ਨੀਤੀ ਆਯੋਗ ਦੀ ਮੀਟਿੰਗ ਵਿੱਚ ਗਏ ਹਨ ਅਤੇ ਪੰਜਾਬ ਦੀ ਡਿਮਾਂਡ ਉੱਥੇ ਰੱਖੀ ਹੈ? ਇਹ ਪੈਸੇ ਕਦੋਂ ਤੱਕ ਮਿਲਣਗੇ, ਕਾਈਂਡਲੀ ਇਸ ਬਾਰੇ ਦੱਸਿਆ ਜਾਵੇ ਕਿ ਨੀਤੀ ਆਯੋਗ ਦੇ ਪੈਸੇ ਲੈਣ ਵਾਸਤੇ ਪੰਜਾਬ ਗੌਰਮਿੰਟ ਦਾ ਕੀ ਉਪਰਾਲਾ ਰਿਹਾ ਹੈ? ਤੁਸੀਂ ਕਿਹਾ ਹੈ ਕਿ ਥੋੜ੍ਹਾ ਇੰਤਜ਼ਾਰ ਕਰੋ, ਇਹ ਤਾਂ ਸਾਨੂੰ ਕਰਨੀ ਹੀ ਪਵੇਗੀ, ਸਾਡੇ ਕੋਲ ਹੋਰ ਕੋਈ ਚਾਰਾ ਨਹੀਂ ਹੈ ਪਰ ਕਿਰਪਾ ਕਰਕੇ ਸਾਨੂੰ ਇਹ ਦੱਸੋ ਕਿ ਕਿੰਨੀਆਂ ਮੀਟਿੰਗਾਂ ਅਟੈਂਡ ਕੀਤੀਆਂ ਗਈਆਂ ਹਨ? ਜੇਕਰ ਅਟੈਂਡ ਨਹੀਂ ਕੀਤੀਆਂ ਹਨ ਤਾਂ ਇਸ ਵਾਸਤੇ ਗੱਲ ਕਿੱਥੋਂ ਤੱਕ ਪਹੁੰਚੀ ਹੈ? ਕੀ 8000 ਕਰੋੜ ਰੁਪਿਆ ਮਿਲਣ ਦੀ ਕੋਈ ਆਸ ਹੈ? ਜੇਕਰ ਨਹੀਂ ਹੈ ਤਾਂ ਕੀ ਇਨ੍ਹਾਂ ਸੜਕਾਂ ਵਾਸਤੇ ਬਜਟ ਵਿਚੋਂ ਕੋਈ ਪ੍ਰੋਵੀਜ਼ਨ ਰੱਖੋਗੇ? ਮੈਂ ਸਿਰਫ ਇਹ ਪੁੱਛਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਵੈਸੇ ਇਹ ਸਵਾਲ ਵੱਖਰਾ ਬਣਦਾ ਹੈ ਅਤੇ ਪਹਿਲਾਂ ਵੀ ਇਹ ਗੱਲ ਹੋ ਚੁੱਕੀ ਹੈ। ਮੈਨੂੰ ਲਗਦਾ ਹੈ ਕਿ ਆਪਾਂ ਅੱਗੇ ਚੱਲੀਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੰਤਰੀ ਜੀ ਨੂੰ ਜਵਾਬ ਦੇਣ ਦਿਓ, ਇਹ ਬਹੁਤ ਨੇਕ ਬੰਦੇ ਹਨ।

**ਮੰਤਰੀ** : ਆਪੋਜ਼ੀਸ਼ਨ ਨੇਤਾ ਜੀ ਨੇ ਮੰਗ ਰੱਖੀ ਹੈ। ਇਹ ਆਰ.ਡੀ.ਐਫ. ਦੇ ਆਪਣੇ ਪੰਜਾਬ ਦੇ ਪੈਸੇ ਹਨ, ਤੁਸੀਂ ਵੀ ਉਸ ਵਿੱਚ ਹਿੱਸੇਦਾਰ ਹੋ। ਅਸੀਂ ਸੁਪਰੀਮ ਕੋਰਟ ਵਿੱਚ ਵੀ ਚਾਰਾਜੋਈ ਕੀਤੀ ਹੈ। ਮੈਂ ਵੀ ਚਾਹਾਂਗਾ ਕਿ ਆਪਾਂ ਇਕੱਠੇ ਚੱਲੀਏ ਅਤੇ ਉਨ੍ਹਾਂ ਅੱਗੇ ਮੰਗ ਰੱਖੀ ਜਾਵੇ ਕਿ ਸਾਡੇ ਪੈਸੇ ਦਿੱਤੇ ਜਾਣ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀਂ ਕੋਈ ਡੇਟ ਅਨਾਊਂਸ ਕਰੋ, ਆਪਾਂ ਚੱਲ ਪਵਾਂਗੇ।

**ਮੰਤਰੀ** : ਆਪਾਂ ਬੈਠ ਕੇ ਇਸ ਬਾਰੇ ਗੱਲ ਕਰ ਲਵਾਂਗੇ, ਤੁਹਾਨੂੰ ਵੀ ਲੈ ਲਵਾਂਗੇ ਅਤੇ ਇੱਕ ਦੋ ਨੂੰ ਹੋਰ ਲੈ ਲਵਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਬਹਿ ਕੇ ਬਾਅਦ ਵਿੱਚ ਗੱਲ ਕਰ ਲਵਾਂਗੇ। ਅੱਜ ਆਪਾਂ ਦੋਵੇਂ ਖੜ੍ਹੇ ਹਾਂ, ਪਹਿਲਾਂ ਖੜ੍ਹ ਕੇ ਗੱਲ ਕਰ ਲਈਏ।

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਨਾਲ ਤੁਸੀਂ ਹੋਵੋਗੇ ਅਤੇ ਨਾਲ ਹੋਰ ਵੀ ਸਾਥੀ ਲੈ ਲਵਾਂਗੇ। ਇਹ ਪੰਜਾਬ ਦਾ ਮਾਮਲਾ ਹੈ, ਆਪਣਾ ਸਾਂਝਾ ਮਾਮਲਾ ਹੈ, ਆਪਣਾ ਪੈਸਾ ਹੈ। ਪੰਜਾਬ ਦੀ ਤਰੱਕੀ ਤੇ ਲੱਗਣਾ ਹੈ ਅਤੇ ਇਸ ਦੀ ਬਹੁਤ ਜ਼ਰੂਰਤ ਹੈ।

---

**ਡਿਗਰੀ ਕਾਲਜ ਸਿੱਧੂਪੁਰ ਵਿਖੇ ਪ੍ਰੋਫੈਸਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ**

***965. ਸ੍ਰੀਮਤੀ ਅਰੁਨਾ ਚੌਧਰੀ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਡਿਗਰੀ ਕਾਲਜ ਸਿੱਧੂਪੁਰ (ਦੀਨਾਨਗਰ) ਵਿੱਚ ਪ੍ਰੋਫ਼ੈਸਰਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਅਤੇ ਮੌਜੂਦਾ ਸਮੇਂ ਵਿੱਚ ਉੱਥੇ ਕੰਮ ਕਰ ਰਹੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦੀ ਮੌਜੂਦਾ ਗਿਣਤੀ ਕਿੰਨੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ** : ਸਰਕਾਰੀ ਕਾਲਜ ਸਿੱਧੂਪੁਰ ਵਿਖੇ ਟੀਚਿੰਗ ਸਟਾਫ ਦੀਆਂ ਕੁੱਲ 10 ਮਨਜ਼ੂਰਸ਼ੁਦਾ ਅਸਾਮੀਆਂ ਹਨ। ਮੌਜੂਦਾ ਸਮੇਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਇੱਕ ਸਹਾਇਕ ਪ੍ਰੋਫੈਸਰ ਅਤੇ ਇੱਕ ਪਾਰਟ ਟਾਈਮ ਲੈਕਚਰਾਰ ਦੀ ਕਲੱਸਟਰ ਡਿਊਟੀ ਲਗਾਈ ਗਈ ਹੈ। ਇਸ ਸਮੇਂ ਕਾਲਜ ਵਿਖੇ ਵਿਦਿਆਰਥੀਆਂ ਦੀ ਕੁੱਲ ਗਿਣਤੀ 19 ਹੈ।

**ਸ੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਸਬ-ਡਵੀਜ਼ਨ, ਦੀਨਾਨਗਰ ਵਿੱਚ ਕੋਈ ਵੀ ਡਿਗਰੀ ਕਾਲਜ ਨਹੀਂ ਸੀ। ਅਸੀਂ ਅੱਠ ਏਕੜ ਵਿੱਚ ਬਹੁਤ ਬੜਾ ਇਨਫ੍ਰਾਸਟ੍ਰਕਚਰ ਬਣਾ ਕੇ 60-70 ਸਟੂਡੈਂਟਸ ਨਾਲ ਪਹਿਲਾ ਬੈਚ ਸ਼ੁਰੂ ਕੀਤਾ ਸੀ। ਮੰਤਰੀ ਜੀ ਨੇ ਮੈਨੂੰ ਜਵਾਬ ਦਿੱਤਾ ਹੈ ਕਿ ਉਥੇ 10 ਸੈਂਕਸ਼ਨਡ ਪੋਸਟਾਂ ਹਨ ਲੇਕਿਨ ਬੱਚੇ ਇਸ ਕਰਕੇ ਵੀ ਘੱਟ ਹਨ ਕਿਉਂਕਿ ਅੱਜ ਉਥੇ ਫੈਸਿਲਟੀਜ਼ ਨਹੀਂ ਹਨ। ਇਕ ਅਸਿਸਟੈਂਟ ਪ੍ਰੋਫੈਸਰ ਅਤੇ ਪਾਰਟ ਟਾਈਮ ਲੈਕਚਰਾਰ ਹੈ। ਮੈਂ ਚਾਹਾਂਗੀ ਕਿ ਸਾਨੂੰ ਪਰਾਪਰ ਫੈਕਲਟੀ ਮੈਂਬਰ ਦਿੱਤੇ ਜਾਣ ਤਾਂ ਜੋ ਜ਼ਿਆਦਾ ਸਟੂਡੈਂਟ ਆ ਸਕਣ ਅਤੇ ਕਾਲਜ ਨੂੰ ਵਾਇਬਲ ਕੀਤਾ ਜਾਵੇ। ਮੰਤਰੀ ਜੀ ਇਹ ਫੈਕਲਟੀ ਕਦੋਂ ਤੱਕ ਪ੍ਰੋਵਾਈਡ ਕਰਵਾ ਦੇਣਗੇ?

**ਮੰਤਰੀ** : ਸਪੀਕਰ ਸਾਹਿਬ, ਸਿੱਧੂਪੁਰ ਕਾਲਜ ਵਿੱਚ 10 ਸੈਂਕਸ਼ਨਡ ਪੋਸਟਾਂ ਹਨ, ਜਿਸ ਵਿਚੋਂ ਇਕ ਅਸਿਸਟੈਂਟ ਪ੍ਰੋਫੈਸਰ ਅਤੇ ਇਕ ਪਾਰਟ ਟਾਈਮ ਲੈਕਚਰਾਰ ਦੀ ਡਿਊਟੀ ਕਲੱਸਟਰ ਵਿੱਚ ਲੱਗੀ ਹੋਈ ਹੈ। ਇਸ ਕਾਲਜ ਵਿੱਚ ਕਮਰਸ ਵੀ ਸ਼ੁਰੂ ਕੀਤੀ ਗਈ ਸੀ, ਕਮਰਸ ਦਾ ਇਕ ਵੀ ਵਿਦਿਆਰਥੀ ਨਹੀਂ ਹੈ। ਇਸ ਕਾਲਜ ਵਿੱਚ 19 ਬੱਚੇ ਹਨ, ਜਿਸ ਵਿਚੋਂ ਪਹਿਲੇ ਸਾਲ ਵਿੱਚ 11, ਦੂਜੇ ਸਾਲ ਵਿੱਚ 5 ਅਤੇ ਤੀਜੇ ਸਾਲ ਵਿੱਚ 3 ਬੱਚੇ, ਕੁੱਲ 19 ਸਟੂਡੈਂਟਸ ਇੱਥੇ ਪੜ੍ਹਦੇ ਹਨ। ਇਸ ਦੇ ਬਾਵਜੂਦ ਵੀ ਕਿਉਂਕਿ ਇਨਵੈਸਟਮੈਂਟ ਕੀਤੀ ਹੋਈ ਹੈ ਅਤੇ ਇਹ ਅੱਠ ਏਕੜ ਦਾ ਕੈਂਪਸ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ 612 ਅਸਿਸਟੈਂਟ ਪ੍ਰੋਫੈਸਰਾਂ ਦੀਆਂ ਪੋਸਟਾਂ ਪੀ.ਪੀ.ਐਸ.ਸੀ. ਦੇ ਡੋਮੇਨ ਵਿੱਚ ਜਾ ਚੁੱਕੀਆਂ ਹਨ, ਉਨ੍ਹਾਂ ਵਿੱਚੋਂ ਬਹੁਤ ਜਲਦੀ ਇਥੇ ਭਰਤੀ ਹੋ ਜਾਵੇਗੀ। ਇਸ ਕਾਲਜ ਵਿੱਚ ਪ੍ਰੋਫੈਸਰ ਭੇਜ ਦਿੱਤੇ ਜਾਣਗੇ।

---

**ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਤੇ ਓਵਰ ਬਰਿਜ ਬਣਾਉਣਾ**

***1051. ਸਰਦਾਰ ਜਗਸੀਰ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁੱਚੋ ਮੰਡੀ ਬਾਲਿਆਂਵਾਲੀ ਰੋਡ ਉਪਰ ਰੇਲਵੇ ਲਾਈਨ ਹੈ, ਇਹ ਇੱਕ ਡਬਲ ਲਾਈਨ ਫਾਟਕ ਹੈ ਅਤੇ ਇਸ ਫਾਟਕ ਦੇ ਬੰਦ ਹੋਣ ਕਾਰਨ ਇੱਥੇ ਕਈ ਘੰਟੇ ਜਾਮ ਲੱਗਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਨੂੰ ਰੋਜ਼ਾਨਾ ਹੀ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਬਾਲਿਆਂਵਾਲੀ ਰੋਡ ਤੇ ਓਵਰ ਬਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ :** ਹਾਲ ਦੀ ਘੜੀ ਬਾਲਿਆਂ ਵਾਲੀ ਸੜਕ ਤੇ ਓਵਰ ਬਰਿਜ ਬਣਾਉਣ ਦੀ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

---

## WRITTEN ANSWER TO STARRED QUESTION LAID ON THE TABLE OF THE HOUSE UNDER RULE 38

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

### ਪਿੰਡ ਵਣੀਏ ਕੇ ਤੋਂ ਅਜਨਾਲਾ ਤੱਕ ਸੜਕ ਦੀ ਰਿਪੇਅਰ ਕਰਵਾਉਣਾ

***948. ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਲਾਕ ਚੋਗਾਵਾਂ, ਜ਼ਿਲ੍ਹਾ ਅੰਮ੍ਰਿਤਸਰ ਅਧੀਨ ਵਣੀਏਕੇ-ਅਜਨਾਲਾ (ਵਾਇਆ ਚੋਗਾਵਾਂ) ਲਿੰਕ ਰੋਡ ਦੀ ਤਾਜ਼ਾ ਸਥਿਤੀ ਕੀ ਹੈ ਅਤੇ ਇਸ ਦੀ ਮੁਰੰਮਤ ਦਾ ਕੰਮ ਕਦੋਂ ਸ਼ੁਰੂ ਹੋਵੇਗਾ

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)** : ਅਟਾਰੀ-ਚੋਗਾਵਾਂ-ਅਜਨਾਲਾ ਰੋਡ (ਵਣੀਏਕੇ-ਅਜਨਾਲਾ ਵਾਇਆ ਚੋਗਾਵਾਂ) ਇੱਕ ਪਲਾਨ ਰੋਡ ਹੈ, ਜਿਸ ਦਾ ਰੋਡ ਕੋਡ ਨੰਬਰ ਐਮ.ਡੀ.ਆਰ-63 ਹੈ। ਅਟਾਰੀ-ਚੋਗਾਵਾਂ-ਅਜਨਾਲਾ ਰੋਡ ਦੀ ਮਜ਼ਬੂਤੀ ਦਾ ਇਹ ਕੰਮ Central Road Infrastructure Funds (CRIF) Scheme ਤਹਿਤ ਮਨਜ਼ੂਰ ਹੈ ਅਤੇ ਇਸ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਸੜਕ ਦੀ ਕੁੱਲ ਲੰਬਾਈ 25.00 ਕਿ:ਮੀ: (ਕਿ:ਮੀ: 6.00 ਤੋਂ ਕਿ:ਮੀ: 31.00) ਹੈ ਅਤੇ ਚੌੜਾਈ 5.50 ਮੀਟਰ ਹੈ। ਇਸ ਕੰਮ ਦੀ ਪ੍ਰਗਤੀ 50% ਹੈ। ਇਹ ਕੰਮ ਛੇਤੀ ਹੀ ਮੁਕੰਮਲ ਕਰਕੇ ਲੋਕਾਂ ਦੀ ਸਹੂਲਤ ਲਈ ਖੋਲ੍ਹ ਦਿੱਤਾ ਜਾਵੇਗਾ।

---

## UNSTARRED QUESTIONS AND ANSWERS

### ਰਾਜ ਵਿੱਚ ਲਾਇਬ੍ਰੇਰੀ ਸਬੰਧੀ ਐਕਟ ਬਣਾਉਣਾ

**329. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਸੱਚ ਹੈ ਕਿ ਪੰਜਾਬ ਸਰਕਾਰ ਦੀ ਇੱਕ ਉੱਚ ਪੱਧਰੀ ਮੀਟਿੰਗ ਵਿੱਚ "ਪੰਜਾਬ ਪਬਲਿਕ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਬਿਲ" ਦੇ ਖਰੜੇ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਪਰ ਲੰਮਾ ਸਮਾਂ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਇਸ ਬਿਲ ਨੂੰ ਵਿਧਾਨ ਸਭਾ ਵਿੱਚ ਪੇਸ਼ ਨਹੀਂ ਕੀਤਾ ਗਿਆ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਕੀ ਸਰਕਾਰ ਭਵਿੱਖ ਵਿੱਚ ਲਾਇਬ੍ਰੇਰੀ ਸਬੰਧੀ ਬਿਲ ਨੂੰ ਅਸੈਂਬਲੀ ਤੋਂ ਪਾਸ ਕਰਵਾ ਕੇ ਐਕਟ ਬਣਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਹਾਂ, ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ:** (ੳ) ਇਸ ਸਬੰਧੀ ਦੱਸਿਆ ਜਾਂਦਾ ਹੈ ਕਿ "ਪੰਜਾਬ ਪਬਲਿਕ ਲਾਇਬ੍ਰੇਰੀ ਅਤੇ ਸੂਚਨਾ ਸੇਵਾਵਾਂ ਬਿਲ" ਦਾ ਖਰੜਾ ਬਣਾਉਣ ਲਈ ਕਾਰਵਾਈ ਆਰੰਭੀ ਗਈ ਸੀ ਪ੍ਰੰਤੂ ਇਹ ਕਾਰਜ ਨੇਪਰੇ ਨਹੀਂ ਲੱਗ ਸਕਿਆ।

(ਅ) ਇਸ ਸਬੰਧੀ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਬਿਜਲੀ ਡਿਮਾਂਡ ਅਨੁਸਾਰ ਬਿਜਲੀ ਉਤਪਾਦਨ ਵਿੱਚ ਵਾਧਾ ਕਰਨਾ**

**342. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਰਾਜ ਸਰਕਾਰ ਵੱਲੋਂ ਸਾਲ, 2022 ਤੋਂ ਹੁਣ ਤੱਕ ਗਰਮੀਆਂ ਅਤੇ ਸਰਦੀਆਂ ਦੇ ਸੀਜ਼ਨ ਵਿੱਚ ਬਿਜਲੀ ਡਿਮਾਂਡ ਪੀਕ ਪੀਰੀਅਡ ਦੌਰਾਨ ਬਿਜਲੀ ਦੀ ਡਿਮਾਂਡ ਲਈ ਲੋੜੀਂਦਾ ਬਿਜਲੀ ਉਤਪਾਦਨ (Power Generation) ਵਿੱਚ ਵਾਧਾ ਕੀਤਾ ਹੈ; ਜੇਕਰ ਹਾਂ ਤਾਂ ਕਿੰਨਾ ਵਾਧਾ ਕੀਤਾ ਹੈ ਤੇ ਫ਼ਿਰ ਇਸ ਸਾਲ ਸਰਦੀਆਂ ਦੇ ਸੀਜ਼ਨ ਵਿੱਚ ਅਣ-ਐਲਾਨੇ ਲੰਮੇ ਲੰਮੇ ਬਿਜਲੀ ਦੇ ਕੱਟ ਲੱਗਣ ਦੇ ਕੀ ਕਾਰਨ ਹਨ;

(ਅ) ਭਵਿੱਖ ਵਿੱਚ ਰਾਜ ਦੀ ਹਰ ਸਾਲ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਸਮੇਂ ਸਮੇਂ ਤੇ ਅਡਵਾਂਸ ਵਿੱਚ ਬਿਜਲੀ ਉਤਪਾਦਨ (Power Generation) ਵਧਾਉਣ ਨੂੰ ਯਕੀਨੀ ਬਣਾਉਣ ਅਤੇ ਆਉਣ ਵਾਲੇ ਗਰਮੀ ਦੇ

ਸੀਜ਼ਨ ਵਿੱਚ ਲੋਕਾਂ ਨੂੰ 24 ਘੰਟੇ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ**: (ੳ) ਪੀ.ਐਸ.ਪੀ.ਸੀ.ਐਲ. ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਵੱਖ-ਵੱਖ ਸਰੋਤਾਂ ਤੋਂ ਬਿਜਲੀ ਦਾ ਪ੍ਰਬੰਧ ਕਰਦਾ ਹੈ। ਸਥਾਪਿਤ ਸਮਰੱਥਾ ਮਾਰਚ, 2022 ਤੋਂ 13,949 ਮੈਗਾਵਾਟ ਤੋਂ ਵਧਾ ਕੇ 14,726 ਮੈਗਾਵਾਟ ਹੋ ਗਈ ਹੈ। ਪੰਜਾਬ ਦੀ ਉਪਲੱਬਧ ਟਰਾਂਸਫਰ ਸਮਰੱਥਾ (ਏ.ਟੀ.ਸੀ.) ਭਾਵ ਪੰਜਾਬ ਤੋਂ ਬਾਹਰੋਂ ਬਿਜਲੀ ਦਰਾਮਦ ਕਰਨ ਦੀ ਸਮਰੱਥਾ ਨੂੰ ਵੀ 7100 ਮੈਗਾਵਾਟ ਤੋਂ ਵਧਾ ਕੇ 9500 ਮੈਗਾਵਾਟ ਕਰ ਦਿੱਤਾ ਗਿਆ ਹੈ ਅਤੇ ਜੂਨ, 2024 ਤੱਕ ਇਸ ਨੂੰ ਵਧਾ ਕੇ 10,000 ਮੈਗਾਵਾਟ ਕਰ ਦਿੱਤਾ ਜਾਵੇਗਾ। ਪੀ.ਐਸ.ਪੀ.ਸੀ.ਐਲ ਹਮੇਸ਼ਾ ਹੀ ਖਪਤਕਾਰਾਂ ਨੂੰ 24 ਘੰਟੇ ਸਪਲਾਈ ਪ੍ਰਦਾਨ ਕਰਨ ਦਾ ਯਤਨ ਕਰਦਾ ਹੈ। ਆਮ ਤੌਰ ਤੇ ਸਰਦੀਆਂ ਦੇ ਮੌਸਮ ਵਿੱਚ ਮੰਗ ਨੂੰ ਪੂਰਾ ਕਰਨ ਲਈ ਬਿਜਲੀ ਦੀ ਕਾਫੀ ਉਪਲੱਬਧਤਾ ਰਹਿੰਦੀ ਹੈ ਪਰ ਸ਼ਾਹਪੁਰ ਕੰਢੀ ਡੈਮ ਦੇ ਪੋਂਡਿੰਗ ਦੇ ਕੰਮ ਕਾਰਣ ਰਣਜੀਤ ਸਾਗਰ ਡੈਮ (600 ਮੈਗਾਵਾਟ) ਅਤੇ ਯੂ.ਬੀ.ਡੀ.ਸੀ. ਪਾਵਰ ਹਾਊਸ (90 ਮੈਗਾਵਾਟ) ਵਿੱਚ 15 ਜਨਵਰੀ, 2024 ਤੋਂ 19 ਫਰਵਰੀ, 2024 ਤੱਕ ਬਿਜਲੀ ਉਤਪਾਦਨ ਵਿੱਚ ਪੂਰੀ ਤਰ੍ਹਾਂ ਬੰਦ ਹੋਣ ਕਾਰਣ ਕੁਝ ਦਿਨਾਂ ਲਈ ਸਵੇਰੇ ਅਤੇ ਸ਼ਾਮ ਦੀ ਪੀਕ ਡਿਮਾਂਡ ਨੂੰ ਪੂਰਾ ਕਰਨ ਲਈ ਮਾਮੂਲੀ ਕਮੀ ਆਈ ਸੀ। ਇਸ ਸਮੇਂ ਦੌਰਾਨ ਲਗਾਤਾਰ ਠੰਢ ਅਤੇ ਧੁੰਦ ਦੇ ਮੌਸਮ ਕਾਰਨ ਸੋਲਰ ਪਾਵਰ ਉਤਪਾਦਨ ਵਿਚ ਵੀ ਭਾਰੀ ਗਿਰਾਵਟ ਆਈ ਸੀ।

(ਅ) ਇਸ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ-

(1) ਪੀ.ਐਸ.ਪੀ.ਸੀ.ਐਲ. ਨੇ 2804 ਮੈਗਾਵਾਟ ਸੋਲਰ ਪਾਵਰ ਦੀ ਖਰੀਦ ਲਈ ਲੰਬੇ ਸਮੇਂ ਦੇ ਪੀ.ਪੀ.ਏ. ਹਸਤਾਖਰ ਕੀਤੇ ਹਨ, ਜਿਸ ਵਿੱਚੋਂ 550 ਮੈਗਾਵਾਟ ਸਾਲ 2024 ਵਿੱਚ ਚਾਲੂ ਹੋਣ ਦੀ ਉਮੀਦ ਹੈ। ਸੋਲਰ ਐਨਰਜੀ ਕਾਰਪੋਰੇਸ਼ਨ ਆਫ ਇੰਡੀਆ (ਸੇਕੀ) ਦੁਆਰਾ 3000 ਮੈਗਾਵਾਟ RE/RTC (ਨਵਿਆਉਣਯੋਗ ਊਰਜਾ ਰਾਊਂਡ ਦ ਕਲਾਕ) ਪਾਵਰ ਲਈ ਟੈਂਡਰਿੰਗ ਪ੍ਰਕਿਰਿਆ ਉੱਨਤ ਪੜਾਅ

ਤੇ ਹੈ। 2500 ਮੈਗਾਵਾਟ ਸੂਰਜੀ ਊਰਜਾ ਲਈ ਟੈਂਡਰ ਵੀ ਕੱਢੇ ਗਏ ਹਨ। 206 ਮੈਗਾਵਾਟ ਦਾ ਸ਼ਾਹਪੁਰ ਕੰਢੀ ਪਾਵਰ ਪ੍ਰੋਜੈਕਟ ਜੂਨ, 2025 ਤੋਂ ਪੜਾਅਵਾਰ ਉਤਪਾਦਨ ਸ਼ੁਰੂ ਕਰੇਗਾ।

(2) ਪੀ.ਐਸ.ਪੀ.ਸੀ.ਐਲ. ਵੱਲੋਂ 6 ਰਵਾਇਤੀ ਸਰੋਤਾਂ ਵਾਲੇ ਪ੍ਰੋਜੈਕਟਾਂ ਲਈ ਪੀ.ਪੀ.ਏ.(ਬਿਜਲੀ ਖਰੀਦ ਸਮਝੌਤੇ) ਕੀਤੇ ਹੋਏ ਹਨ। ਇਹਨਾਂ 6 ਪ੍ਰੋਜੈਕਟਾਂ ਵਿੱਚ ਪੀ.ਐਸ.ਪੀ.ਸੀ.ਐਲ.ਦਾ ਹਿੱਸਾ ਲੱਗਭੱਗ 300 ਮੈਗਾਵਾਟ ਹੈ। ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ. ਵੱਲੋਂ 3 ਵੱਡੇ ਪਣ-ਬਿਜਲੀ ਪ੍ਰੋਜੈਕਟਾਂ ਲਈ ਪੀ.ਪੀ.ਏ.(ਬਿਜਲੀ ਖਰੀਦ ਸਮਝੌਤੇ) ਕਰਨ ਲਈ ਪ੍ਰਕਿਰਿਆ ਜਾਰੀ ਹੈ। ਇਨ੍ਹਾਂ 3 ਪ੍ਰੋਜੈਕਟਾਂ ਵਿੱਚ ਪੀ.ਐਸ.ਪੀ.ਸੀ.ਐਲ.ਦਾ ਹਿੱਸਾ ਲੱਗਭੱਗ 250 ਮੈਗਾਵਾਟ ਹੈ।

---

## ਸਿਹਤ ਵਿਭਾਗ ਵਿੱਚ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨਾ ਅਤੇ ਠੇਕੇ ਤੇ ਭਰਤੀ ਬੰਦ ਕਰਨਾ

**345. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਿਹਤ ਵਿਭਾਗ ਵਿੱਚ ਕਿੰਨੇ ਤੇ ਕਿਹੜੇ ਕਿਹੜੇ ਦਰਜੇ ਦੇ ਮੁਲਾਜ਼ਮ ਕਦੋਂ ਕਦੋਂ ਠੇਕੇ ਤੇ ਜਾਂ ਵੱਖ ਵੱਖ ਸਕੀਮਾਂ ਰਾਹੀਂ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਕਿੰਨੀ ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ; ਕੀ ਇਨ੍ਹਾਂ ਕਰਮਚਾਰੀਆਂ ਨੂੰ ਕਿਰਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਈ.ਐਸ.ਆਈ, ਈ.ਪੀ.ਐਫ ਅਤੇ ਬੀਮਾ ਆਦਿ ਦੀਆਂ ਸਹੂਲਤਾਂ ਦਿੱਤੀਆਂ/ਪ੍ਰੋਵਾਈਡ ਕਰਵਾਈਆਂ ਜਾ ਰਹੀਆਂ ਹਨ;

(ਅ) ਕੀ ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਅੱਗੇ ਤੋਂ ਵਿਭਾਗ ਵਿੱਚ ਠੇਕੇ ਤੇ ਭਰਤੀ ਪੱਕੇ ਤੌਰ ਤੇ ਬੰਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ;

(ੲ) ਕੀ ਉਪਰੋਕਤ ਭਾਗ (ਅ) ਵਿੱਚ ਵਰਣਿਤ ਕਰਮਚਾਰੀਆਂ ਦੀ ਭਰਤੀ ਵਿੱਚ ਲੋੜੀਂਦੀ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਸਮੇਂ ਦੇ ਅੰਦਰ ਕੀਤੀ ਗਈ ਕੁੱਲ ਭਰਤੀ ਅਤੇ ਉਨ੍ਹਾਂ ਵਿੱਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਕਰਮਚਾਰੀਆਂ ਦੇ ਵੇਰਵੇ ਦਿੱਤੇ ਜਾਣ; ਜੇਕਰ ਨਹੀਂ ਤਾਂ ਭਰਤੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ ਅਤੇ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਲਈ ਕਿਹੜੇ ਕਿਹੜੇ ਅਧਿਕਾਰੀ ਜ਼ਿੰਮੇਵਾਰ ਹਨ ਅਤੇ ਅਜਿਹੇ ਅਧਿਕਾਰੀਆਂ ਖਿਲਾਫ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ** : ਸ਼੍ਰੀਮਾਨ ਜੀ,

(ੳ) ਸਿਹਤ ਵਿਭਾਗ, ਪੰਜਾਬ ਵਿੱਚ ਠੇਕੇ ਦੇ ਆਧਾਰ ਤੇ ਭਰਤੀ ਕੀਤੇ ਜਾਂ ਵੱਖ ਵੱਖ ਸਕੀਮਾਂ ਅਧੀਨ ਭਰਤੀ ਕੀਤੇ ਕਰਮਚਾਰੀਆਂ ਦੀ ਗਿਣਤੀ ਅਤੇ ਸ਼੍ਰੇਣੀ ਅਨੁਸਾਰ ਵੇਰਵੇ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਦਿੱਤੀ ਜਾ ਰਹੀ ਤਨਖਾਹ ਸਬੰਧੀ ਵੱਖ-ਵੱਖ ਵੇਰਵੇ ਨੱਥੀ ਸੂਚੀ (ਅਨੁਲੱਗ ੳ) ਵਿੱਚ ਦਰਜ ਹਨ। ਵੱਖ-ਵੱਖ ਸਕੀਮਾਂ ਅਧੀਨ ਨਿਯੁਕਤ ਕੀਤੇ ਗਏ ਕਰਮਚਾਰੀਆਂ ਵਿਚੋਂ ਈ.ਪੀ.ਐਫ. ਐਕਟ, 1952 ਦੇ ਉਪਬੰਧਾਂ ਤਹਿਤ ਯੋਗ ਕਰਮਚਾਰੀਆਂ ਨੂੰ ਈ.ਪੀ.ਐਫ. ਦੀ ਸੁਵਿਧਾ ਦਿੱਤੀ ਜਾਂਦੀ ਹੈ।

(ਅ) ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵਲੋਂ ਪੱਤਰ ਨੰ: 11/7/22/4ਪੀ.ਪੀ.3/350-51 ਮਿਤੀ 16.05.2023 ਰਾਹੀਂ ਗਰੁੱਪ ਸੀ ਅਤੇ ਡੀ ਨਾਲ ਸਬੰਧਤ ਚਾਹਵਾਨ ਯੋਗ ਕਰਮਚਾਰੀਆਂ ਦੀਆਂ ਸੇਵਾਵਾਂ 58 ਸਾਲ ਦੀ ਉਮਰ ਤੱਕ ਨਿਯਮਿਤ ਕਰਨ ਲਈ "Policy for Welfare of Adhoc, Contractual, Daily Wages, Work Charged and Temporary Employees'' ਜਾਰੀ

ਕੀਤੀ ਜਾ ਚੁੱਕੀ ਹੈ। ਵੱਖ-ਵੱਖ ਸਕੀਮਾਂ ਅਧੀਨ ਠੇਕੇ ਦੇ ਆਧਾਰ ਤੇ ਕੀਤੀ ਜਾਣ ਵਾਲੀ ਭਰਤੀ ਨੂੰ ਭਵਿੱਖ ਵਿੱਚ ਪੱਕੇ ਤੌਰ ਤੇ ਬੰਦ ਕਰਨ ਦੀ ਕੋਈ ਤਜਵੀਜ਼ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

(ੲ) ਪੰਜਾਬ ਰਾਜ ਵਿੱਚ ਲੋੜੀਂਦੀ ਰਾਖਵਾਂਕਰਨ ਨੀਤੀ ਦੇ ਅਨੁਸਾਰ ਉਪਰੋਕਤ ਭਾਗ (ਅ) ਵਿੱਚ ਦਰਸਾਏ ਕਰਮਚਾਰੀਆਂ ਦੀ ਭਰਤੀ ਵਿੱਚ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਪ੍ਰਦਾਨ ਕੀਤੀ ਗਈ ਹੈ। ਇਨ੍ਹਾਂ ਭਰਤੀ ਕੀਤੇ ਕਰਮਚਾਰੀਆਂ ਦੇ ਵੇਰਵੇ ਸਮੇਤ ਉਪਰੋਕਤ ਮਿਆਦ ਦੇ ਦੌਰਾਨ ਕੀਤੀ ਗਈ ਭਰਤੀ ਦੀ ਕੁੱਲ ਗਿਣਤੀ ਨੱਥੀ ਸੂਚੀ (ਝੰਡੀ ੳ) ਵਿੱਚ ਦਰਜ ਹੈ।

**(ਅਨੁਲਗ ੳ)**

| **ਲੜੀ ਨੰ:** | **ਅਸਾਮੀ ਦਾ ਨਾਮ** | **ਠੇਕੇ ਤੇ ਕੰਮ ਕਰਦੇ ਕੁੱਲ ਕਰਮਚਾਰੀ** | **ਅ.ਜ. ਨਾਲ ਸਬੰਧਤ ਕੁੱਲ ਭਰਤੀ ਕੀਤੇ ਕਰਮਚਾਰੀ** | **ਬੀ.ਸੀ. ਨਾਲ ਸਬੰਧਤ ਕੁੱਲ ਭਰਤੀ ਕੀਤੇ ਕਰਮਚਾਰੀ** | **ਪ੍ਰਤੀ ਮਹੀਨਾ ਤਨਖਾਹ (ਮੌਜੂਦਾ ਤਨਖਾਹ ਵੱਧ ਤੋਂ ਵੱਧ)** | **ਸਕੀਮ ਜਿਸ ਅਧੀਨ ਭਰਤੀ ਕੀਤੀ ਗਈ ਹੈ** |
|---|---|---|---|---|---|---|
| 1 | ਅਕਾਊਟੈਂਟ | 1 | 1 | 0 | 30210/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 2 | ਜੂਨੀਅਰ ਇੰਜੀਨੀਅਰ (ਸੀ./ਈ.) | 4 | 2 | 1 | 36223/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 3 | ੳ.ਐਸ.ਡੀ. (ਲੀਗਲ) | 1 | 0 | 0 | 63600/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 4 | ਸਬ-ਡਵੀਜਨਲ ਕਲਰਕ | 6 | 2 | 1 | 23908/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 5 | ਵਰਕ ਸੁਪਰਵਾਈਜ਼ਰ | 1 | 0 | 0 | 14732/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 6 | ਕਲਰਕ | 1 | 0 | 0 | 20074/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 7 | ਪੀਅਨ | 2 | 1 | 0 | 14912/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 8 | ਡਰਾਈਵਰ | 1 | 0 | 0 | 18969/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 9 | ਵਾਰਡ ਅਟੈਂਡੈਂਟ | 10 | 3 | 1 | 12050/- | ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ |
| 10 | ਅਕਾਊਟਸ | 125 | 20 | 17 | 32976 | ਨੈਸ਼ਨਲ ਹੈਲਥ ਮਿਸ਼ਨ |
| 11 | ਅਕਾਊਂਟਸ ਆਫੀਸਰ | 22 | 4 | 2 | 58632 | ਨੈਸ਼ਨਲ ਹੈਲਥ ਮਿਸ਼ਨ |

| | | | | | | |
|---|---|---|---|---|---|---|
| 12 | ਐਡਮਿਨਸਟ੍ਰੇਟਿਵ ਅਸਿਸਟੈਂਟ | 1 | 0 | 0 | 40273 | ਨੈਸ਼ਨਲ ਹੈਲਥ ਮਿਸ਼ਨ |
| 13 | ਆਯੁਰਵੇਦਾ ਮੈਡੀਕਲ ਅਫਸਰ | 209 | 28 | 35 | 44947 | ਨੈਸ਼ਨਲ ਹੈਲਥ ਮਿਸ਼ਨ |
| 14 | ਏ.ਐਨ.ਐਮ. | 1620 | 431 | 201 | 25878 | ਨੈਸ਼ਨਲ ਹੈਲਥ ਮਿਸ਼ਨ |
| 15 | ਅਸਿਸਟੈਂਟ ਪ੍ਰੋਗਰਾਮ ਅਫਸਰ | 6 | 2 | 0 | 58160 | ਨੈਸ਼ਨਲ ਹੈਲਥ ਮਿਸ਼ਨ |
| 16 | ਆਰਟ ਅਤੇ ਐਗਜੀਬੀਸ਼ਨ ਐਕਸਪਰਟ | 1 | 0 | 0 | 41598 | ਨੈਸ਼ਨਲ ਹੈਲਥ ਮਿਸ਼ਨ |
| 17 | ਅਸਿਸਟੈਂਟ ਹਸਪਤਾਲ ਐਡਮਿਨੀਸਟ੍ਰੇਟਰ | 17 | 2 | 1 | 58902 | ਨੈਸ਼ਨਲ ਹੈਲਥ ਮਿਸ਼ਨ |
| 18 | ਆਡੀਓਲਾਜਿਸਟ ਅਤੇ ਸਪੀਚ ਥੈਰੇਪਿਸਟ | 3 | 1 | 0 | 43620 | ਨੈਸ਼ਨਲ ਹੈਲਥ ਮਿਸ਼ਨ |
| 19 | ਬੀਸੀਸੀ ਫੈਸੀਲੇਟਰ | 19 | 2 | 1 | 29214 | ਨੈਸ਼ਨਲ ਹੈਲਥ ਮਿਸ਼ਨ |
| 20 | ਬਜਟ ਫਾਈਨੈਂਸ ਆਫੀਸਰ | 1 | 0 | 0 | 43280 | ਨੈਸ਼ਨਲ ਹੈਲਥ ਮਿਸ਼ਨ |
| 21 | ਸੀ.ਆਰ.ਏ. | 10 | 2 | 1 | 22655 | ਨੈਸ਼ਨਲ ਹੈਲਥ ਮਿਸ਼ਨ |
| 22 | ਕਮਿਊਨਿਟੀ ਹੈਲਥ ਆਫੀਸਰ | 2406 | 504 | 245 | 37400 | ਨੈਸ਼ਨਲ ਹੈਲਥ ਮਿਸ਼ਨ |
| 23 | ਸਿਟੀ ਪ੍ਰੋਜੈਕਟ ਕਾਰਡੀਨੇਟਰ | 2 | 0 | 1 | 36350 | ਨੈਸ਼ਨਲ ਹੈਲਥ ਮਿਸ਼ਨ |
| 24 | ਕੋਲਡ ਚੈਨ ਟੈਕਨੀਸ਼ੀਅਨ | 7 | 2 | 1 | 24305 | ਨੈਸ਼ਨਲ ਹੈਲਥ ਮਿਸ਼ਨ |
| 25 | ਕਮਿਊਨਿਟੀ ਮਾਬੀਲਾਈਜ਼ਰ | 18 | 2 | 1 | 45973 | ਨੈਸ਼ਨਲ ਹੈਲਥ ਮਿਸ਼ਨ |
| 26 | ਡਾਟਾ ਐਂਟਰੀ ਅਪਰੇਟਰ | 225 | 37 | 45 | 32000 | ਨੈਸ਼ਨਲ ਹੈਲਥ ਮਿਸ਼ਨ |
| 27 | ਕਾਊਂਸਲਰ | 40 | 3 | 3 | 30171 | ਨੈਸ਼ਨਲ ਹੈਲਥ ਮਿਸ਼ਨ |
| 28 | ਡਾਟਾ ਬੇਸ ਐਡਮਿਨੀਸਟ੍ਰੇਟਰ | 2 | 1 | 0 | 29080 | ਨੈਸ਼ਨਲ ਹੈਲਥ ਮਿਸ਼ਨ |
| 29 | ਡਿਸਟ੍ਰਿਕਟ ਅਕਾਊਟਸ ਅਫਸਰ | 16 | 7 | 3 | 58284 | ਨੈਸ਼ਨਲ ਹੈਲਥ ਮਿਸ਼ਨ |
| 30 | ਡਿਸਟ੍ਰਿਕਟ ਡਾਟਾ ਮੈਨੇਜਰ | 17 | 2 | 0 | 40032 | ਨੈਸ਼ਨਲ ਹੈਲਥ ਮਿਸ਼ਨ |
| 31 | ਡਿਸਟ੍ਰਿਕਟ ਪੀ.ਐਨ.ਡੀ.ਟੀ. ਕਾਰਡੀਨੇਟਰ | 20 | 4 | 2 | 29080 | ਨੈਸ਼ਨਲ ਹੈਲਥ ਮਿਸ਼ਨ |

| | | | | | | |
|---|---|---|---|---|---|---|
| 32 | ਡਿਸਟ੍ਰਿਕਟ ਪ੍ਰੋਗਰਾਮ ਮੈਨੇਜ਼ਰ | 18 | 3 | 0 | 77606 | ਨੈਸ਼ਨਲ ਹੈਲਥ ਮਿਸ਼ਨ |
| 33 | ਡੀ.ਐਮ.ਈ.ਓ. | 21 | 4 | 1 | 58224 | ਨੈਸ਼ਨਲ ਹੈਲਥ ਮਿਸ਼ਨ |
| 34 | ਡਰਾਈਵਰ | 2 | 0 | 1 | 24086 | ਨੈਸ਼ਨਲ ਹੈਲਥ ਮਿਸ਼ਨ |
| 35 | ਐਨਟੋਮੋਲੋਜਿਸਟ | 3 | 1 | 0 | 62272 | ਨੈਸ਼ਨਲ ਹੈਲਥ ਮਿਸ਼ਨ |
| 36 | ਏਪੀਡੀਮੋਲੋਜਿਸਟ | 19 | 2 | 3 | 46237 | ਨੈਸ਼ਨਲ ਹੈਲਥ ਮਿਸ਼ਨ |
| 37 | ਫਾਈਨੈਂਸ ਕਮ ਲਾਜਿਸਟਿਕ ਕੰਸਲਟੈਂਟ | 3 | 0 | 0 | 79947 | ਨੈਸ਼ਨਲ ਹੈਲਥ ਮਿਸ਼ਨ |
| 38 | ਐਚ.ਐਮ.ਆਈ.ਐਸ. ਕਾਰਡੀਨੇਟਰ | 6 | 2 | 0 | 55467 | ਨੈਸ਼ਨਲ ਹੈਲਥ ਮਿਸ਼ਨ |
| 39 | ਇੰਨਫਾਰਮੇਸ਼ਨ ਅਸਿਸਟੈਂਟ | 88 | 28 | 9 | 22600 | ਨੈਸ਼ਨਲ ਹੈਲਥ ਮਿਸ਼ਨ |
| 40 | ਲੈਬ ਟੈਕਨੀਸ਼ੀਅਨ | 200 | 26 | 24 | 27998 | ਨੈਸ਼ਨਲ ਹੈਲਥ ਮਿਸ਼ਨ |
| 41 | ਮਸ਼ੀਨ ਮੈਨ | 1 | 0 | 0 | 26318 | ਨੈਸ਼ਨਲ ਹੈਲਥ ਮਿਸ਼ਨ |
| 42 | ਮੈਨਟੇਨੈਂਸ ਇੰਜੀਨੀਅਰ | 17 | 2 | 1 | 43500 | ਨੈਸ਼ਨਲ ਹੈਲਥ ਮਿਸ਼ਨ |
| 43 | ਮੈਨੇਜਰ / ਕੰਸਲਟੈਂਟ | 10 | 0 | 0 | 116462 | ਨੈਸ਼ਨਲ ਹੈਲਥ ਮਿਸ਼ਨ |
| 44 | ਮੈਡੀਕਲ ਆਫੀਸਰ ਐਮ.ਬੀ.ਬੀ.ਐਸ. | 198 | 37 | 28 | 97000 | ਨੈਸ਼ਨਲ ਹੈਲਥ ਮਿਸ਼ਨ |
| 45 | ਮੈਡੀਕਲ ਅਫਸਰ ਸਪੈਸ਼ਲਿਸਟ | 70 | 18 | 6 | 212000 | ਨੈਸ਼ਨਲ ਹੈਲਥ ਮਿਸ਼ਨ |
| 46 | ਮਾਈਕ੍ਰੋਬੋਲੋਜਿਸਟ | 19 | 3 | 2 | 46237 | ਨੈਸ਼ਨਲ ਹੈਲਥ ਮਿਸ਼ਨ |
| 47 | ਨਾਨ ਮੈਡੀਕਲ ਸੁਪਰਵਾਈਜ਼ਰ | 15 | 2 | 1 | 56499 | ਨੈਸ਼ਨਲ ਹੈਲਥ ਮਿਸ਼ਨ |
| 48 | ਆਫਿਸ ਅਸਿਸਟੈਂਟ | 7 | 0 | 2 | 41000 | ਨੈਸ਼ਨਲ ਹੈਲਥ ਮਿਸ਼ਨ |
| 49 | ਆਪਟੋਮੈਟਰਿਸਟ | 3 | 1 | 0 | 17448 | ਨੈਸ਼ਨਲ ਹੈਲਥ ਮਿਸ਼ਨ |
| 50 | ਓ.ਟੀ. ਟੈਕਨੀਸ਼ੀਅਨ | 10 | 2 | 1 | 26104 | ਨੈਸ਼ਨਲ ਹੈਲਥ ਮਿਸ਼ਨ |
| 51 | ਫਾਰਮਾਸਿਸਟ | 154 | 41 | 25 | 22474 | ਨੈਸ਼ਨਲ ਹੈਲਥ ਮਿਸ਼ਨ |
| 52 | ਫਿਜ਼ੀਓਥੈਰੇਪਿਸਟ | 9 | 1 | 1 | 35733 | ਨੈਸ਼ਨਲ ਹੈਲਥ ਮਿਸ਼ਨ |
| 53 | ਪ੍ਰੋਕੀਯੂਰਮੈਂਟ ਅਸਿਸਟੈਂਟ | 1 | 0 | 0 | 39500 | ਨੈਸ਼ਨਲ ਹੈਲਥ ਮਿਸ਼ਨ |
| 54 | ਪ੍ਰੋਗਰਾਮ ਅਸਿਸਟੈਂਟ | 1 | 0 | 0 | 46678 | ਨੈਸ਼ਨਲ ਹੈਲਥ ਮਿਸ਼ਨ |
| 55 | ਸਾਈਕਾਲਜਿਸਟ | 8 | 5 | 1 | 22169 | ਨੈਸ਼ਨਲ ਹੈਲਥ ਮਿਸ਼ਨ |
| 56 | ਕੁਆਲਿਟੀ ਮੈਨੇਜਰ ਲੈਬ | 1 | 0 | 0 | 41150 | ਨੈਸ਼ਨਲ ਹੈਲਥ ਮਿਸ਼ਨ |
| 57 | ਰੇਡੀਓਗ੍ਰਾਫਰ | 18 | 5 | 2 | 30176 | ਨੈਸ਼ਨਲ ਹੈਲਥ ਮਿਸ਼ਨ |

| | | | | | | |
|---|---|---|---|---|---|---|
| 58 | ਆਰ.ਬੀ.ਐਸ.ਕੇ. ਕਾਰਡੀਨੇਟਰ | 20 | 5 | 0 | 39976 | ਨੈਸ਼ਨਲ ਹੈਲਥ ਮਿਸ਼ਨ |
| 59 | ਰੈਫਰੀਜਰੇਟਰ ਮਕੈਨਿਕ | 1 | 0 | 1 | 24303 | ਨੈਸ਼ਨਲ ਹੈਲਥ ਮਿਸ਼ਨ |
| 60 | ਸੋਸ਼ਲ ਵਰਕਰ | 7 | 1 | 0 | 45312 | ਨੈਸ਼ਨਲ ਹੈਲਥ ਮਿਸ਼ਨ |
| 61 | ਸੀਨੀਅਰ ਡਾਟਸ ਪਲਸ ਟੀ.ਬੀ. ਐਚ.ਆਈ.ਵੀ. ਸੁਪਰਵਾਈਜ਼ਰ | 19 | 8 | 13 | 39975 | ਨੈਸ਼ਨਲ ਹੈਲਥ ਮਿਸ਼ਨ |
| 62 | ਸਟਾਫ ਨਰਸ | 1324 | 235 | 138 | 32770 | ਨੈਸ਼ਨਲ ਹੈਲਥ ਮਿਸ਼ਨ |
| 63 | ਸਟੈਟੀਸਟੀਕਲ ਅਸਿਸਟੈਂਟ | 144 | 12 | 18 | 39975 | ਨੈਸ਼ਨਲ ਹੈਲਥ ਮਿਸ਼ਨ |
| 64 | ਐਸ.ਟੀ.ਐਲ.ਐਸ. | 45 | 7 | 3 | 37292 | ਨੈਸ਼ਨਲ ਹੈਲਥ ਮਿਸ਼ਨ |
| 65 | ਐਸ.ਟੀ.ਐਸ. | 101 | 8 | 10 | 37292 | ਨੈਸ਼ਨਲ ਹੈਲਥ ਮਿਸ਼ਨ |
| 66 | ਸਿਸਟਮ ਐਨਾਲਿਸਟ | 1 | 1 | 0 | 36350 | ਨੈਸ਼ਨਲ ਹੈਲਥ ਮਿਸ਼ਨ |
| 67 | ਸਿਸਟਮ ਐਡਮਿਨੀਸਟ੍ਰੇਟਰ | 1 | 0 | 0 | 61828 | ਨੈਸ਼ਨਲ ਹੈਲਥ ਮਿਸ਼ਨ |
| 68 | ਟੀ.ਬੀ.ਐਚ.ਵੀ. | 61 | 12 | 8 | 23725 | ਨੈਸ਼ਨਲ ਹੈਲਥ ਮਿਸ਼ਨ |
| 69 | ਟੈਕਨੀਕਲ ਆਫੀਸਰ ਸਰਵੀਲੈਂਸ ਐਮ.ਐਡ ਈ. ਅਤੇ ਰਿਸਰਚ | 1 | 0 | 0 | 43619 | ਨੈਸ਼ਨਲ ਹੈਲਥ ਮਿਸ਼ਨ |
| 70 | ਟੈਕਨੀਕਲ ਅਸਿਸਟੈਂਟ | 2 | 0 | 1 | 41698 | ਨੈਸ਼ਨਲ ਹੈਲਥ ਮਿਸ਼ਨ |
| 71 | ਅਰਬਨ ਪ੍ਰੋਜੈਕਟ ਕਾਰਡੀਨੇਟਰ | 4 | 0 | 1 | 33710 | ਨੈਸ਼ਨਲ ਹੈਲਥ ਮਿਸ਼ਨ |
| 72 | ਮੈਨੈਜਰ | 3 | ੍ | - | 101951/- | ਸਟੇਟ ਹੈਲਥ ਏਜੰਸੀ |
| 73 | ਡਿਪਟੀ ਮੈਨੇਜਰ | 3 | ੍ | - | 70091/- | ਸਟੇਟ ਹੈਲਥ ਏਜੰਸੀ |
| 74 | ਐਗਜ਼ੀਕੁਟੀਵ ਅਸਿਸਟੈਂਟ | 4 | 1 | - | 50975/- | ਸਟੇਟ ਹੈਲਥ ਏਜੰਸੀ |
| 75 | ਡਿਸਟ੍ਰਿਕ ਕਾਰਡੀਨੇਟਰ | 12 | 5 | 2 | 50975/- | ਸਟੇਟ ਹੈਲਥ ਏਜੰਸੀ |
| 76 | ਡੀ.ਈ.ਓ. ਕਮ ਕਲਰਕ | 3 | 1 | - | 31859/- | ਸਟੇਟ ਹੈਲਥ ਏਜੰਸੀ |
| 77 | ਮੈਡੀਕਲ ਅਫਸਰ | 10 | 2 | 1 | 50000/- | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 78 | ਮੈਡੀਕਲ ਅਫਸਰ ਸਪੈਸ਼ਲਿਸਟ | 1 | 0 | 0 | 100000/- | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |

| | | | | | | |
|---|---|---|---|---|---|---|
| 79 | ਏ.ਐਨ.ਐਮ. | 29 | 8 | 6 | DC Rates | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 80 | ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਗ੍ਰੇਡ 2 | 1 | 0 | 1 | DC Rates | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 81 | ਫਾਰਮੇਸੀ ਅਫਸਰ | 4 | 0 | 2 | DC Rates | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 82 | ਸਟਾਫ ਨਰਸ | 4 | 3 | 1 | DC Rates | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 83 | ਕਲਾਸ-4 | 19 | 4 | 3 | DC Rates | ਡਾਇਰੈਕਟਰ, ਸਿਹਤ ਸੇਵਾਵਾਂ (ਐਸ.ਆਈ.) |
| 84 | ਸਟਾਫ ਨਰਸ | 47 | 14 | 5 | 15000/- | ਡਾਇਰੈਕਟਰ, ਹੈਲਥ ਸਰਵਿਸ (ਫ.ਵ.) |
| 85 | ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 52 | 11 | 5 | 6900/- | ਡਾਇਰੈਕਟਰ, ਹੈਲਥ ਸਰਵਿਸ (ਫ.ਵ.) |
| 86 | ਮਲਟੀਪਰਪਜ਼ ਹੈਲਥ ਵਰਕਰ (ਮੇਲ) | 5 | 3 | 0 | 5000/- | ਡਾਇਰੈਕਟਰ, ਹੈਲਥ ਸਰਵਿਸ (ਫ.ਵ.) |
| 87 | ਸਟੇਟ ਪ੍ਰੋਗਰਾਮ ਮੈਨੇਜਰ | 1 | - | - | 40727/- | ਨੈਸ਼ਨਲ ਆਯੂਸ਼ ਮਿਸ਼ਨ |
| 88 | ਫਾਈਨੈਂਸ ਮੈਨੇਜਰ | 1 | 1 | - | 35,000/- | ਨੈਸ਼ਨਲ ਆਯੂਸ਼ ਮਿਸ਼ਨ |
| 89 | ਐਚ.ਐਮ.ਆਈ.ਐਸ. ਮੈਨੇਜਰ | 1 | - | - | 25000/- | ਨੈਸ਼ਨਲ ਆਯੂਸ਼ ਮਿਸ਼ਨ |
| 90 | ਡਾਟਾ ਅਪਰੇਟਰ | 1 | - | - | DC Rates | ਨੈਸ਼ਨਲ ਆਯੂਸ਼ ਮਿਸ਼ਨ |
| 91 | ਇੰਸਟ੍ਰਕਟਰ ਯੋਗਾ | 1 | 1 | - | 11,426/- | ਡਾਇਰੈਕਟਰ ਆਯੂਰਵੇਦਾ ਪੰਜਾਬ |
| 92 | ਯੋਗਾ ਅਟੈਂਡੈਂਟ | 2 | 1 | 1 | 7093/- | ਡਾਇਰੈਕਟਰ ਆਯੂਰਵੇਦਾ ਪੰਜਾਬ |
| 93 | ਨੈਚੁਰਾਪੈਥੀ ਅਟੈਂਡੈਟ | 1 | - | 1 | 7093/- | ਡਾਇਰੈਕਟਰ ਆਯੂਰਵੇਦਾ ਪੰਜਾਬ |
| 94 | ਇੰਨਸਟ੍ਰਕਟਰ ਨੈਚੁਰਪੈਥੀ | 2 | 1 | - | 11,426/- | ਡਾਇਰੈਕਟਰ ਆਯੂਰਵੇਦਾ ਪੰਜਾਬ |
| 95 | ਹੋਮੀਓਪੈਥੀ ਮੈਡੀਕਲ ਅਫਸਰ | 86 | 17 | 12 | 71700/- | ਨੈਸ਼ਨਲ ਹੈਲਥ ਮਿਸ਼ਨ |
| 96 | ਹੋਮੀਓਪੈਥੀ ਡਿਸਪੈਂਸਰ | 86 | 24 | 12 | 28250/- | ਨੈਸ਼ਨਲ ਹੈਲਥ ਮਿਸ਼ਨ |

| | | | | | | |
|---|---|---|---|---|---|---|
| 97 | ਮੈਡੀਕਲ ਅਫਸਰ | 43 | 10 | 1 | 72000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 98 | ਟੈਕਨੀਕਲ ਅਫਸਰ | 3 | 1 | 0 | 35000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 99 | ਫਾਈਨੈਂਸ ਅਸਿਸਟੈਂਟ | 6 | 2 | - | 23800/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 100 | ਡਿਵੀਜ਼ਨਲ ਅਸਿਸਟੈਂਟ | 10 | 3 | 1 | 23800/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 101 | ਕਾਊਂਸਲਰ | 228 | 57 | 23 | 21000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 102 | ਸਟਾਫ ਨਰਸ | 79 | 18 | 10 | 21000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 103 | ਡਾਟਾ ਮੈਨੇਜਰ | 42 | 9 | 6 | 21000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 104 | ਐਮ.ਐਲ.ਟੀ. | 143 | 36 | 13 | 21000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 105 | ਫਾਰਮਾਸਿਸਟ | 10 | 3 | 0 | 21000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 106 | ਪ੍ਰੋਗਰਾਮ ਅਸਿਸਟੈਂਟ | 2 | 0 | 1 | 18000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ |

| | | | | | | |
|---|---|---|---|---|---|---|
| | | | | | | (ਸੈਟਰਲ) ਸਪੋਸਰਡ ਸਕੀਮ |
| 107 | ਕੇਅਰ ਕਾਰਡੀਨੇਟਰ | 12 | 4 | 2 | 18000/- | ਨੈਸ਼ਨਲ ਏਡਜ ਕੰਟਰੋਲ ਆਰਗੇਨਾਈਜੇਸ਼ਨ (ਸੈਟਰਲ) ਸਪੋਸਰਡ ਸਕੀਮ |
| 108 | ਕੰਪਿਊਟਰ ਅਪਰੇਟਰ | 24 | 11 | 5 | DC Rates | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |
| 109 | ਫਿਜ਼ੀਓਥੈਰੇਪਿਸਟ | 16 | 4 | 2 | 32186/- | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |
| 110 | ਅਪ੍ਰੇਸ਼ਨ ਥੀਏਟਰ ਸਹਾਇਕ | 7 | 1 | 1 | 13750/- | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |
| 111 | ਰੇਡੀਓਗ੍ਰਾਫਰ | 6 | 4 | 0 | 12228/- | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |
| 112 | ਟੈਕਨੀਕਲ ਸੁਪਰਵਾਈਜ਼ਰ | 4 | 1 | 0 | 12000/- | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |
| 113 | ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ | 67 | 16 | 5 | 12354/- | ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ |

———

## ਹਰਿਆਣਾ ਅਤੇ ਚੰਡੀਗੜ੍ਹ ਦੀ ਤਰਜ਼ ਤੇ ਸੂਬੇ ਵਿੱਚ ਪ੍ਰਦੂਸ਼ਣ ਰਹਿਤ ਇਲੈਕਟ੍ਰਿਕ ਬੱਸਾਂ ਚਲਾਉਣਾ

**346. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਸੂਬੇ ਵਿੱਚ ਵਧਦੇ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਗੁਆਂਢੀ ਰਾਜ ਹਰਿਆਣਾ ਅਤੇ ਚੰਡੀਗੜ੍ਹ ਦੀ ਤਰਜ਼ ਤੇ ਪ੍ਰਦੂਸ਼ਣ ਰਹਿਤ ਇਲੈਕਟ੍ਰਿਕ ਬੱਸਾਂ ਆਮ ਕਿਰਾਏ ਤੇ ਚਲਾਉਣ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ 'ਹਾਂ' ਤਾਂ ਕਦੋਂ ਤੱਕ ?

**ਸਰਦਾਰ ਲਾਲਜੀਤ ਸਿੰਘ ਭੁੱਲਰ:** ਟਰਾਂਸਪੋਰਟ ਵਿਭਾਗ ਵੱਲੋਂ ਨੈਸ਼ਨਲ ਇਲੈਕਟ੍ਰਿਕ ਬੱਸ ਪ੍ਰੋਗਰਾਮ ਤਹਿਤ ਭਵਿੱਖ ਵਿੱਚ ਆਮ ਕਿਰਾਏ ਤੇ ਚੱਲਣ ਵਾਲੀਆਂ ਪ੍ਰਦੂਸ਼ਣ ਰਹਿਤ ਇਲੈਕਟ੍ਰਿਕ ਬੱਸਾਂ ਪਾਉਣ ਸਬੰਧੀ ਤਜਵੀਜ਼ ਵਿਚਾਰ ਅਧੀਨ ਹੈ। ਰਾਜ ਸਰਕਾਰ ਵੱਲੋਂ ਮਨਿਸਟਰੀ ਆਫ ਹੈਵੀ ਇੰਡਸਟਰੀਜ਼, ਭਾਰਤ ਸਰਕਾਰ ਨੂੰ ਗਰੌਸ ਕੌਸਟ ਕੰਟਰੈਕਟ ਮਾਡਲ (ਜੀ.ਸੀ.ਸੀ) ਤਹਿਤ ਕਨਵਰਜ਼ੰਸ ਐਨਰਜ਼ੀ ਸਰਵਿਸਿਜ਼ ਲਿਮਿਟਡ (ਸੀ.ਐਸ.ਈ.ਐਲ) ਰਾਹੀਂ, ਬਿਨਾਂ ਭਾਰਤ ਸਰਕਾਰ ਦੀ ਸਬਸਿਡੀ, ਇਲੈਕਟ੍ਰਿਕ ਬੱਸਾਂ ਦੀ ਪ੍ਰਕਿਉਰਮੈਂਟ ਕਰਨ ਲਈ ਸਹਿਮਤੀ ਭੇਜ ਦਿੱਤੀ ਗਈ ਹੈ ਅਤੇ ਇਸ ਤਹਿਤ ਵਿੱਤ ਵਿਭਾਗ, ਪੰਜਾਬ ਦੀ ਪੇਮੈਂਟ ਸਕਿਉਰਿਟੀ ਮਕੈਨਿਜ਼ਮ (ਡਾਇਰੈਕਟ ਡੈਬਿਟ ਮੈਂਨਡੇਟ ) ਲਈ ਸਹਿਮਤੀ ਵੀ ਸ਼ਾਮਲ ਹੈ।

ਸੀ.ਐਸ.ਈ.ਐਲ. ਵੱਲੋਂ ਗਰੌਸ ਕੌਸਟ ਕੰਟਰੈਕਟ ਮਾਡਲ ਅਧੀਨ ਇਲੈਕਟ੍ਰਿਕ ਬੱਸਾਂ ਪਾਉਣ ਸਬੰਧੀ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ਼ ਵਾਸਤੇ ਟੈਂਡਰ ਕੀਤਾ ਜਾਵੇਗਾ ਅਤੇ ਇਸ ਟੈਂਡਰ ਰਾਹੀਂ ਪ੍ਰਾਪਤ ਹੋਣ ਵਾਲੇ ਰੇਟ ਪ੍ਰਤੀ ਕਿ:ਮੀ: ਦੇ ਅਧਾਰ ਤੇ ਟਰਾਂਸਪੋਰਟ ਵਿਭਾਗ ਵੱਲੋਂ ਪ੍ਰਦੂਸ਼ਣ ਰਹਿਤ ਇਲੈਕਟ੍ਰਿਕ ਬੱਸਾਂ ਪਾਉਣ ਸਬੰਧੀ ਫੈਸਲਾ ਕੀਤਾ ਜਾਵੇਗਾ।

ਪੀ.ਐਮ-ਈ ਬੱਸ ਸੇਵਾ ਸਕੀਮ ਅਧੀਨ ਪੰਜਾਬ ਰਾਜ ਦੇ ਚਾਰ ਪ੍ਰਮੁੱਖ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਵਿੱਚ ਕੁੱਲ 347 ਇਲੈਕਟ੍ਰਿਕ ਬੱਸਾਂ ਚਲਾਉਣ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਤਜਵੀਜ਼ ਭਾਰਤ ਸਰਕਾਰ ਨੂੰ ਭੇਜੀ ਗਈ ਸੀ ਅਤੇ ਭਾਰਤ ਸਰਕਾਰ ਵੱਲੋਂ ਕੰਨਵਰਜੈਂਸ ਐਨਰਜੀ ਸਰਵਿਸ ਲਿਮਿਟਡ ਰਾਹੀਂ ਕਿਲੋਮੀਟਰ ਰੇਟ ਤੇ ਟੈਂਡਰ ਲਗਾ ਦਿੱਤਾ ਗਿਆ ਹੈ, ਜੋ ਕਿ ਪ੍ਰਗਤੀ ਅਧੀਨ ਹੈ ।

———

## ਸਰਕਾਰ ਵੱਲੋਂ ਸੂਬੇ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਗਏ ਪੂੰਜੀਗਤ ਖ਼ਰਚੇ ਦੇ ਵੇਰਵੇ

**366. ਡਾਕਟਰ ਨਛੱਤਰ ਪਾਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਸੂਬੇ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਾਲ 2011–2012 ਤੋਂ ਹੁਣ ਤੱਕ ਵਿੱਤੀ ਸਾਲਵਾਰ ਕਿੰਨਾ-ਕਿੰਨਾ ਪੂੰਜੀਗਤ ਖ਼ਰਚੇ ਕਰਨ ਦਾ ਬਜਟ ਅਨੁਮਾਨ ਰੱਖਿਆ ਗਿਆ ਸੀ, ਇਨ੍ਹਾਂ ਸਾਲਾਂ ਦੌਰਾਨ ਕਿੰਨਾ ਕਿੰਨਾ ਪੂੰਜੀਗਤ ਖ਼ਰਚਾ ਕੀਤਾ ਗਿਆ ਅਤੇ ਇਹ ਪੂੰਜੀਗਤ ਖ਼ਰਚਾ, ਜੀ.ਐਸ.ਡੀ.ਪੀ ਅਤੇ ਕੁੱਲ ਖ਼ਰਚੇ (ਮਾਲੀਆ+ਪੂੰਜੀਗਤ ਖ਼ਰਚੇ) ਦਾ ਕਿੰਨੇ ਪ੍ਰਤੀਸ਼ਤ ਸੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਪਾਲ ਸਿੰਘ ਚੀਮਾ**: ਸ੍ਰੀਮਾਨ ਜੀ: ਵਿੱਤੀ ਸਾਲ 2011-12 ਤੋਂ 2022-23 ਤੱਕ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੁਆਰਾ ਪੂੰਜੀਗਤ ਖਰਚੇ ਲਈ ਪ੍ਰਸਤਾਵਿਤ ਵਿੱਤੀ ਸਾਲਵਾਰ ਅਨੁਮਾਨਿਤ ਬਜਟ, ਇਨ੍ਹਾਂ ਸਾਲਾਂ ਦੌਰਾਨ ਖ਼ਰਚ ਹੋਇਆ ਪੂੰਜੀਗਤ ਖਰਚਾ, ਖਰਚ ਹੋਏ ਪੂੰਜੀਗਤ ਖਰਚੇ ਦੀ ਜੀ.ਐਸ.ਡੀ.ਪੀ. ਅਤੇ ਕੁੱਲ ਖਰਚੇ (ਮਾਲੀਆ + ਪੂੰਜੀਗਤ ਖ਼ਰਚੇ ) ਉੱਪਰ ਦੀ ਪ੍ਰਤੀਸ਼ਤਤਾ ਦੇ ਵੇਰਵੇ ਅਨੁਲੱਗ-ੳ ਤੇ ਉਪਲਬਧ ਹਨ।

### ਅਨੁਲੱਗ-ੳ

**(ਰਕਮ ਕਰੋੜਾਂ ਵਿੱਚ )**

| ਲੜੀ ਨੰ : | ਸਾਲ | ਪੂੰਜੀਗਤ ਖਰਚੇ ਦੇ ਬਜਟ ਅਨੁਮਾਨ | ਪੂੰਜੀਗਤ ਖਰਚੇ ਦੇ ਸੋਧੇ ਅਨੁਮਾਨ | ਅਸਲ ਪੂੰਜੀਗਤ ਖਰਚਾ | ਜੀ.ਐਸ.ਡੀ.ਪੀ | ਅਸਲ ਕੁੱਲ ਖਰਚਾ (ਮਾਲੀਆ ਖਰਚੇ +ਪੂੰਜੀਗਤ ਖਰਚੇ) | ਪੂੰਜੀਗਤ ਖਰਚੇ ਦੀ ਜੀ.ਐਸ.ਡੀ.ਪੀ ਉੱਪਰ ਪ੍ਰਤੀਸ਼ਤ | ਪੂੰਜੀਗਤ ਖਰਚੇ ਦੀ ਕੁੱਲ ਖਰਚੇ ਉੱਪਰ ਪ੍ਰਤੀਸ਼ਤ |
|---|---|---|---|---|---|---|---|---|
| 1 | 2011-12 | 5418.34 | 3959.66 | 1598.12 | 266628.29 | 34643.44 | 0.60 | 4.61 |
| 2 | 2012-13 | 5815.26 | 4527.53 | 1915.82 | 297733.82 | 41373.76 | 0.64 | 4.63 |
| 3 | 2013-14 | 7282.98 | 4232.54 | 2200.61 | 332146.94 | 43841.28 | 0.66 | 5.02 |
| 4 | 2014-15 | 6066.44 | 3948.28 | 3118.44 | 335101.82 | 49731.93 | 0.93 | 6.27 |
| 5 | 2015-16 | 4856.82 | 4353.57 | 3059.42 | 390087.44 | 53132.91 | 0.78 | 5.76 |
| 6 | 2016-17 | 4804.01 | 6117.46 | 4346.30 | 426988.10 | 59642.35 | 1.02 | 7.29 |

| | | | | | | | | |
|---|---|---|---|---|---|---|---|---|
| 7 | 2017-18 | 6157.08 | 4388.76 | 2352.08 | 471013.61 | 64816.93 | 0.50 | 3.63 |
| 8 | 2018-19 | 6385.32 | 4871.57 | 2412.23 | 512509.69 | 77815.94 | 0.47 | 3.10 |
| 9 | 2019-20 | 22842.06 | 19641.30 | 17827.73 | 537031.04 | 93687.37 | 3.32 | 19.03 |
| 10 | 2020-21 | 10279.58 | 6821.68 | 4382.31 | 540852.61 | 90726.93 | 0.81 | 4.83 |
| 11 | 2021-22 | 14134.27 | 10078.80 | 8009.97 | 617191.69 | 104646.50 | 1.30 | 7.65 |
| 12 | 2022-23 | 10981.09 | 8513.20 | 6667.23 | 676164.28 | 120327.87 | 0.99 | 5.54 |

**ਨੋਟ** : 1. ਸਾਲ 2019-20 ਦੇ ਪੂੰਜੀਗਤ ਖਰਚੇ ਵਿਚ UDAY ਬਾਂਡਜ਼ ਦੇ ਕਰਜ਼ੇ ਨੂੰ ਹਿੱਸਾਪੱਤੀ ਵਿੱਚ ਤਬਦੀਲ ਕੀਤੀ ਗਈ 15,628.26 ਕਰੋੜ ਰੁਪਏ ਦੀ ਰਾਸ਼ੀ ਸ਼ਾਮਲ ਹੈ।

**ਸਰੋਤ** :1. ਸਾਲ 2023-24 ਦੇ ਪੂੰਜੀਗਤ ਖਰਚੇ ਦੇ ਬਜਟ ਅਨੁਮਾਨ ਅਤੇ ਸੋਧੇ ਅਨੁਮਾਨ ਕ੍ਰਮਵਾਰ 10354.53 ਕਰੋੜ ਰੁਪਏ ਅਤੇ 6406.29 ਕਰੋੜ ਰੁਪਏ ਹਨ ਅਤੇ ਮਾਲੀਆ ਖਰਚੇ ਦੇ ਬਜਟ ਅਨੁਮਾਨ ਅਤੇ ਸੋਧੇ ਅਨੁਮਾਨ ਕ੍ਰਮਵਾਰ 1,23,440.91 ਕਰੋੜ ਰੁਪਏ ਅਤੇ 1,22,751.46 ਕਰੋੜ ਰੁਪਏ ਹਨ, ਇਹ ਅੰਕੜੇ ਪੰਜਾਬ ਸਰਕਾਰ ਦੇ ਬਜਟ ਵਿਚੋਂ ਲਏ ਗਏ ਹਨ। ਇਨ੍ਹਾਂ ਦੇ ਅਸਲ ਖਰਚੇ ਬਾਰੇ ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਤੋਂ ਸਾਲ 2023-24 ਦੇ ਅੰਤਿਮ ਲੇਖੇ ਪ੍ਰਾਪਤ ਹੋਣ ਉਪਰੰਤ ਹੀ ਪਤਾ ਲੱਗੇਗਾ।

2. ਸਾਲ 2011-12 ਤੋਂ ਸਾਰੇ ਅੰਕੜੇ, ਜੀ.ਐਸ.ਡੀ.ਪੀ. ਨੂੰ ਛੱਡ ਕੇ, ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ ਤੋਂ ਪ੍ਰਾਪਤ ਲੇਖਿਆਂ ਅਤੇ ਵਿੱਤ ਵਿਭਾਗ ਦੇ ਬਜਟ ਸਾਰ ਅਤੇ ਸਲਾਨਾ ਵਿੱਤੀ ਵੇਰਵਾ ਪੱਤਰ ਤੋਂ ਲਏ ਗਏ ਹਨ।

3. ਜੀ.ਐਸ.ਡੀ.ਪੀ. ਦੇ ਅੰਕੜੇ ਡਾਇਰੈਕਟੋਰੇਟ ਆਫ਼ ਸਟੈਟਿਸਟਿਕਸ, ਪੰਜਾਬ ਤੋਂ ਲਏ ਗਏ ਹਨ।

4. ਉਪਰੋਕਤ ਦਰਸਾਏ ਖਰਚੇ ਵਿਚ ਉਹੀ ਖਰਚਾ ਸ਼ਾਮਲ ਕੀਤਾ ਗਿਆ ਹੈ ਜੋ ਰਾਜ ਸਰਕਾਰ ਦੀਆਂ ਜਾਇਦਾਦਾਂ ਬਣਾਉਣ ਤੇ ਕੀਤਾ ਗਿਆ ਹੈ।

---

**ਜ਼ਮੀਨ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਨਵੀਂ ਤਕਨੀਕ ਦੀਆਂ (ਜੀ.ਪੀ.ਐਸ.) ਡਿਜ਼ੀਟਲ ਮਸ਼ੀਨਾਂ ਮੁਹੱਈਆ ਕਰਵਾਉਣਾ**

**380. ਡਾਕਟਰ ਨਛੱਤਰ ਪਾਲ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਵੱਲੋਂ ਸੂਬੇ ਦੇ ਤਹਿਸੀਲ ਪੱਧਰ ਤੇ ਜ਼ਮੀਨ ਦੀ ਨਿਸ਼ਾਨਦੇਹੀ ਕਰਨ ਵਾਲੀਆਂ ਨਵੀਂ ਤਕਨੀਕ ਦੀਆਂ (ਜੀ.ਪੀ.ਐਸ.) ਡਿਜ਼ੀਟਲ ਮਸ਼ੀਨਾਂ ਮੁਹੱਈਆ ਕਰਵਾਈਆਂ ਹੋਈਆਂ ਹਨ, ਜੇਕਰ 'ਹਾਂ' ਤਾਂ ਇਸ ਵੇਲੇ ਤਹਿਸੀਲ ਪੱਧਰ ਤੇ ਕਿੰਨੀਆਂ ਕਿੰਨੀਆਂ ਮਸ਼ੀਨਾਂ ਉਪਲਬਧ ਹਨ, ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇਹ ਨਵੀ ਤਕਨੀਕ ਵਾਲੀਆਂ ਮਸ਼ੀਨਾਂ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ, ਵੇਰਵੇ ਸਹਿਤ ਦੱਸਿਆ ਜਾਵੇ ?

**ਸ੍ਰੀ ਬ੍ਰਮ ਸ਼ੰਕਰ** : ਸ੍ਰੀਮਾਨ ਜੀ, ਹਾਂ ਜੀ, ਮਾਲ ਵਿਭਾਗ ਵੱਲੋਂ ਨਵੀਂ ਤਕਨੀਕ ਦੀਆਂ 5 ਡੀ.ਜੀ.ਪੀ.ਐਸ. ਮਸ਼ੀਨਾਂ ਦੀ ਖਰੀਦ ਕਰਕੇ ਰਾਜ ਦੇ 5 ਜ਼ਿਲ੍ਹਿਆਂ (ਜਲੰਧਰ, ਤਰਨਤਾਰਨ, ਲੁਧਿਆਣਾ, ਪਟਿਆਲਾ ਅਤੇ ਐਸ.ਏ.ਐਸ. ਨਗਰ) ਵਿੱਚ ਜ਼ਮੀਨਾਂ ਦੀ ਨਿਸ਼ਾਨਦੇਹੀ ਲਈ ਮੁਹੱਈਆ ਕਰਵਾਈਆਂ ਗਈਆਂ ਹਨ। ਇਨ੍ਹਾਂ ਮਸ਼ੀਨਾਂ ਦੀ ਵਰਤੋਂ ਸਬੰਧਤ ਜ਼ਿਲ੍ਹਿਆਂ ਦੇ ਅਧੀਨ ਆਉਂਦੀਆਂ ਤਹਿਸੀਲਾਂ/ਸਬ-ਤਹਿਸੀਲਾਂ ਵਿੱਚ ਜ਼ਮੀਨਾਂ ਦੀ ਨਿਸ਼ਾਨਦੇਹੀ ਦੇ ਕੰਮ ਲਈ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਜ਼ਮੀਨਾਂ ਦੀ ਨਿਸ਼ਾਨਦੇਹੀ ਨੂੰ ਪੂਰੀ ਤਰ੍ਹਾਂ ਨਾਲ ਨਵੀ ਤਕਨੀਕ ਰਾਹੀਂ ਕਰਨਾ ਯਕੀਨੀ ਬਣਾਉਣ ਲਈ ਵਿਭਾਗ ਵਲੋਂ ਹੋਰ ਡੀ.ਜੀ.ਪੀ.ਐਸ. ਮਸ਼ੀਨਾਂ ਦੀ ਖਰੀਦ ਕਰਨ ਬਾਰੇ ਕਾਰਵਾਈ ਵਿਭਾਗ ਦੇ ਵਿਚਾਰ ਅਧੀਨ ਹੈ।

---

**ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ ਵਲੋਂ ਵਿੱਤੀ ਸਾਲ 2022-23 ਅਤੇ 2023-24 ਵਿੱਚ ਸਵੈ-ਰੋਜ਼ਗਾਰ ਲਈ ਖਰਚ ਕੀਤੇ ਗਏ ਫੰਡਾਂ ਦੇ ਵੇਰਵੇ**

**381. ਡਾਕਟਰ ਨਛੱਤਰ ਪਾਲ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ **-**

(ੳ) ਕੀ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਨਿਗਮ, ਚੰਡੀਗੜ੍ਹ ਵੱਲੋਂ ਵੱਖ ਵੱਖ ਯੋਜਨਾਵਾਂ ਤਹਿਤ ਬੇਰੁਜ਼ਗਾਰ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਲਈ ਵਿੱਤੀ ਸਾਲ 2022-23 ਅਤੇ 2023-24 ਵਿੱਚ ਸਰਕਾਰ ਵਲੋਂ ਕਿੰਨਾ ਕਿੰਨਾ ਬਜਟ ਰੱਖਿਆ ਗਿਆ ਸੀ ਅਤੇ ਕਿੰਨਾ ਕਿੰਨਾ ਬਜਟ ਖਰਚ ਕੀਤਾ ਗਿਆ ਹੈ;

(ਅ) ਕੀ ਕਾਰਪੋਰੇਸ਼ਨ ਉਪਰੋਕਤ ਭਾਗ (ੳ) ਵਿੱਚ ਵਰਣਿਤ ਸਾਲਾਂ ਦੌਰਾਨ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਵਿੱਚ ਸਫਲ ਹੋ ਸਕੀ ਹੈ; ਜੇਕਰ 'ਹਾਂ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਜੇਕਰ ਨਹੀ ਤਾਂ ਇਸ ਦੇ ਕੀ ਕਾਰਨ ਹਨ ਅਤੇ ਭਵਿੱਖ ਵਿੱਚ ਕਾਰਪੋਰੇਸ਼ਨ ਵਲੋਂ ਆਪਣੇ ਮਿੱਥੇ ਟੀਚੇ ਪ੍ਰਾਪਤ ਕਰਨ ਲਈ ਸਰਕਾਰ ਵਲੋਂ ਕੀ ਕਦਮ ਉਠਾਏ ਗਏ ਹਨ ?

**ਡਾਕਟਰ ਬਲਜੀਤ ਕੋਰ :** (ੳ) ਜਵਾਬ ਅਨੁਲੱਗ-ੳ ਤੇ ਨੱਥੀ ਹੈ ਜੀ।

**ਅਨੁਲੱਗ-ੳ**

ਕਾਰਪੋਰੇਸ਼ਨ ਵਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਤਹਿਤ ਸਰਕਾਰ ਵਲੋਂ ਕੀਤੇ ਗਏ ਬਜਟ ਐਲੋਕੇਸ਼ਨ ਅਤੇ ਕਾਰਪੋਰੇਸ਼ਨ ਵਲੋਂ ਖਰਚ ਕੀਤੀ ਗਈ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| **ਸਕੀਮ/ਯੋਜਨਾ ਦਾ ਨਾਮ** | **ਸਾਲ** | **ਸਰਕਾਰ ਵੱਲੋਂ ਕੀਤਾ ਗਿਆ ਬਜਟ ਉਪਬੰਧ** | **ਸਰਕਾਰ ਵੱਲੋਂ ਰਿਲੀਜ਼ ਕੀਤੀ ਗਈ ਰਕਮ** | **ਕਾਰਪੋਰੇਸ਼ਨ ਵੱਲੋਂ ਖਰਚ ਕੀਤੀ ਗਈ ਰਕਮ** |
|---|---|---|---|---|
| ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਟੂ ਪੀ.ਐਸ.ਸੀ.ਐਫ.ਸੀ. ਸਕੀਮ (51% ਸਟੇਟ ਸ਼ੇਅਰ ਅਤੇ 49% ਸੈਂਟਰਲ ਸ਼ੇਅਰ) | 2022-23 | ਸਟੇਟ ਸ਼ੇਅਰ : 2.05 ਕਰੋੜ<br>ਸੈਂਟਰਲ ਸ਼ੇਅਰ : 2.95 ਕਰੋੜ<br>ਕੁੱਲ : 5.00 ਕਰੋੜ | ਨਿਲ | 4.58 ਕਰੋੜ |
| | 2023-24 (ਮਿਤੀ: 28.02.2024 ਤੱਕ) | ਸਟੇਟ ਸ਼ੇਅਰ : 5.42 ਕਰੋੜ<br>ਸੈਂਟਰਲ ਸ਼ੇਅਰ : 7.56 ਕਰੋੜ<br>ਕੁੱਲ :12.98 ਕਰੋੜ | ਨਿਲ | 1.22 ਕਰੋੜ |
| ਕੈਪੀਟਲ ਸਬਸਿਡੀ ਅੰਡਰ ਬੈਂਕ ਟਾਈ ਅੱਪ ਲੋਨਿੰਗ ਪ੍ਰੋਗਰਾਮ ਥਰੂ ਪੀ.ਐਸ.ਸੀ.ਐਫ.ਸੀ. ਸਕੀਮ (100% ਸੈਂਟਰਲ ਸ਼ੇਅਰ) | 2022-23 | ਇਸ ਸਕੀਮ ਤਹਿਤ ਸਰਕਾਰ ਵਲੋਂ ਬਜਟ ਉਪਬੰਧ ਨਹੀ ਕੀਤਾ ਜਾਂਦਾ। ਕਾਰਪੋਰੇਸ਼ਨ ਵਲੋਂ ਸਰਕਾਰ ਨੂੰ ਸਾਲ 2022-23 ਦੋਰਾਨ ਭੇਜੇ ਗਏ ਪ੍ਰੋਜੈਕਟਾਂ ਦੇ ਆਧਾਰ ਤੇ 5.00 ਕਰੋੜ ਰੁਪਏ ਦੀ ਡਰਾਇੰਗ ਲਿਮਿਟ ਕਾਰਪੋਰੇਸ਼ਨ ਨੂੰ ਸਾਲ 2023-24 ਦੌਰਾਨ ਫਿਕਸ ਕੀਤੀ ਗਈ ਸੀ । | ਨਿਲ | 0.80 ਲੱਖ |

| | | | | |
|---|---|---|---|---|
| | 2023-24<br>(ਮਿਤੀ: 28.02.2024 ਤੱਕ) | ਇਸ ਸਕੀਮ ਤਹਿਤ ਸਰਕਾਰ ਵਲੋਂ ਬਜਟ ਉਪਬੰਧ ਨਹੀ ਕੀਤਾ ਜਾਂਦਾ। ਕਾਰਪੋਰੇਸ਼ਨ ਵਲੋਂ ਸਾਲ 2023-24 ਦੌਰਾਨ ਭੇਜੇ ਗਏ 10.00 ਕਰੋੜ ਰੁਪਏ ਦੇ ਪ੍ਰੋਜੈਕਟ ਭਾਰਤ ਸਰਕਾਰ ਦੇ ਵਿਚਾਰ ਅਧੀਨ ਹਨ। | 5.00 ਕਰੋੜ(ਫਿਕਸ ਕੀਤੀ ਗਈ ਡਰਾਇੰਗ ਲਿਮਿਟ) | 1.01 ਕਰੋੜ |
| ਬੈਕਐਂਡ ਸਬਸਿਡੀ ਇੰਸੈਂਟਿਵ ਫਾਰ ਲੋਨਜ ਗਿਵਨ ਸਕੀਮ (100% ਸੈਂਟਰਲ ਸ਼ੇਅਰ) | 2022-23 | ਇਸ ਸਕੀਮ ਤਹਿਤ ਸਰਕਾਰ ਵਲੋਂ ਬਜਟ ਉਪਬੰਧ ਨਹੀ ਕੀਤਾ ਜਾਂਦਾ। ਕਾਰਪੋਰੇਸ਼ਨ ਵਲੋਂ ਸਰਕਾਰ ਨੂੰ ਸਾਲ 2022-23 ਦੌਰਾਨ ਭੇਜੇ ਗਏ ਪ੍ਰੋਜੈਕਟਾਂ ਦੇ ਆਧਾਰ ਤੇ 0.57 ਕਰੋੜ ਰੁਪਏ ਦੀ ਡਰਾਇੰਗ ਲਿਮਿਟ ਕਾਰਪੋਰੇਸ਼ਨ ਨੂੰ ਸਾਲ 2023-24 ਦੌਰਾਨ ਫਿਕਸ ਕੀਤੀ ਗਈ ਸੀ । | ਨਿਲ | ਨਿਲ |
| | 2023-24<br>(ਮਿਤੀ: 28.02.2024 ਤੱਕ) | ਇਸ ਸਕੀਮ ਤਹਿਤ ਸਰਕਾਰ ਵਲੋਂ ਬਜਟ ਉਪਬੰਧ ਨਹੀਂ ਕੀਤਾ ਜਾਂਦਾ। ਕਾਰਪੋਰੇਸ਼ਨ ਵਲੋਂ ਸਾਲ 2023-24 ਦੌਰਾਨ ਭੇਜੇ ਗਏ 3.70 ਕਰੋੜ ਰੁਪਏ ਦੇ ਪ੍ਰੋਜੈਕਟ ਭਾਰਤ ਸਰਕਾਰ ਦੇ ਵਿਚਾਰ ਅਧੀਨ ਹਨ। | 0.57 ਕਰੋੜ (ਫਿਕਸ ਕੀਤੀ ਗਈ ਡਰਾਇੰਗ ਲਿਮਿਟ) | ਨਿਲ* |

*ਕਾਰਪੋਰੇਸ਼ਨ ਵਲੋਂ ਬੈਕਐਂਡ ਸਬਸਿਡੀ ਇੰਨਸੈਂਟਿਵ ਫਾਰ ਲੋਨਜ਼ ਗਿਵਨ ਸਕੀਮ (100% ਸੈਂਟਰਲ ਸ਼ੇਅਰ) ਸਕੀਮ ਤਹਿਤ ਹੁਣ ਤੱਕ 57.00 ਲੱਖ ਰੁਪਏ ਦੇ ਸਬਸਿਡੀ ਕੇਸ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ ਇਸ ਰਕਮ ਨੂੰ ਜਲਦੀ ਹੀ ਖਰਚ ਕਰ ਲਿਆ ਜਾਵੇਗਾ।

(ਅ) ਜਵਾਬ ਅਨੁਲੱਗ-ਅ ਤੇ ਨੱਥੀ ਹੈ ਜੀ ।

**ਅਨੁਲੱਗ - ਅ**

1. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਟੂ ਪੀ.ਐਸ.ਸੀ.ਐਫ.ਸੀ. ਸਕੀਮ (51% ਸਟੇਟ ਸ਼ੇਅਰ ਅਤੇ 49% ਸੈਂਟਰਲ ਸ਼ੇਅਰ) ਅਧੀਨ ਸਾਲ 2022-23 ਦੌਰਾਨ ਸਰਕਾਰ ਵਲੋਂ ਕੀਤੇ ਗਏ ਬਜਟ ਉਪਬੰਧ 5.00 ਕਰੋੜ ਰੁਪਏ ਅਨੁਸਾਰ ਕਾਰਪੋਰੇਸ਼ਨ ਵਲੋਂ ਮਿੱਥੇ ਗਏ ਟੀਚੇ ਲਗਭਗ ਪੂਰੇ ਕੀਤੇ ਜਾ ਚੁੱਕੇ ਹਨ। ਸਾਲ 2023-24 ਦੌਰਾਨ ਭਾਰਤ ਸਰਕਾਰ ਵਲੋਂ ਇਸ ਸਕੀਮ ਤਹਿਤ ਆਪਣਾ ਬਣਦਾ 49% ਸੈਂਟਰਲ ਸ਼ੇਅਰ ਲਈ ਬਜਟ ਨਹੀਂ ਰੱਖਿਆ ਗਿਆ ਹੈ ਅਤੇ ਇਸ ਕਰਕੇ ਭਾਰਤ ਸਰਕਾਰ ਵਲੋਂ ਇਹ ਸਕੀਮ ਪੀ.ਐਫ.ਐਮ.ਐਸ. ਪੋਰਟਲ ਵਿੱਚ onboard ਨਾ ਕਰਨ ਕਾਰਨ ਕਾਰਪੋਰੇਸ਼ਨ ਨੂੰ ਸੈਂਟਰਲ ਸ਼ੇਅਰ ਅਤੇ ਸਟੇਟ ਸ਼ੇਅਰ ਦੀ ਰਕਮ ਜਾਰੀ ਨਹੀ ਕੀਤੀ ਜਾ ਰਹੀ ਹੈ, ਜਿਸ ਨੂੰ ਦਰੁੱਸਤ ਕਰਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ

ਹੈ ਅਤੇ ਇਸ ਕਰਕੇ ਕਾਰਪੋਰੇਸ਼ਨ ਵੱਲੋਂ ਸਾਲ 2023-24 ਦੌਰਾਨ ਆਪਣੇ ਮਿੱਥੇ ਟੀਚੇ ਪੂਰੇ ਨਹੀਂ ਕੀਤੇ ਜਾ ਸਕੇ ਹਨ।

2. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਕੈਪੀਟਲ ਸਬਸਿਡੀ ਅੰਡਰ ਬੈਂਕ ਟਾਈ ਅੱਪ ਲੋਨਿੰਗ ਪ੍ਰੋਗਰਾਮ ਥਰੂ ਪੀ.ਐਸ.ਸੀ.ਐਫ.ਸੀ. ਸਕੀਮ (100% ਸੈਂਟਰਲ ਸ਼ੇਅਰ) ਅਧੀਨ ਕਾਰਪੋਰੇਸ਼ਨ ਵਲੋਂ ਭੇਜੇ ਗਏ 5.00 ਕਰੋੜ ਰੁਪਏ ਦੇ ਪ੍ਰੋਜੈਕਟ ਦੀ ਰਕਮ ਸਰਕਾਰ ਵਲੋਂ ਸਾਲ 2023-24 ਦੌਰਾਨ ਜਾਰੀ ਕੀਤੀ ਗਈ ਸੀ, ਜਿਸ ਵਿਚੋਂ ਕਾਰਪੋਰੇਸ਼ਨ ਵਲੋਂ ਇਸ ਸਕੀਮ ਅਧੀਨ 2.62 ਕਰੋੜ ਰੁਪਏ ਦੇ ਸਬਸਿਡੀ ਕੇਸ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ 1.01 ਕਰੋੜ ਰੁਪਏ ਦੀ ਸਬਸਿਡੀ ਵੰਡੀ ਜਾ ਚੁੱਕੀ ਹੈ। ਬਾਕੀ ਬਚੀ 1.61 ਕਰੋੜ ਰੁਪਏ ਦੀ ਰਕਮ ਜਲਦੀ ਹੀ ਖਰਚ ਕਰ ਲਈ ਜਾਵੇਗੀ। ਇਸ ਤੋਂ ਇਲਾਵਾ 2.19 ਕਰੋੜ ਦੇ ਸਬਸਿਡੀ ਕੇਸ ਕਾਰਵਾਈ ਅਧੀਨ ਹਨ। ਇਸ ਲਈ ਕਾਰਪੋਰੇਸ਼ਨ ਵਲੋਂ ਆਪਣੇ ਮਿੱਥੇ ਟੀਚੇ ਪੂਰੇ ਕਰਨ ਲਈ ਵੱਧ ਤੋਂ ਵੱਧ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਾਰਪੋਰੇਸ਼ਨ ਵਲੋਂ ਸਾਲ 2023-24 ਦੌਰਾਨ ਇਸ ਸਕੀਮ ਤਹਿਤ ਭੇਜੇ ਗਏ 10.00 ਕਰੋੜ ਰੁਪਏ ਦੇ ਪ੍ਰੋਜੈਕਟ ਭਾਰਤ ਸਰਕਾਰ ਦੇ ਵਿਚਾਰ ਅਧੀਨ ਹਨ।

3. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਬੈਕਐਂਡ ਸਬਸਿਡੀ ਇੰਨਸੈਂਟਿਵ ਫਾਰ ਲੋਨਜ਼ ਗਿਵਨ ਸਕੀਮ (100% ਸੈਂਟਰਲ ਸ਼ੇਅਰ) ਅਧੀਨ ਕਾਰਪੋਰੇਸ਼ਨ ਵਲੋਂ ਭੇਜੇ ਗਏ 57.00 ਲੱਖ ਰੁਪਏ ਦੇ ਪ੍ਰੋਜੈਕਟ ਦੀ ਰਕਮ ਸਰਕਾਰ ਵਲੋਂ ਸਾਲ 2023-24 ਦੌਰਾਨ ਜਾਰੀ ਕੀਤੀ ਗਈ ਸੀ, ਜਿਸ ਵਿਚੋਂ ਕਾਰਪੋਰੇਸ਼ਨ ਵਲੋਂ ਇਸ ਸਕੀਮ ਅਧੀਨ 57.00 ਲੱਖ ਰੁਪਏ ਦੇ ਸਬਸਿਡੀ ਕੇਸ ਮਨਜ਼ੂਰ ਕੀਤੇ ਜਾ ਚੁੱਕੇ ਹਨ ਅਤੇ ਇਹ ਰਕਮ ਜਲਦੀ ਹੀ ਖਰਚ ਕਰ ਲਈ ਜਾਵੇਗੀ। ਇਸ ਲਈ ਕਾਰਪੋਰੇਸ਼ਨ ਵਲੋਂ ਆਪਣੇ ਮਿੱਥੇ ਟੀਚੇ ਪੂਰੇ ਕਰਨ ਲਈ ਵੱਧ ਤੋਂ ਵੱਧ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕਾਰਪੋਰੇਸ਼ਨ ਵਲੋਂ ਸਾਲ 2023-24 ਦੌਰਾਨ ਇਸ ਸਕੀਮ ਤਹਿਤ ਭੇਜੇ ਗਏ 3.70 ਕਰੋੜ ਰੁਪਏ ਦੇ ਪ੍ਰੋਜੈਕਟ ਭਾਰਤ ਸਰਕਾਰ ਦੇ ਵਿਚਾਰ ਅਧੀਨ ਹਨ।

---

## ਫਾਇਰ ਬ੍ਰਿਗੇਡ ਵਿੱਚ ਰੱਖੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨਾ

**384. ਡਾਕਟਰ ਨਛੱਤਰ ਪਾਲ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ ) ਰਾਜ ਦੀਆਂ ਵੱਖ ਵੱਖ ਫਾਇਰ ਬ੍ਰਿਗੇਡ ਸ਼ਾਖਾਵਾਂ ਵਿੱਚ ਕਿੰਨੇ ਤੇ ਕਿਹੜੇ ਦਰਜੇ ਦੇ ਮੁਲਾਜ਼ਮ ਕਦੋਂ ਕਦੋਂ ਕੱਚੇ (ਆਊਟਸੋਰਸ) ਰਾਹੀਂ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਪ੍ਰਤੀ ਮਹੀਨਾ ਕਿੰਨੀ ਕਿੰਨੀ ਤਨਖਾਹ ਦਿੱਤੀ ਜਾ ਰਹੀ ਹੈ; ਕੀ ਇਨ੍ਹਾਂ ਕਰਮਚਾਰੀਆਂ ਨੂੰ ਕਿਰਤ ਵਿਭਾਗ ਦੀਆਂ

ਹਦਾਇਤਾਂ ਅਨੁਸਾਰ ਈ.ਐਸ.ਆਈ., ਈ.ਪੀ.ਐਫ. ਅਤੇ ਬੀਮਾ ਆਦਿ ਦੀਆਂ ਸਹੂਲਤਾਂ ਦਿੱਤੀਆਂ/ਪ੍ਰੋਵਾਈਡ ਕਰਵਾਈਆਂ ਜਾ ਰਹੀਆਂ ਹਨ;

(ਅ) ਕੀ ਠੇਕੇ ਤੇ ਕੰਮ ਕਰ ਰਹੇ ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਅੱਗੇ ਤੋਂ ਫਾਇਰ ਬ੍ਰਿਗੇਡ ਵਿੱਚ ਠੇਕੇ ਤੇ ਭਰਤੀ ਪੱਕੇ ਤੌਰ ਬੰਦ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਬਲਕਾਰ ਸਿੰਘ** : **(ੳ)** ਰਾਜ ਵਿੱਚ ਵੱਖ ਵੱਖ ਫਾਇਰ ਸਟੇਸ਼ਨਾਂ ਵਿਖੇ 945 ਫਾਇਰਮੈਨ ਅਤੇ 311 ਡਰਾਈਵਰ ਉਪਰੇਟਰ ਆਊਟਸੋਰਸ ਏਜੰਸੀਆਂ ਰਾਹੀਂ ਕੰਮ ਕਰ ਰਹੇ ਹਨ। ਇਨ੍ਹਾਂ ਕੰਮ ਕਰ ਰਹੇ ਫਾਇਰਮੈਨ/ਡਰਾਈਵਰ ਉਪਰੇਟਰਾਂ ਨੂੰ ਕਿਰਤ ਵਿਭਾਗ ਵਲੋਂ ਜ਼ਿਲ੍ਹਾ ਵਾਈਜ਼ ਨਿਰਧਾਰਤ ਕੀਤੇ ਗਏ ਰੇਟਾਂ ਅਨੁਸਾਰ ਤਨਖਾਹ ਦਿੱਤੀ ਜਾ ਰਹੀ ਹੈ। ਇਨ੍ਹਾਂ ਕਰਮਚਾਰੀਆਂ ਨੂੰ ਆਊਟਸੋਰਸ ਏਜੰਸੀਆਂ ਵਲੋਂ E.S.I, E.P.F and Insurance ਅਧੀਨ ਲੇਬਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਹੂਲਤ ਦਿੱਤੀ ਜਾ ਰਹੀ ਹੈ। ਵੇਰਵਾ *ਅਨੁਲੱਗ-1 ਤੇ ਨੱਥੀ ਹੈ।

**(ਅ)** ਹਾਂ ਜੀ, ਪ੍ਰਸੋਨਲ ਵਿਭਾਗ (ਪੀ.ਪੀ.-3 ਸ਼ਾਖਾ) ਵਲੋਂ ਪੱਤਰ ਨੰ. I.D. No. 11/07/2022-4PP3/350 Dated Chd 16-05-2023 ਰਾਹੀਂ Policy for Welfare of Adhoc, Contractual, Daily Wages, Work Charged and Temporary employees ਅਧੀਨ ਕੰਟਰੈਕਟ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗ ਵਲੋਂ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਫਾਇਰਮੈਨ ਦੀਆਂ 991 ਅਸਾਮੀਆਂ ਅਤੇ ਡਰਾਈਵਰ ਉਪਰੇਟਰ ਦੀਆਂ 326 ਅਸਾਮੀਆਂ ਰੈਗੂਲਰ ਭਰਨ ਸਬੰਧੀ ਮੰਗ ਪੱਤਰ ਭੇਜੇ ਗਏ ਸਨ, ਜਿਨ੍ਹਾਂ ਵਿਚੋਂ ਅਧੀਨ ਸੇਵਾਵਾਂ ਚੋਣ ਬੋਰਡ ਵਲੋਂ ਫਾਇਰਮੈਨ ਦੀ ਅਸਾਮੀ ਦਾ ਰਿਜ਼ਲਟ ਘੋਸ਼ਿਤ ਕਰਨ ਉਪਰੰਤ 421 ਉਮੀਦਵਾਰਾਂ ਦਾ ਰਿਕਾਰਡ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ, ਜਿਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਡਰਾਈਵਰ

---

* Placed in Revisor Branch

ਉਪਰੇਟਰਾਂ ਦੀਆਂ ਰੈਗੂਲਰ ਅਸਾਮੀਆਂ ਸਬੰਧੀ ਰਿਜ਼ਲਟ ਡਿਕਲੇਅਰ ਕਰਨ ਬਾਰੇ ਮਾਮਲਾ ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ ਦੇ ਵਿਚਾਰ ਅਧੀਨ ਹੈ। ਪ੍ਰਸੋਨਲ ਵਿਭਾਗ (ਪੀ.ਪੀ.-3 ਸ਼ਾਖਾ) ਵਲੋਂ ਜਾਰੀ ਪਾਲਿਸੀ *ਅਨੁਲੱਗ-2 ਤੇ ਨੱਥੀ ਹੈ।

---

**ਮੂੰਗੀ ਨੂੰ ਪਾਲਿਸ਼ ਕਰਨ ਲਈ ਪਲਾਂਟ ਲਗਾਉਣਾ**

**388. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਖੇਤੀਬਾੜੀ **ਅਤੇ ਕਿਸਾਨ ਭਲਾਈ** ਮੰਤਰੀ ਕਿਰਪਾ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਦੀ ਅਨਾਜ ਮੰਡੀ ਮੂੰਗੀ ਦਾ ਸਭ ਤੋਂ ਵੱਡਾ ਹੱਬ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਮੂੰਗੀ ਦੀ ਸਭ ਤੋਂ ਵੱਧ ਖਰੀਦ ਹੋਣ ਕਾਰਨ ਇੱਥੇ ਮੂੰਗੀ ਨੂੰ ਪਾਲਿਸ਼ ਕਰਨ ਲਈ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਇਹ ਠੀਕ ਹੈ ਕਿ ਜਗਰਾਉਂ ਦੀ ਅਨਾਜ ਮੰਡੀ ਵਿੱਚ ਮੂੰਗੀ ਦੀ ਸਭ ਤੋਂ ਵੱਧ ਖਰੀਦ ਹੁੰਦੀ ਹੈ। ਹਾਲ ਦੀ ਘੜੀ ਜਗਰਾਉਂ ਦੀ ਅਨਾਜ ਮੰਡੀ ਵਿੱਚ ਮੂੰਗੀ ਨੂੰ ਪਾਲਿਸ਼ ਕਰਨ ਲਈ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਹਲਕਾ ਖਡੂਰ ਸਾਹਿਬ ਦੇ ਪਿੰਡਾਂ ਵਿੱਚ ਅਲਾਟ ਕੀਤੇ ਗਏ ਘਰਾਂ ਦੇ ਵੇਰਵੇ**

**409. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਜ਼ਿਲ੍ਹਾ ਤਰਨਤਾਰਨ ਦੇ ਹਲਕਾ ਖਡੂਰ ਸਾਹਿਬ ਦੇ ਨਾਲ

* Placed in Revisor Branch

ਸਬੰਧਤ ਪਿੰਡਾਂ ਵਿੱਚ ਸਾਲ 2021 ਤੋਂ ਹੁਣ ਤੱਕ ਕਿੰਨੇ ਘਰ ਅਲਾਟ ਕੀਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਲਾਲਜੀਤ ਸਿੰਘ ਭੁੱਲਰ:** ਸ਼੍ਰੀਮਾਨ ਜੀ, ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਜ਼ਿਲ੍ਹਾ ਤਰਨਤਾਰਨ ਦੇ ਹਲਕਾ ਖਡੂਰ ਸਾਹਿਬ ਦੇ ਨਾਲ ਸਬੰਧਤ ਪਿੰਡਾਂ ਵਿੱਚ ਸਾਲ 2021 ਤੋਂ ਹੁਣ ਤੱਕ ਕੁੱਲ 85 ਘਰ ਅਲਾਟ ਕੀਤੇ ਗਏ ਹਨ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| **ਵਿੱਤੀ ਸਾਲ 2021 ਤੋਂ ਹੁਣ ਤੱਕ ਖਡੂਰ ਸਾਹਿਬ ਦੀਆਂ ਗ੍ਰਾਮ ਪੰਚਾਇਤਾਂ** | | | |
|---|---|---|---|
| ਲੜੀ ਨੰ: | ਬਲਾਕ ਦਾ ਨਾਮ | ਗ੍ਰਾਮ ਪੰਚਾਇਤ ਦਾ ਨਾਮ | ਸੈਂਕਸ਼ਨ ਕੀਤੇ ਗਏ ਘਰ |
| 1 | ਚੋਹਲਾ ਸਾਹਿਬ | ਬ੍ਰਹਮਪੁਰਾ | 1 |
| 2 | ਚੋਹਲਾ ਸਾਹਿਬ | ਭੱਠਲ ਸਹਿਜਾ ਸਿੰਘ | 2 |
| 3 | ਚੋਹਲਾ ਸਾਹਿਬ | ਭੈਲ ਢਾਏਵਾਲਾ | 7 |
| 4 | ਚੋਹਲਾ ਸਾਹਿਬ | ਚੱਕ ਮੇਹਰ | 1 |
| 6 | ਚੋਹਲਾ ਸਾਹਿਬ | ਚੰਬਾ ਕਲਾਂ | 2 |
| 7 | ਚੋਹਲਾ ਸਾਹਿਬ | ਚੋਹਲਾ ਸਾਹਿਬ | 2 |
| 9 | ਚੋਹਲਾ ਸਾਹਿਬ | ਡੇਰਾ ਸਾਹਿਬ | 2 |
| 10 | ਚੋਹਲਾ ਸਾਹਿਬ | ਧੂੰਦਾਂ | 1 |
| 11 | ਚੋਹਲਾ ਸਾਹਿਬ | ਫਤਿਹਾਬਾਦ | 6 |
| 12 | ਚੋਹਲਾ ਸਾਹਿਬ | ਘੜਕਾ | 2 |
| 13 | ਚੋਹਲਾ ਸਾਹਿਬ | ਗੁੱਜਰਪੁਰਾ | 1 |
| 14 | ਚੋਹਲਾ ਸਾਹਿਬ | ਜਾਮਾ ਰਾਏ | 1 |
| 15 | ਚੋਹਲਾ ਸਾਹਿਬ | ਝੰਡੇਰ ਮਹਾ ਪੁਰਖਾ | 2 |
| 16 | ਚੋਹਲਾ ਸਾਹਿਬ | ਖਾਨ ਛਾਪੜੀ | 2 |

| | | | |
|---|---|---|---|
| 17 | ਚੋਹਲਾ ਸਾਹਿਬ | ਮਾਨਕ ਡੇਕੇ | 1 |
| 18 | ਚੋਹਲਾ ਸਾਹਿਬ | ਮੁਹੱਲਾ ਚੰਡੀਗੜ੍ਹ | 1 |
| 19 | ਚੋਹਲਾ ਸਾਹਿਬ | ਪੱਖੋਪੁਰਾ | 1 |
| 20 | ਚੋਹਲਾ ਸਾਹਿਬ | ਰਾਹਲ ਚਾਹਲ | 1 |
| 21 | ਚੋਹਲਾ ਸਾਹਿਬ | ਰਾਣੀਵਲਾ | 1 |
| 22 | ਚੋਹਲਾ ਸਾਹਿਬ | ਰੋਤੋਕੇ | 1 |
| 23 | ਚੋਹਲਾ ਸਾਹਿਬ | ਟਾਂਡਾ | 3 |
| 24 | ਚੋਹਲਾ ਸਾਹਿਬ | ਵਰਿਆਂ | 6 |
| 25 | ਨੌਸ਼ਹਿਰਾ ਪੰਨੂਆਂ | ਚੌਤਾਲਾ | 1 |
| 26 | ਖਡੂਰ ਸਾਹਿਬ | ਭਰੋਵਾਲ | 1 |
| 27 | ਖਡੂਰ ਸਾਹਿਬ | ਗੋਇੰਦਵਾਲ | 1 |
| 28 | ਖਡੂਰ ਸਾਹਿਬ | ਕੰਗ | 1 |
| 29 | ਖਡੂਰ ਸਾਹਿਬ | ਖਵਾਸਪੁਰ | 4 |
| 30 | ਖਡੂਰ ਸਾਹਿਬ | ਵੇਈਪੂਈਂ | 4 |
| 31 | ਤਰਨਤਾਰਨ | ਭੈਣੀ ਮੱਟੂਆ | 1 |
| 32 | ਤਰਨਤਾਰਨ | ਬਾਕੀਪੁਰ | 1 |
| 33 | ਤਰਨਤਾਰਨ | ਭੂਰੇ ਗਿੱਲ | 2 |
| 34 | ਤਰਨਤਾਰਨ | ਦਿਆਲ ਰਾਜਪੁਤਾਂ | 2 |
| 35 | ਤਰਨਤਾਰਨ | ਗੁਲਾਲੀਪੁਰ | 2 |
| 36 | ਤਰਨਤਾਰਨ | ਜਵੰਦਾਖੁਰਦ | 1 |
| 37 | ਤਰਨਤਾਰਨ | ਕੰਬੋਂ | 2 |
| 38 | ਤਰਨਤਾਰਨ | ਖੱਬੇਡੋਗਰਾ | 2 |
| 39 | ਤਰਨਤਾਰਨ | ਖੈਰਾ | 2 |
| 40 | ਤਰਨਤਾਰਨ | ਕੋਟ ਜਸਪਤ | 1 |
| 41 | ਤਰਨਤਾਰਨ | ਮਮਣਕੇ | 2 |

| | | | |
|---|---|---|---|
| 42 | ਤਰਨਤਾਰਨ | ਮਾਣੋਚਾਹਲ ਕਲਾਂ | 1 |
| 43 | ਤਰਨਤਾਰਨ | ਨੌਨੇ | 2 |
| 44 | ਤਰਨਤਾਰਨ | ਨੌਰੰਗੋਵਾਲ | 2 |
| 45 | ਤਰਨਤਾਰਨ | ਪਲਾਸੋਰ | 1 |
| 46 | ਤਰਨਤਾਰਨ | ਪੰਡੋਰੀਗੋਲਾ | 1 |
| 47 | ਤਰਨਤਾਰਨ | ਸ਼ਹਿਬਾਜਪੁਰ ਖੁਰਦ | 1 |
| | | **ਕੁੱਲ** | **85** |

---

## MATTERS RAISED DURING ZERO HOUR

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਆਪਣੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਕੋਟਿਨ ਕੋਟਿ ਧੰਨਵਾਦ ਕਰਦਾ ਹਾਂ। ਇਨ੍ਹਾਂ ਨੇ ਜਿੱਥੇ ਪੂਰੇ ਪੰਜਾਬ ਵਿੱਚ ਰਜਬਾਹੇ ਬਣਾਏ ਹਨ ਅਤੇ ਨਹਿਰਾਂ ਦਾ ਪਾਣੀ ਬਚਾਇਆ ਹੈ, ਉਥੇ ਮੇਰੇ ਹਲਕੇ ਵਿੱਚ ਵੀ ਬਹੁਤ ਸਾਰੇ ਪਿੰਡਾਂ ਵਿੱਚ ਨਹਿਰਾਂ ਦਾ ਪਾਣੀ ਆਉਣ ਲੱਗਿਆ ਹੈ ਅਤੇ ਰਜਬਾਹੇ ਪੱਕੇ ਕੀਤੇ ਗਏ ਹਨ ਪਰ ਮੇਰੇ ਹਲਕੇ ਦਾ ਇੱਕ ਪਿੰਡ ਧੂੜਕੋਟ ਰਣਸੀਂਹ ਹੈ, ਇਥੇ ਇੱਕ ਕੱਸੀ ਨਿਹਾਲ ਸਿੰਘ ਵਾਲਾ ਨੂੰ ਜਾਂਦੀ ਹੈ ਔਰ ਦੂਜਾ ਪਿੰਡ ਮਾਣੂਕੇ ਗਿੱਲ ਹੈ, ਇਸ ਦੀ ਵੀ ਇੱਕ ਕੱਸੀ ਹੈ, ਇਨ੍ਹਾਂ ਦੋਵਾਂ ਦੀ ਮੁਰੰਮਤ ਦੀ ਜ਼ਰੂਰਤ ਹੈ ਔਰ ਸਫਾਈ ਦੀ ਵੀ ਲੋੜ ਹੈ। ਇੱਥੇ ਪਾਣੀ ਦੀ ਬੜੀ ਸਮੱਸਿਆ ਆ ਰਹੀ ਹੈ। ਜੇ ਕਿਤੇ ਇਹ ਦੋਵੇਂ ਠੀਕ ਹੋ ਜਾਣ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਹਲਕੇ ਵਿੱਚ ਜਿਹੜੀ ਮਾੜੀ-ਮੋਟੀ ਕਮੀ ਰਹਿ ਗਈ ਹੈ, ਉਹ ਵੀ ਦੂਰ ਹੋ ਜਾਵੇਗੀ। ਸੋ, ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਐਗਰੀਕਲਚਰ ਮਨਿਸਟਰ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਸਾਹਿਬ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਡਾਈਵਰਸੀਫਿਕੇਸ਼ਨ ਲਿਆਉਣ ਲਈ ਲੋਕਾਂ ਨੇ ਪਾਪੂਲਰ ਅਤੇ ਸਫੈਦਾ ਲਗਾਉਣਾ ਸ਼ੁਰੂ ਕੀਤਾ ਸੀ। ਪੰਜਾਬ ਵਿੱਚ ਹੁਸ਼ਿਆਰਪੁਰ ਵਿਖੇ ਇੱਕੋ ਹੀ ਮੰਡੀ ਹੈ, ਜਿਥੇ ਇਹ ਸਾਰਾ ਕੁਝ ਵਿਕਦਾ ਹੈ। ਮੰਤਰੀ ਸਾਹਿਬ,

ਉਥੇ ਬਹੁਤ ਲੁੱਟ ਹੁੰਦੀ ਹੈ, ਜਦੋਂ ਕਿਸਾਨ ਆਪਣੀ ਫਸਲ ਵੇਚਦਾ ਹੈ, ਜੇਕਰ ਕਿਸਾਨ ਉਸ ਦੇ ਨਗਦ ਪੈਸੇ ਮੰਗਦਾ ਹੈ ਤਾਂ ਉਸ ਵਾਸਤੇ 4% ਪੈਸੇ ਕੱਟੇ ਜਾਂਦੇ ਹਨ। ਜੇਕਰ ਕਿਸਾਨ ਨੂੰ ਚੈੱਕ ਵੀ ਦਿੱਤਾ ਜਾਂਦਾ ਹੈ ਤਾਂ 4% ਨਗਦ ਦੇ ਹਿਸਾਬ ਨਾਲ ਪੈਸੇ ਕੱਟ ਲਏ ਜਾਂਦੇ ਹਨ। ਕਿਸਾਨ ਦੀ ਪੇਮੈਂਟ ਵਿਚੋਂ 4% ਨਗਦ ਪੈਸੇ ਕੱਟ ਲੈਣੇ ਬਹੁਤ ਜ਼ਿਆਦਾ ਹਨ, ਪਹਿਲਾਂ ਇਹ ਰੇਟ 2% ਲਗਦਾ ਹੁੰਦਾ ਸੀ ਪ੍ਰੰਤੂ ਹੁਣ 4% ਰੇਟ ਲਗਦਾ ਹੈ। ਕ੍ਰਿਪਾ ਕਰਕੇ ਇਸ ਗੱਲ ਵੱਲ ਧਿਆਨ ਦਿਉ ਜੀ।

ਸਪੀਕਰ ਸਾਹਿਬ, ਦੂਜਾ ਮੇਰਾ ਪੁਆਇੰਟ ਹੈ ਕਿ ਇੱਕ ਅਨਾਊਂਸਮੈਂਟ ਹੋਈ ਸੀ ਕਿ ਜ਼ਮੀਨਾਂ ਦੀਆਂ ਰਜਿਸਟਰੀਆਂ ਲਈ ਹੁਣ ਪਹਿਲਾਂ ਐਨ.ਓ.ਸੀ. ਨਹੀਂ ਲੈਣਾ ਪਵੇਗਾ ਪਰ ਅੱਜ ਤੱਕ ਇਸ ਬਾਰੇ ਕੋਈ ਨੋਟੀਫਿਕੇਸ਼ਨ ਨਹੀਂ ਹੋਇਆ। ਲੋਕਾਂ ਨੂੰ ਐਨ.ਓ.ਸੀ. ਨਹੀਂ ਮਿਲਦਾ, ਲੋਕ ਉਸੇ ਤਰ੍ਹਾਂ ਹੀ ਖੱਜਲ ਹੋ ਰਹੇ ਹਨ, ਕਿਸੇ ਦੀ ਕੋਈ ਰਜਿਸਟਰੀ ਨਹੀਂ ਹੋ ਰਹੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਰਕਾਰ ਨੇ ਇਸ ਗੱਲ ਦੀ ਅਨਾਊਂਸਮੈਂਟ ਕੀਤੀ ਹੈ ਤਾਂ ਇਸ ਸਬੰਧੀ ਨੋਟੀਫਿਕੇਸ਼ਨ ਜ਼ਰੂਰ ਕਰੇ।

---

## ANNOUNCEMENT BY THE SPEAKER

**ਮਾਣਯੋਗ ਸਪੀਕਰ:** ਅੱਜ ਸਾਰੇ ਹਾਊਸ ਲਈ ਇੱਕ ਕੁਐਸਚਨ ਹੈ। ਜਿਹੜਾ ਵੀ ਮਾਣਯੋਗ ਮੈਂਬਰ ਇਸ ਉਤੇ ਸਹੀ ਜਵਾਬ ਦੇਵੇਗਾ, ਉਸ ਨੂੰ ਪੰਜ ਮਿੰਟ ਐਕਸਟਰਾ ਦਿੱਤੇ ਜਾਣਗੇ। ਅੱਜ ਮਾਣਯੋਗ ਸੁਪਰੀਮ ਕੋਰਟ ਦੇ ਵਿੱਚ ਇੱਕ ਬੜਾ ਵੱਡਾ ਇਸ਼ੂ ਇਲੈਕਟੋਰਲ ਬੌਂਡ ਦੇ ਉੱਪਰ ਆਇਆ ਹੈ। ਉਹ ਕਿਸ ਸਬੰਧ ਦੇ ਵਿੱਚ ਹੈ ਅਤੇ ਕੀ ਜੱਜਮੈਂਟ ਹੈ? ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਰ, ਸੁਪਰੀਮ ਕੋਰਟ ਨੇ ਇੱਕ ਬਹੁਤ ਬੇਹਤਰੀਨ ਜੱਜਮੈਂਟ ਦਿੱਤੀ ਹੈ। ਜਿਹੜਾ ਸਟੇਟ ਬੈਂਕ ਆਫ ਇੰਡੀਆ ਹੈ, ਇਹ ਮੌਜੂਦਾ ਸਰਕਾਰ ਦਾ ਬਚਾਅ ਕਰਨ ਦੀ ਕੋਸ਼ਿਸ਼ ਕਰਦਾ ਸੀ। ਮਾਣਯੋਗ ਸੁਪਰੀਮ ਕੋਰਟ ਨੇ ਇਹ ਸਾਰੇ ਇਲਲੀਗਲ ਕਰਾਰ ਦੇ ਦਿੱਤੇ ਸੀ, ਉਸ ਵਿੱਚ ਬੈਨੀਫਿਸ਼ਰੀਜ਼ ਦੇ ਨਾਮ ਹਨ। ਪਹਿਲਾਂ ਇਹ ਸੀ ਕਿ ਜਿਨ੍ਹਾਂ ਨੇ ਪੈਸੇ ਦਿੱਤੇ ਹਨ, ਉਨ੍ਹਾਂ ਦੇ ਨਾਮ ਨਹੀਂ ਦੱਸੇ

ਜਾਣਗੇ। ਮਾਣਯੋਗ ਸੁਪਰੀਮ ਕੋਰਟ ਨੇ ਰੂਲਿੰਗ ਦਿੱਤੀ ਸੀ ਕਿ ਸਾਰਿਆਂ ਦੇ ਨਾਮ ਦੱਸੇ ਜਾਣ ਕਿਉਂਕਿ ਇਸ ਦੀ direct equation with corruption ਹੈ ਅਤੇ ਇਸ ਵਿੱਚ ਬਹੁਤ ਸਾਰੇ ਉਹ ਲੋਕ ਹਨ, ਜਿਨ੍ਹਾਂ ਕੋਲੋਂ ਪੈਸੇ ਲਏ ਗਏ ਹਨ। ਇਸ ਵਿੱਚ ਸਾਰਿਆਂ ਨਾਲੋਂ ਵੱਡੀ beneficiary ਪਾਰਟੀ ਬੀ.ਜੇ.ਪੀ. ਹੈ। ਜਦੋਂ ਇਹ ਨਾਮ ਸਾਹਮਣੇ ਆਉਣਗੇ, ਉਨ੍ਹਾਂ ਨੂੰ ਬੈਂਕਾਂ ਤੋਂ ਜਿਹੜੇ ਕਰਜ਼ੇ ਮੁਆਫ ਹੋਏ ਹਨ, ਉਹ ਵੇਖੇ ਜਾਣਗੇ। ਇਨ੍ਹਾਂ ਲੋਕਾਂ ਨੂੰ ਹੀ ਸਾਰਿਆਂ ਤੋਂ ਵੱਧ ਕਰਜ਼ੇ ਦੀ ਮੁਆਫੀ ਦਿੱਤੀ ਗਈ ਹੈ। ਇੱਕ ਲਫਜ਼ quid pro quo ਹੈ ਕਿ ਉਹ quid pro quo ਇਥੋਂ ਇਸਟੈਬਲਿਸ਼ ਹੋਵੇਗਾ। ਅੱਜ ਉਨ੍ਹਾਂ ਨੇ ਐਸ.ਬੀ.ਆਈ. ਦੀ ਉਹ ਰਿਕੁਐਸਟ ਡਿਕਲਾਈਨ ਕਰ ਦਿੱਤੀ ਹੈ। ਉਨ੍ਹਾਂ ਨੂੰ ਕਿਹਾ ਹੈ ਕਿ 15 ਮਾਰਚ ਤੱਕ ਉਨ੍ਹਾਂ ਸਾਰਿਆਂ ਦੇ ਬਕਾਇਦਾ ਤੌਰ ਤੇ ਨਾਮ ਕੱਢੇ ਜਾਣ ਤਾਂ ਕਿ ਇਲੈਕਸ਼ਨਾਂ ਤੋਂ ਪਹਿਲਾਂ ਸਾਰਾ ਦੇਸ਼ ਨੂੰ ਇਹ ਪਤਾ ਲਗ ਸਕੇ ਕਿ ਸਾਰਿਆਂ ਨਾਲੋਂ ਵੱਡਾ ਫਾਇਦਾ ਇਨ੍ਹਾਂ ਵੱਡੇ ਇੰਡਸਟਰੀਲਿਸਟਾਂ ਦਾ ਕਿਹੜੀ ਜਮਾਤ ਨੂੰ ਗਿਆ ਹੈ। ਕਿਸ ਦੇ ਕੋਲ ਪੈਸੇ ਬਾਹਵਾਂ ਮਰੋੜ ਕੇ ਲਏ ਗਏ ਅਤੇ ਕਿਸ ਨੂੰ ਵੱਡਾ ਐਡਵਾਂਟੇਜ ਬੈਂਕਾਂ ਦੇ ਕਰਜ਼ੇ ਮੁਆਫ ਕਰਕੇ ਦਿੱਤਾ ਗਿਆ। ਸੋ, ਇਹ ਜਿਹੜਾ ਸ਼ਬਦ ਤੁਸੀਂ ਇਸਤੇਮਾਲ ਕੀਤਾ ਹੈ, ਇਹ ਸਾਬਤ ਹੋ ਜਾਵੇਗਾ। ਇਸ ਨਾਲ ਕੋਰਿਲੇਸ਼ਨ ਹੋ ਜਾਵੇਗਾ ਕਿ ਕਿਨ੍ਹਾਂ ਕੋਲੋਂ ਇੱਕ ਪਾਸੇ ਪੈਸੇ ਲਏ ਗਏ ਅਤੇ ਉਨ੍ਹਾਂ ਦੇ ਕਰਜ਼ੇ ਰਾਈਟ-ਆਫ ਕੀਤੇ ਗਏ ਹਨ। ਸੋ,ਇਹ ਫੈਸਲਾ ਆਇਆ ਹੈ।

———

## MATTERS RAISED DURING ZERO HOUR (*Resumption*)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਮੈਂ ਹੁਣ ਜ਼ੀਰੋ ਆਵਰ ਉਤੇ ਗੁਜ਼ਾਰਿਸ਼ ਕਰਨੀ ਚਾਹਾਂਗਾ ਕਿ ਸਾਲ 2011 ਵਿਚ ਜਿਹੜੇ 6640 ਕੰਪਿਊਟਰ ਟੀਚਰ ਨੌਕਰੀ ਵਿਚ ਆਏ ਸਨ, ਤੁਹਾਡੀ ਪਾਰਟੀ ਨੇ ਸਰਕਾਰ ਬਣਨ ਤੋਂ ਪਹਿਲਾਂ ਇਨ੍ਹਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਸੀ ਕਿ ਅਸੀਂ ਤੁਹਾਨੂੰ ਛੇਵਾਂ ਪੇਅ ਕਮਿਸ਼ਨ ਲਾਗੂ ਕਰਾਂਗੇ ਅਤੇ ਹੋਰ ਵੀ ਬਹੁਤ ਸਾਰੇ ਬੈਨੀਫਿਟਸ ਦਿਆਂਗੇ। ਮੈਂ ਸਾਰੇ ਹਾਊਸ ਨੂੰ ਵਿਖਾਉਣਾ ਚਾਹੁੰਦਾ ਹਾਂ ਕਿ (ਹੱਥ ਵਿਚ ਕਾਗਜ਼ ਲਹਿਰਾਉਂਦੇ ਹੋਏ) 15 ਸਤੰਬਰ ਨੂੰ ਅਖਬਾਰਾਂ ਵਿਚ ਐਡਵਰਟਾਈਜ਼ਮੈਂਟ ਵੀ ਆਈ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਸਿਵਲ ਸਰਵਿਸਿਜ਼ ਰੂਲਜ਼ ਮੁਤਾਬਿਕ ਇਨ੍ਹਾਂ ਨੂੰ ਬੈਨੀਫਿਟਸ

ਦਿੱਤੇ ਜਾਣਗੇ, ਪੇਅ ਕਮਿਸ਼ਨ ਦਾ ਲਾਭ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਇਨ੍ਹਾਂ ਕੰਪਿਊਟਰ ਟੀਚਰਾਂ ਵਿਚੋਂ ਲਗਭੱਗ 100 ਦੇ ਕਰੀਬ ਬੱਚਿਆਂ ਦੀ ਮੌਤ ਹੋ ਚੁੱਕੀ ਹੈ ਪਰ ਨਾ ਉਨ੍ਹਾਂ ਨੂੰ ਅਤੇ ਨਾ ਉਨ੍ਹਾਂ ਦੇ ਪਰਿਵਾਰਾਂ ਨੂੰ ਕੁਝ ਦਿੱਤਾ ਗਿਆ। ਮੈਂ ਵਿੱਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਤੁਹਾਡਾ ਹੀ ਵਾਅਦਾ ਸੀ। ਮੈਂ ਸਮਝਦਾ ਹਾਂ ਕਿ ਮੁਲਾਜ਼ਮ ਵਰਗ ਦਾ ਤੁਹਾਡੀ ਸਰਕਾਰ ਬਣਨ ਵਿਚ ਸਭ ਤੋਂ ਵੱਡਾ ਯੋਗਦਾਨ ਰਿਹਾ ਹੈ। ਸੋ, ਕ੍ਰਿਪਾ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿੱਤਾ ਜਾਵੇ। ਇਨ੍ਹਾਂ ਨਾਲ ਸਰਕਾਰ ਦੀਆਂ 44 ਮੀਟਿੰਗਾਂ ਹੋ ਚੁੱਕੀਆਂ ਹਨ। ਸੋ, ਕਿਰਪਾ ਕਰਕੇ ਜਿਹੜੇ ਵਾਅਦੇ ਕੀਤੇ ਗਏ ਹਨ, ਉਹ ਪੂਰੇ ਕਰਿਆ ਕਰੋ ਜਾਂ ਫਿਰ ਵਾਅਦੇ ਨਾ ਕਰਿਆ ਕਰੋ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਹਾਡਾ ਟਾਈਮ ਹਾਲੇ ਪਿਆ ਹੈ, ਫਿਰ ਤੁਸੀਂ ਕਹਿੰਦੇ ਹੋ ਕਿ ਮੈਨੂੰ ਬੋਲਣ ਲਈ ਸਮਾਂ ਨਹੀਂ ਦਿੰਦੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਧੰਨਵਾਦ, ਸਪੀਕਰ ਸਾਹਿਬ, ਬਹੁਤ ਮਿਹਰਬਾਨੀ। ਅੱਜ ਤੁਸੀਂ ਦਿਆਲ ਹੋਏ ਹੋ, ਇਸ ਦਾ ਐਡਵਾਂਟੇਜ ਵੀ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਸਰਕਾਰ ਦੇ ਤਿੰਨ ਚਾਰ ਅਹਿਮ ਕਮਿਸ਼ਨ ਹਨ, ਜਿਵੇਂ ਐਸ.ਸੀ. ਕਮਿਸ਼ਨ, ਐਨ.ਆਰ.ਆਈ. ਕਮਿਸ਼ਨ, ਫੂਡ ਕਮਿਸ਼ਨ, ਜਨਰਲ ਕੈਟਾਗਿਰੀ ਕਮਿਸ਼ਨ ਹੈ। ਬੈਕਵਰਡ ਕਮਿਸ਼ਨ ਦਾ ਚੇਅਰਮੈਨ ਤੁਸੀਂ ਹੁਣੇ ਹੀ ਲਗਾਇਆ ਹੈ ਪਰ ਇਨ੍ਹਾਂ ਕਮਿਸ਼ਨਾਂ ਵਿੱਚੋਂ ਖਾਸ ਕਰਕੇ ਐਨ.ਆਰ.ਆਈ. ਕਮਿਸ਼ਨ ਬਹੁਤ ਅਹਿਮ ਕਮਿਸ਼ਨ ਹੈ। ਇਹ ਐਨ.ਆਰ.ਆਈਜ਼ ਦੀ ਸਹੂਲਤ ਵਾਸਤੇ ਹੈ, ਜਿਨ੍ਹਾਂ ਨੇ ਤੁਹਾਡੀ ਸਰਕਾਰ ਬਣਨ ਵਿਚ ਬਹੁਤ ਸਪੋਰਟ ਕੀਤੀ ਹੈ। From a long time, there is no Chairman to look after the interests of the N.R.Is. ਸਾਬਕਾ ਮੁੱਖ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਸਮੇਂ ਜਨਰਲ ਕੈਟਾਗਿਰੀ ਕਮਿਸ਼ਨ ਦੇ ਚੇਅਰਮੈਨ ਦੀ ਨੋਟੀਫਿਕੇਸ਼ਨ ਕਰ ਦਿੱਤੀ ਗਈ ਸੀ। ਸਾਡੇ ਵੇਲੇ ਡਾ. ਦਹੀਆ ਜੀ ਚੇਅਰਮੈਨ ਬਣ ਗਏ ਸਨ ਪਰ ਇਲੈਕਸ਼ਨ ਲੜਨ ਲਈ ਉਨ੍ਹਾਂ ਨੇ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਸੋ, ਮੇਰੇ ਕਹਿਣ ਦਾ ਭਾਵ ਹੈ ਕਿ ਇਨ੍ਹਾਂ ਸਾਰੇ ਅਹਿਮ ਕਮਿਸ਼ਨਾਂ ਦੇ ਚੇਅਰਮੈਨਾਂ ਦੀਆਂ ਕੁਰਸੀਆਂ ਖਾਲੀ ਪਈਆਂ ਹਨ। ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਕਿ ਇਨ੍ਹਾਂ

ਦੇ ਚੇਅਰਮੈਨ ਲਗਾਏ ਜਾਣ ਕਿਉਂਕਿ ਇਨ੍ਹਾਂ ਕਮਿਸ਼ਨਾਂ ਦੇ ਚੇਅਰਮੈਨ ਨਾ ਹੋਣ ਕਰਕੇ ਬਹੁਤ ਸਾਰੇ ਪੀੜਤ ਖੱਜਲ ਖੁਆਰ ਹੋ ਰਹੇ ਹਨ। ਸੋ, ਇਨ੍ਹਾਂ ਕਮਿਸ਼ਨ ਦੇ ਚੇਅਰਮੈਨ, ਮੈਂਬਰ ਲਗਾਏ ਜਾਣ ਅਤੇ ਲੋੜੀਂਦਾ ਸਟਾਫ਼ ਅਤੇ ਲੋੜੀਂਦੀਆਂ ਸਹੂਲਤਾਂ ਵੀ ਦਿੱਤੀਆਂ ਜਾਣ ਜੀ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਸੀਂ ਹੋਰ ਸਮਾਂ ਤਾਂ ਨਹੀਂ ਲੈਣਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬਹੁਤ ਮਿਹਰਬਾਨੀ ਜੀ। ਜੇ ਤੁਸੀਂ ਪਹਿਲਾਂ ਹੀ ਖੁੱਲ੍ਹਾ ਸਮਾਂ ਦੇ ਦਿੰਦੇ ਤਾਂ ਇੰਨਾ ਕੁਝ ਹੋਣਾ ਹੀ ਨਹੀਂ ਸੀ।

**ਮਾਣਯੋਗ ਸਪੀਕਰ:** ਤੁਹਾਨੂੰ ਤਾਂ ਹਮੇਸ਼ਾ ਹੀ ਖੁੱਲ੍ਹਾ ਸਮਾਂ ਮਿਲਦਾ ਹੈ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਧੰਨਵਾਦ ਸਪੀਕਰ ਸਾਹਿਬ। ਪੰਜਾਬ ਪੇਅ ਸਕੇਲ ਦੀ ਬਹਾਲੀ ਲਈ ਮੁਲਾਜ਼ਮਾਂ ਵੱਲੋਂ ਪ੍ਰੋਟੈਸਟ ਕੀਤਾ ਜਾ ਰਿਹਾ ਹੈ। 17 ਜੁਲਾਈ, 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਨੂੰ ਅਧੂਰੇ ਕੇਂਦਰੀ ਪੇਅ ਸਕੇਲ ਲਾਗੂ ਕੀਤੇ ਗਏ ਹਨ। ਇਹ ਪੇਅ ਸਕੇਲ ਨਾ ਤਾਂ ਪੂਰੇ ਕੇਂਦਰ ਸਰਕਾਰ ਦੇ ਹਨ ਅਤੇ ਨਾ ਹੀ ਪੰਜਾਬ ਸਰਕਾਰ ਦੇ ਹਨ। ਤੁਹਾਡੀ ਪਾਰਟੀ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਤੋਂ ਬਾਅਦ ਪੰਜਾਬ ਦੇ ਪੇਅ ਸਕੇਲ ਲਾਗੂ ਕੀਤੇ ਜਾਣਗੇ। ਏਡਿਡ ਸਕੂਲ ਦੇ ਕਰਮਚਾਰੀ, ਚਾਹੇ ਉਹ ਰਿਟਾਇਰ ਹੋ ਚੁੱਕੇ ਹਨ ਅਤੇ ਚਾਹੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਵੀ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਛੇਵਾਂ ਪੇਅ ਕਮਿਸ਼ਨ ਦਿੱਤਾ ਜਾਵੇਗਾ। ਇਹ ਵਾਅਦੇ ਪੂਰੇ ਕੀਤੇ ਜਾਣ।

ਇਸ ਦੇ ਨਾਲ ਹੀ RERA ਦੇ ਚੇਅਰਮੈਨ ਵੱਲੋਂ ਅਸਤੀਫ਼ਾ ਦੇ ਦਿੱਤਾ ਗਿਆ ਸੀ, ਜਿਸ ਕਾਰਨ ਉਹ ਅਸਾਮੀ ਖਾਲੀ ਪਈ ਹੈ। ਸੋ, ਸਰਕਾਰ ਵੱਲੋਂ ਜਲਦੀ ਤੋਂ ਜਲਦੀ RERA ਦਾ ਚੇਅਰਮੈਨ ਨਿਯੁਕਤ ਕੀਤਾ ਜਾਵੇ ਤਾਂ ਜੋ ਜਿਹੜੀਆਂ ਫਾਈਲਜ਼ ਪੈਂਡਿੰਗ ਪਈਆਂ ਹਨ, ਉਹ ਕਲੀਅਰ ਹੋ ਜਾਣ। ਮੇਰੀ ਇਹੀ ਸਰਕਾਰ ਤੋਂ ਮੰਗ ਹੈ ਜੀ। ਧੰਨਵਾਦ।

———

## ANNOUNCEMENT BY THE SPEAKER URGING THE MEMBERS TO DONATE FOR A NOBLE CAUSE

**ਮਾਣਯੋਗ ਸਪੀਕਰ:** ਅੱਜ ਮੈਨੂੰ ਘੰਟਾ ਕੁ ਪਹਿਲਾਂ ਇਕ ਕਾਲ ਆਈ ਹੈ ਕਿ ਇਕ ਦਸਵੀਂ ਵਿਚ ਪੜ੍ਹਦਾ ਬੱਚਾ, ਜਿਸ ਦੀ ਬਾਂਹ ਵਿਚੋਂ ਗੋਲੀ ਆਰ ਪਾਰ ਨਿਕਲ ਗਈ ਸੀ, ਉਸ ਦੀਆਂ ਉਂਗਲਾਂ numb ਹੋ ਰਹੀਆਂ ਹਨ। ਉਹ ਗਰੀਬ ਹੈ, ਉਸ ਦੇ ਪਿਤਾ ਕੋਲ ਡੇਢ ਕਿੱਲਾ ਜ਼ਮੀਨ ਹੈ। ਸੋ, ਮੈਂ ਆਪਣੇ ਤੌਰ ਤੇ ਫੈਸਲਾ ਕੀਤਾ ਹੈ ਕਿ ਮੈਂ ਆਪਣੀ ਇਕ ਮਹੀਨੇ ਦੀ ਤਨਖਾਹ ਉਸ ਦੇ ਇਲਾਜ ਵਾਸਤੇ ਦਿਆਂਗਾ ਅਤੇ ਮੈਨੂੰ ਲਗਦਾ ਹੈ ਕਿ ਉਸ ਨੂੰ ਹੋਰ ਵੀ ਲੋੜ ਪੈਣੀ ਹੈ। ਮੈਂ ਉਸ ਬੱਚੇ ਨੂੰ ਅਮਨਦੀਪ ਹਸਪਤਾਲ ਵਿਖੇ ਭੇਜਣ ਲਈ ਕਿਹਾ ਸੀ। ਮੇਰਾ ਖਿਆਲ ਹੈ ਕਿ ਜੇਕਰ ਪਰਿਵਾਰ ਉਸ ਨੂੰ ਅਮਨਦੀਪ ਹਸਪਤਾਲ ਲੈ ਜਾਂਦਾ ਹੈ ਤਾਂ ਫਿਰ ਮੈਂ ਹੋਰ ਵਿਧਾਇਕ ਸਾਹਿਬਾਨਾਂ ਨੂੰ ਵੀ ਬੇਨਤੀ ਕਰਾਂਗਾ ਕਿ ਆਪਾਂ ਸਾਰੇ ਹੀ ਉਸ ਦੀ ਮਦਦ ਕਰੀਏ ਕਿਉਂਕਿ ਉਹ ਆਪਣਾ ਹੀ ਬੱਚਾ ਹੈ।

---

## MATTERS RAISED DURING ZERO HOUR (*Resumption*)

**ਸ੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਅੱਜ ਮੈਂ ਜਿਸ ਹਲਕੇ ਤੋਂ ਐਮ.ਐਲ.ਏ. ਹਾਂ ਉਸ ਦੇ ਇਤਿਹਾਸ ਬਾਰੇ ਥੋੜ੍ਹਾ ਜਿਹਾ ਚਾਨਣਾ ਪਾਉਣਾ ਚਾਹੁੰਦਾ ਹਾਂ। ਮੇਰੀ ਕੰਸਟੀਚੂਐਂਸੀ ਜੈਤੋ ਦਾ ਇਤਿਹਾਸ ਇੰਨਾ ਅਮੀਰ ਹੈ ਪਰ ਹਾਲੇ ਤੱਕ ਉਥੇ ਕਿਸੇ ਵੱਲੋਂ ਧਿਆਨ ਨਹੀਂ ਦਿੱਤਾ ਗਿਆ ਹੈ। ਜੈਤੋ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਹੈ। ਦੁਨੀਆਂ ਦਾ ਮਸ਼ਹੂਰ ਜੈਤੋ ਦਾ ਮੋਰਚਾ ਵੀ ਇੱਥੇ ਲਾਇਆ ਗਿਆ ਸੀ। ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਪਹਿਲੀ ਸਿਆਸੀ ਗ੍ਰਿਫਤਾਰੀ ਵੀ ਇੱਥੋਂ ਹੀ ਹੋਈ ਸੀ, ਇੱਥੇ ਕਿਲੇ ਵਿੱਚ ਉਨ੍ਹਾਂ ਨੂੰ ਬੰਦ ਵੀ ਕੀਤਾ ਗਿਆ ਸੀ। ਬ੍ਰਿਟਿਸ਼ ਸਰਕਾਰ ਨੇ ਜੈਤੋ ਮੋਰਚੇ ਦੇ ਸਿੰਘਾਂ ਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਸੀ, ਜਿਸ ਵਿੱਚ ਸੈਂਕੜਿਆਂ ਦੀ ਸ਼ਹਾਦਤ ਹੋਈ ਸੀ। ਸੈਂਕੜੇ ਹੀ ਸਿੱਖਾਂ ਤੇ ਗੋਲੀਆਂ ਚਲਾਈਆਂ ਗਈਆਂ ਸਨ। ਉਸ ਤੋਂ ਇਲਾਵਾ ਇੱਥੇ ਅੰਗਰੇਜ਼ੀ ਹਕੂਮਤ ਦੌਰਾਨ ਹੀ 1946 ਵਿੱਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਝੰਡੇ ਦਾ ਮੋਰਚਾ ਲਾਇਆ ਗਿਆ ਸੀ, ਉਸ ਦਾ ਕੇਂਦਰ ਬਿੰਦੂ ਵੀ

ਜੈਤੋ ਸੀ। ਮੇਰੀ ਬੇਨਤੀ ਹੈ ਕਿ ਜੈਤੋ ਸ਼ਹਿਰ ਨੂੰ ਇਤਿਹਾਸਕ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਸਾਡੇ ਮੰਤਰੀ ਸਾਹਿਬ ਇੱਥੇ ਬੈਠੇ ਨਹੀਂ ਹਨ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਇਹ ਮੈਸੇਜ ਦੇਣਾ ਚਾਹੁੰਦਾ ਹਾਂ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਪੂਰੇ ਲੁਧਿਆਣਾ ਦੀਆਂ ਦੋ ਐਸੋਸ਼ੀਏਸ਼ਨਾਂ - ਲੁਧਿਆਣਾ ਸਕੂਟਰ ਬਾਜ਼ਾਰ ਐਸੋਸ਼ੀਏਸ਼ਨ, ਗਿੱਲ ਰੋਡ ਅਤੇ ਲੁਧਿਆਣਾ ਇਲੈਕਟ੍ਰਿਕ ਵਹੀਕਲ ਐਸੋਸ਼ੀਏਸ਼ਨ, ਮਾਡਲ ਟਾਊਨ ਬਾਰੇ ਗੱਲ ਕਰਨਾ ਚਾਹਾਂਗਾ। ਇਹ ਸਾਰੀਆਂ ਹੀ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੀਆਂ ਹਨ ਕਿਉਂਕਿ ਉਨ੍ਹਾਂ ਦੇ ਪਿਛਲੀਆਂ ਰਵਾਇਤੀ ਸਰਕਾਰਾਂ ਵੱਲੋਂ ਲਗਾਏ ਗਏ ਰੋਡ ਟੈਕਸ ਸਾਲ 2023 ਤੋਂ ਮੁਆਫ ਕੀਤੇ ਗਏ ਹਨ। ਮੈਂ ਵਿਸ਼ੇਸ਼ ਰੂਪ ਵਿੱਚ ਮੰਤਰੀ ਸਾਹਿਬ ਦਾ ਵੀ ਇਸ ਸਬੰਧ ਵਿੱਚ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਰਾਸ਼ਟਰੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ਜਦੋਂ ਲੁਧਿਆਣੇ ਆਏ ਸੀ, ਉਹ ਇੱਕ ਆਟੋ ਰਿਕਸ਼ਾ ਵਾਲੇ ਦੇ ਘਰ ਵੀ ਖਾਣਾ ਖਾਣ ਗਏ ਸੀ, ਉਥੇ ਵੱਡੀ ਗਿਣਤੀ ਵਿੱਚ ਹੋਰ ਵੀ ਆਟੋ ਵਾਲੇ ਪਹੁੰਚ ਗਏ। ਉਨ੍ਹਾਂ ਨੇ ਸਵਾਗਤ ਵੀ ਕੀਤਾ ਸੀ ਤੇ ਰੱਜ ਕੇ ਵੋਟਾਂ ਪਾ ਕੇ ਆਪਣੀ ਸਰਕਾਰ ਲਿਆਂਦੀ ਸੀ। ਹੁਣ ਉਨ੍ਹਾਂ ਦੀਆਂ ਛੋਟੀਆਂ ਛੋਟੀਆਂ ਮੰਗਾਂ ਹਨ, ਜੇਕਰ ਤੁਸੀਂ ਕਿਰਪਾ ਦ੍ਰਿਸ਼ਟੀ ਕਰ ਦਿਓ ਤਾਂ ਮੈਂ ਸਮਝਦਾ ਹਾਂ ਕਿ ਜਿੱਥੇ ਇਹ ਗਰੀਬਾਂ ਤੇ ਪਰਉਪਕਾਰ ਹੋਵੇਗਾ, ਉਥੇ ਸਾਡੇ ਪੰਜਾਬ ਦੀ ਤਰੱਕੀ ਦੇ ਵਿੱਚ ਵੀ ਵੱਡਾ ਰੋਲ ਅਦਾ ਹੋਵੇਗਾ। ਛੋਟੀਆਂ ਮੰਗਾਂ ਇਹ ਹਨ ਕਿ ਜਿਹੜੇ ਮਾਡਲ ਟਾਊਨ ਬਾਜ਼ਾਰ ਦੇ ਵਿੱਚ ਪੁਲਾਂ ਦੇ ਥੱਲੇ ਵਾਲੇ ਦੁਕਾਨਦਾਰ ਹਨ, ਉਨ੍ਹਾਂ ਦੇ ਕਿਰਾਏ ਉੱਤੇ ਨਜਾਇਜ਼ ਜ਼ੁਰਮਾਨਾ ਤੇ ਵਿਆਜ ਲਾਇਆ ਗਿਆ ਹੈ, ਉਸ ਨੂੰ ਮੁਆਫ ਕਰਨ ਲਈ ਉਹ ਬੇਨਤੀ ਕਰਦੇ ਹਨ। ਉਹ ਮਾਲੀਆ ਭਰਨ ਲਈ ਵੀ ਤਿਆਰ ਹਨ। ਦੂਸਰਾ, ਇੱਕ ਇਲੈਕਟ੍ਰਿਕ ਸਕੂਟਰ ਸਬੰਧੀ ਅਫਸਰਾਂ ਨੇ ਨਾਦਰਸ਼ਾਹੀ ਫੁਰਮਾਨ ਜਾਰੀ ਕਰਕੇ 15 ਤਰੀਕ ਤੱਕ ਡੈੱਡਲਾਈਨ ਦਿੱਤੀ ਹੋਈ ਹੈ, ਕਿਰਪਾ ਕਰਕੇ ਉਸ ਵਿੱਚ 6 ਮਹੀਨੇ ਦਾ ਵਾਧਾ ਕੀਤਾ ਜਾਵੇ ਤਾਂ ਜੋ ਸਰਕਾਰ ਦੁਆਰਾ ਜਾਰੀ ਹਦਾਇਤ ਦੀ ਪਾਲਣਾ ਕੀਤੀ ਜਾ ਸਕੇ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਸਪੀਕਰ ਸਾਹਿਬ, ਦੀਨਾਨਗਰ ਵਿੱਚ ਮਕੌੜਾ ਪੱਤਣ ਇੱਕ ਐਸੀ ਜਗ੍ਹਾ ਹੈ, ਜਿੱਥੇ ਰਾਵੀ ਤੇ ਉਜ ਦਰਿਆ ਦਾ ਸੰਗਮ ਹੈ, ਕਨਫਲੂਐਂਸ ਹੈ। ਇਸ ਦੇ ਇੱਕ ਪਾਸੇ ਇੰਟਰਨੈਸ਼ਨਲ ਬਾਰਡਰ ਹੈ ਅਤੇ ਦੂਜੇ ਪਾਸੇ ਪਿੰਡ ਹਨ। ਮੇਰੇ ਹਲਕੇ ਦੇ 7 ਪਿੰਡਾਂ ਦੇ ਲੋਕਾਂ ਨੂੰ ਦਰਿਆ ਵਿੱਚੋਂ ਲੰਘ ਕੇ ਜਾਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਲੋਕਾਂ ਨੂੰ ਹੋਰ ਕੋਈ ਕੁਨੈਕਟੀਵਿਟੀ ਨਹੀਂ ਹੈ। ਸਾਲ 2005-06 ਵਿੱਚ ਪਲਟੂਨ ਬ੍ਰਿਜ ਤੇ ਸਟੱਡ ਬਣਾਏ ਗਏ ਸੀ ਲੇਕਿਨ ਜਦੋਂ ਬਰਸਾਤਾਂ ਦਾ ਮੌਸਮ ਆਉਂਦਾ ਹੈ ਤਾਂ ਉਸ ਨੂੰ ਡਿਸਮੈਂਟਲ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਹੋਰ ਕੋਈ ਵੀ ਆਉਣ ਜਾਣ ਦਾ ਸਾਧਨ ਨਹੀਂ ਹੁੰਦਾ। ਮੇਰੀ ਗੁਜ਼ਾਰਿਸ਼ ਹੈ ਕਿ ਸੀ.ਆਰ.ਐਫ.(ਸੈਂਟਰਲ ਰੋਡ ਫੰਡ) ਹੈੱਡ ਵਿੱਚ ਪੈਟਰੋਲ ਡੀਜ਼ਲ ਸੈੱਸ ਅਧੀਨ 102 ਕਰੋੜ ਰੁਪਿਆ ਸੈਂਕਸ਼ਨ ਹੋਇਆ ਪਿਆ ਹੈ, ਮੈਂ ਪੀ.ਡਬਲਿਊ.ਡੀ ਮੰਤਰੀ ਜੀ ਨੂੰ ਰਿਕੁਐਸਟ ਕਰਾਂਗੀ ਕਿ ਇਸ ਨੂੰ ਸਪੀਡਲੀ ਟੇਕ-ਅੱਪ ਕਰਨ ਤਾਂ ਕਿ ਲੋਕਾਂ ਲਈ ਆਉਣ ਜਾਣ ਵਾਸਤੇ ਪੱਕਾ ਪੁਲ ਤਿਆਰ ਹੋ ਜਾਏ ਕਿਉਂਕਿ ਐਮਰਜੈਂਸੀ ਵਿੱਚ ਉਹ ਲੋਕ ਬੇੜੀਆਂ ਰਾਹੀਂ ਹੀ ਆ-ਜਾ ਸਕਦੇ ਹਨ। ਇੱਕ ਪਾਸੇ ਤਾਂ ਉਨ੍ਹਾਂ ਲੋਕਾਂ ਨੂੰ ਹੜ੍ਹ ਦੀ ਮਾਰ ਪੈਂਦੀ ਹੈ ਅਤੇ ਜੇਕਰ ਕੋਈ ਬੰਦਾ ਬਿਮਾਰ ਹੋ ਜਾਂਦਾ ਹੈ ਤਾਂ ਉਸ ਦਾ ਮੇਨ ਲੈਂਡ ਵਿੱਚ ਆਉਣ ਦਾ ਕੋਈ ਸਾਧਨ ਨਹੀਂ ਹੈ।

ਦੂਸਰੀ ਗੱਲ ਹੈ ਕਿ ਪਿਛਲੀ ਸਰਕਾਰ ਵੇਲੇ ਪਰਪੋਜ਼ਲ ਬਣੀ ਸੀ, ਉਦੋਂ ਸਰਕਾਰੀਆ ਸਾਹਿਬ ਇਰੀਗੇਸ਼ਨ ਵਿਭਾਗ ਦੇ ਮੰਤਰੀ ਸਨ ਅਤੇ ਭਾਰਤ ਸਰਕਾਰ ਦੀ ਟੀਮ ਆਈ ਸੀ, ਜਿਸ ਨੇ ਦੇਖਿਆ ਸੀ ਕਿ ਉਥੇ ਸਾਰਾ ਪਾਣੀ ਪਾਕਿਸਤਾਨ ਨੂੰ ਜਾਂਦਾ ਹੈ। ਸੋ, ਇਹ ਪਾਣੀ ਦੀ ਬਹੁਤ ਵੱਡੀ ਵੇਸਟੇਜ ਹੈ। ਉਥੇ ਤਕਰੀਬਨ 450 ਕਰੋੜ ਰੁਪਏ ਦਾ ਬਰਾਜ ਬਣਾਉਣ ਦੇ ਪ੍ਰਾਜੈਕਟ ਦੀ ਤਜਵੀਜ਼ ਸੀ, ਜਿਸ ਦੀ ਡੀ.ਪੀ.ਆਰ. ਜਾ ਚੁੱਕੀ ਹੈ। ਸੋ, ਮੈਂ ਸੀ.ਐਮ. ਸਾਹਿਬ ਅਤੇ ਪੀ.ਡਬਲਿਯੂ.ਡੀ. ਮੰਤਰੀ ਜੀ ਨੂੰ ਬੇਨਤੀ ਕਰਾਂਗੀ ਕਿ ਇਸ ਬਰਾਜ ਬਾਰੇ ਦਿੱਲੀ (ਕੇਂਦਰ ਸਰਕਾਰ) ਵਿੱਚ ਗੱਲ ਕਰਨ ਕਿ ਇਹ ਬਰਾਜ ਬਣ ਜਾਵੇ ਤਾਂ ਜੋ ਪਾਕਿਸਤਾਨ ਨੂੰ ਜਾਣ ਵਾਲਾ ਪਾਣੀ ਪੰਜਾਬ ਵਿੱਚ ਹੀ ਇਸਤੇਮਾਲ ਕੀਤਾ ਜਾ ਸਕੇ। ਇਸ ਨਾਲ ਇੱਕ ਤਾਂ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ

ਸਕੇਗਾ ਅਤੇ ਦੂਜਾ ਲੋਕਾਂ ਲਈ ਆਵਾਜਾਈ ਦਾ ਸਾਧਨ ਹੋ ਜਾਵੇਗਾ। ਪੰਜਾਬ ਵਿੱਚ ਪਾਣੀ ਦੀ ਸਖਤ ਲੋੜ ਹੈ, ਇਸ ਕਰਕੇ ਬਰਾਜ ਬਣਾਇਆ ਜਾਵੇ, ਇਹ ਬਹੁਤ ਹੀ ਜ਼ਰੂਰੀ ਹੈ।

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ (ਖੰਨਾ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਬੜੇ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਾਣੀਪਤ ਤੋਂ ਲੈ ਕੇ ਜਲੰਧਰ ਤੱਕ ਜੀ.ਟੀ. ਰੋਡ ਉੱਪਰ ਪੰਜ ਟਰਾਮਾ ਸੈਂਟਰ ਹਨ, ਜਿਨ੍ਹਾਂ ਵਿੱਚੋਂ ਇੱਕ ਖੰਨਾ ਵਿਖੇ ਸਥਿਤ ਹੈ। ਸਾਡੇ ਕੋਲ ਬਿਲਡਿੰਗ ਵੀ ਬਹੁਤ ਸ਼ਾਨਦਾਰ ਹੈ। ਸਰਕਾਰ ਵੱਲੋਂ ਐਸ.ਐਸ.ਐਫ. (ਸੜਕ ਸੁਰੱਖਿਆ ਫੋਰਸ) ਬਣਾਉਣ ਦਾ ਬਹੁਤ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ ਪਰੰਤੂ ਜਦੋਂ ਕਿਸੇ ਦੇ ਵੀ ਬਰੇਨ ਤੇ ਸੱਟ ਲੱਗਦੀ ਹੈ ਤਾਂ ਸਾਡੇ ਨੇੜੇ ਤੇੜੇ ਦੂਰ ਤੱਕ ਕੋਈ ਬਰੇਨ ਟਰੀਟਮੈਂਟ ਦਾ ਸਾਧਨ ਨਹੀਂ ਹੈ। ਸਾਨੂੰ ਬਰੇਨ ਇੰਜਰੀ ਵਾਲੇ ਮਰੀਜ਼ ਲੁਧਿਆਣਾ ਲਿਜਾਣੇ ਪੈਂਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਿਹਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਖੰਨਾ ਵਿਖੇ ਇੱਕ ਐਮ.ਆਰ.ਆਈ. ਮਸ਼ੀਨ ਦੇ ਦਿਉ। ਇਸ ਟਰਾਮਾ ਸੈਂਟਰ ਨਾਲ ਸਮਰਾਲਾ, ਪਾਇਲ, ਅਮਲੋਹ ਅਤੇ ਖੰਨਾ ਚਾਰ ਹਲਕੇ ਲੱਗਦੇ ਹਨ। ਸਾਡੇ ਕੋਲ ਟਰੌਮਾ ਸੈਂਟਰ ਦੀ ਬਿਲਡਿੰਗ ਹੈ, ਸਾਨੂੰ ਸਿਰਫ ਇੱਕ ਐਮ.ਆਰ.ਆਈ. ਦੀ ਮਸ਼ੀਨ ਅਤੇ ਇੱਕ ਨਿਊਰੋਲੋਜਿਸਟ ਦੇ ਦਿਉ। ਜੇਕਰ ਤੁਸੀਂ ਸਾਡੀਆਂ ਇਹ ਸਿਰਫ ਦੋ ਚੀਜ਼ਾਂ ਪੂਰੀਆਂ ਕਰ ਦਿਉ ਤਾਂ ਇਸ ਨਾਲ ਬਹੁਤ ਵੱਡੇ ਏਰੀਏ ਨੂੰ ਰਾਹਤ ਮਿਲੇਗੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਪੀਕਰ ਸਾਹਿਬ, ਪਿਛਲੇ ਦਿਨੀਂ ਵਿਧਾਨ ਸਭਾ ਵਿੱਚ ਪੋਸਤ ਦੀ ਖੇਤੀ ਦਾ ਬਹੁਤ ਵੱਡਾ ਮੁੱਦਾ ਗਰਮਾਇਆ ਸੀ। ਹਰੇਕ ਦੇ ਚਿਹਰੇ ਤੇ ਲਾਲੀ ਆ ਗਈ ਸੀ। ਸਰ, ਮੈਂ ਮੰਤਰੀ ਸਾਹਿਬ ਨੂੰ ਬਹੁਤ ਪਿਆਰ ਕਰਦਾ ਹਾਂ, ਇਹ ਸਾਡੇ ਬਹੁਤ ਹੀ ਸਤਿਕਾਰਯੋਗ ਹਨ। ਮੰਤਰੀ ਸਾਹਿਬ ਨੇ ਸਵਾਲ ਦਾ ਜਵਾਬ ਨਾਂਹ ਵਿੱਚ ਦੇ ਦਿੱਤਾ ਸੀ। ਲੋਕਾਂ ਵਿੱਚ ਇਸ ਗੱਲ ਦਾ ਬੜਾ ਰੋਸ ਹੈ ਅਤੇ ਮੈਂ ਮੰਤਰੀ ਸਾਹਿਬ ਨੂੰ ਬਚਾਉਣਾ ਚਾਹੁੰਦਾ ਹਾਂ ਕਿ ਜੇਕਰ ਤਾਂ ਇਹ ਕਿਸਾਨਾਂ ਦੇ ਹੱਕ ਵਿੱਚ ਨਾਅਰਾ ਮਾਰਨਗੇ ਤਾਂ ਬਹੁਤ ਵਧੀਆ ਹੋਵੇਗਾ। ਇਹ ਲੋਕਾਂ ਵਿੱਚ ਜਾਣ ਜੋਗੇ ਹੋ ਜਾਣਗੇ। ਬਹੁਤ ਬਹੁਤ ਧੰਨਵਾਦ। (ਹਾਸਾ)

**ਮਾਣਯੋਗ ਸਪੀਕਰ** : ਮੈਂ ਇੱਕ ਗੱਲ ਦੱਸਣਾ ਚਾਹੁੰਦਾ ਹਾਂ। ਚੀਨ, ਬ੍ਰਿਟਿਸ਼ ਦੇ ਕੰਟਰੋਲ ਵਿੱਚ ਨਹੀਂ ਆ ਰਿਹਾ ਸੀ। ਉਨ੍ਹਾਂ ਨੇ ਲੜਾਈਆਂ ਲੜੀਆਂ ਪਰ ਚੀਨ ਨੇ ਉਨ੍ਹਾਂ ਨੂੰ ਹਰਾ ਦਿੱਤਾ ਲੇਕਿਨ ਫਿਰ ਬ੍ਰਿਟਿਸ਼ ਨੇ ਕੀ ਕੀਤਾ ਕਿ ਬੰਗਾਲ ਵਿੱਚ ਅਫੀਮ ਪੈਦਾ ਕਰਵਾ ਕੇ ਚੀਨ ਵਿੱਚ ਸਪਲਾਈ ਕਰਵਾਈ ਅਤੇ ਫਿਰ ਹੋਈਆਂ ਲੜਾਈਆਂ ਦੌਰਾਨ ਚੀਨ ਨੂੰ ਗੁਲਾਮ ਕੀਤਾ। ਇਨ੍ਹਾਂ ਲੜਾਈਆਂ ਨੂੰ ਓਪੀਅਮ ਵਾਰਜ਼ ਕਿਹਾ ਜਾਂਦਾ ਹੈ। ਸੋ, ਹਰੇਕ ਚੀਜ਼ ਦਾ ਪਾਜ਼ੀਟਿਵ ਅਤੇ ਨੈਗੇਟਿਵ ਵਿਚਾਰ ਕੇ ਹੀ ਕਿਸੇ ਚੀਜ਼ ਵੱਲ ਜਾਇਆ ਜਾ ਸਕਦਾ ਹੈ। ਇਸ ਵਾਸਤੇ ਸਾਨੂੰ ਇੰਨਾ ਜ਼ਿਆਦਾ ਉਤਾਵਲੇ ਨਹੀਂ ਹੋਣਾ ਚਾਹੀਦਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ ਬੈਠੇ)** : ਹੁਣ ਤੁਸੀਂ ਬ੍ਰਿਟਿਸ਼ ਵਾਂਗ ਤਾਂ ਨਹੀਂ ਕਰਨਾ ਚਾਹੁੰਦੇ? ਤੁਹਾਡਾ ਐਸਾ ਇਰਾਦਾ ਤਾਂ ਨਹੀਂ ਹੈ?

**ਮਾਣਯੋਗ ਸਪੀਕਰ** : ਇਹ ਤਾਂ ਜਿਨ੍ਹਾਂ ਨੇ ਚਿੱਟਾ ਲਿਆਂਦਾ ਸੀ, ਉਨ੍ਹਾਂ ਨੂੰ ਦੇਖਣਾ ਪੈਣਾ ਹੈ ਕਿ ਉਨ੍ਹਾਂ ਦਾ ਕੀ ਇਰਾਦਾ ਸੀ। (ਥੰਪਿੰਗ) ਮਾਵਾਂ ਰੋਂਦੀਆਂ ਵਿਲਕਦੀਆਂ ਹਨ। ਆਪਣੇ ਬੱਚਿਆਂ ਬਾਰੇ ਮਾਵਾਂ ਖੁਦ ਕਹਿੰਦੀਆਂ ਹਨ ਕਿ ਇਸ ਨੂੰ ਅੰਦਰ ਦੇ ਦਿਉ। ਸੋ, ਇਸ ਕਰਕੇ ਇਹ ਬਹੁਤ ਸੰਵੇਦਨਸ਼ੀਲ ਵਿਸ਼ਾ ਹੈ, ਆਪਾਂ ਨੂੰ ਇਸ ਤੇ ਬਹੁਤ ਸੰਵੇਦਨਾ ਵਿਖਾਉਣੀ ਚਾਹੀਦੀ ਹੈ।

**ਸਰਦਾਰ ਕਰਮਬੀਰ ਸਿੰਘ (ਦਸੂਹਾ)** : ਸਪੀਕਰ ਸਾਹਿਬ, ਧੰਨਵਾਦ। ਮੈਂ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਜ਼ਰੂਰੀ ਇਸ਼ੂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੇਰੇ ਹਲਕਾ ਦਸੂਹਾ ਦੇ ਨਾਲ ਤਲਵਾੜਾ ਏਰੀਆ ਹੈ, ਜਿਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਦੀ ਹੱਦ ਲੱਗਦੀ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਉਥੇ ਸਾਰੀਆਂ ਫੈਕਟਰੀਆਂ ਲਗਾਈਆਂ ਗਈਆਂ ਹਨ, ਜਿਨ੍ਹਾਂ ਨੂੰ ਟੈਕਸ ਫਰੀ ਹੈ। ਸਾਡੇ ਪੰਜਾਬ ਦਾ ਨੌਜਵਾਨ, ਖਾਸ ਕਰਕੇ ਮੇਰੇ ਹਲਕੇ ਦਸੂਹਾ ਦਾ ਨੌਜਵਾਨ ਉਨ੍ਹਾਂ ਫੈਕਟਰੀਆਂ ਵਿੱਚ ਕੰਮ ਕਰ ਰਿਹਾ ਹੈ। ਮੈਂ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਕੰਢੀ ਦੇ ਏਰੀਏ ਵਿੱਚ ਹਜ਼ਾਰਾਂ ਏਕੜ ਜ਼ਮੀਨ ਖਾਲੀ ਪਈ ਹੈ, ਉਥੇ ਕੋਈ ਨਾ ਕੋਈ ਲਘੂ ਉਦਯੋਗ ਜਾਂ ਹੋਰ ਫੈਕਟਰੀਆਂ ਲਗਾਈਆਂ ਜਾਣ। ਇਸ ਨਾਲ ਜਿੱਥੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾ ਸਕੇਗਾ, ਉਥੇ ਸਰਕਾਰ ਨੂੰ ਵੀ ਆਮਦਨ ਹੋ ਸਕਦੀ ਹੈ। ਇਹ ਸਾਰਾ ਏਰੀਆ ਬਿਲਕੁਲ ਖਾਲੀ ਹੈ।

ਮੈਂ ਸਰਕਾਰ ਦੇ ਧਿਆਨ ਵਿੱਚ ਇਹ ਬਹੁਤ ਅਹਿਮ ਮੁੱਦਾ ਲਿਆਉਣਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਕੰਢੀ ਦੇ ਏਰੀਏ ਵਿੱਚ ਫੈਕਟਰੀਆਂ ਲਗਾਈਆਂ ਜਾਣ।

**ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਮਾਣਯੋਗ ਸਪੀਕਰ ਸਾਹਿਬ, ਅੰਮ੍ਰਿਤਸਰ ਵਿੱਚ ਇੱਕ ਬਹੁਤ ਹੀ ਵਧੀਆ ਪਿੰਜਰਾਪੋਲ ਗਊਸ਼ਾਲਾ ਹੈ, ਜਿਸ ਨੂੰ 20 ਸਾਲ ਹੋ ਚੁੱਕੇ ਹਨ। ਇਹ ਗਊਸ਼ਾਲਾ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਦੇ ਸਹਿਯੋਗ ਨਾਲ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਦੀ ਰੈਨੋਵੇਸ਼ਨ ਸਰਕਾਰੀ ਖਰਚੇ ਤੇ ਮਾਡਰਨ ਤਕਨਾਲੋਜੀ ਨਾਲ ਕਰ ਦਿੱਤੀ ਜਾਵੇ ਕਿਉਂਕਿ ਅਸੀਂ ਕਾਓ ਸੈੱਸ ਵੀ ਵਸੂਲ ਕਰ ਰਹੇ ਹਾਂ ਤੇ ਸਰਕਾਰ ਕੋਲ ਕਾਓ ਸੈੱਸ ਫੰਡ ਵਿੱਚ ਵਾਧੂ ਪੈਸਾ ਹੈ। ਇਸ ਗਊਸ਼ਾਲਾ ਦੀ ਜੇਕਰ ਕਾਇਆ ਪਲਟ ਹੋ ਜਾਂਦੀ ਹੈ ਤਾਂ ਇਹ ਗੁਰੂ ਨਗਰੀ ਅੰਮ੍ਰਿਤਸਰ ਦੀ ਬਹੁਤ ਵੱਡੀ ਸੇਵਾ ਹੋਵੇਗੀ। ਉੱਥੇ ਦਾ ਟਰੱਸਟ ਵੀ ਬਹੁਤ ਵਧੀਆ ਕੰਮ ਕਰ ਰਿਹਾ ਹੈ। ਮੇਰੀ ਬੇਨਤੀ ਹੈ ਕਿ ਇਸ ਗਊਸ਼ਾਲਾ ਦਾ ਸਰਕਾਰ ਵੱਲੋਂ ਜਾਂ ਤਾਂ ਸਿੱਧੇ ਤੌਰ ਤੇ ਕੰਮ ਕਰਵਾ ਦਿੱਤਾ ਜਾਵੇ ਜਾਂ ਘੱਟੋ ਘੱਟ ਦੋ ਕਰੋੜ ਰੁਪਏ ਟਰੱਸਟ ਨੂੰ ਦੇ ਦਿੱਤੇ ਜਾਣ ਤਾਂ ਜੋ ਉਹ ਆਪਣਾ ਕੰਮ ਕਰਵਾ ਲੈਣ। ਧੰਨਵਾਦ, ਸਪੀਕਰ ਸਾਹਿਬ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੇ ਹਲਕੇ ਦੇ ਕੁਝ ਮਸਲੇ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਕਾਂਗਰਸ ਦੇ ਰਾਜ ਵੇਲੇ ਆਦਮਪੁਰ ਵਿੱਚ ਇੱਕ ਡਿਗਰੀ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਸੀ ਤੇ ਸਰਕਾਰ ਨੇ ਇਸ ਦਾ ਨਾਂ ਸਾਹਿਬ ਕਾਂਸ਼ੀ ਰਾਮ ਜੀ ਦੇ ਨਾਂ ਤੇ ਰੱਖਣ ਦਾ ਐਲਾਨ ਕੀਤਾ ਸੀ। ਮੀਤ ਹੇਅਰ ਜੀ ਬੈਠੇ ਹਨ, ਪਿਛਲੇ ਦਿਨੀਂ ਉਨ੍ਹਾਂ ਵੱਲੋਂ ਪੱਤਰ ਵੀ ਆਇਆ ਸੀ ਕਿ ਇਸ ਕਾਲਜ ਲਈ ਲੋੜੀਂਦੀ ਜ਼ਮੀਨ ਦੇ ਦਿੱਤੀ ਜਾਵੇ। ਨਗਰ ਕੌਂਸਲ, ਆਦਮਪੁਰ ਵੱਲੋਂ ਸਰਕਾਰ ਨੂੰ ਲੋੜੀਂਦੀ ਜ਼ਮੀਨ ਮੁਹੱਈਆ ਕਰਵਾ ਦਿੱਤੀ ਗਈ ਹੈ ਪਰ ਬਜਟ ਵਿੱਚ ਉਸ ਕਾਲਜ ਨੂੰ ਬਣਾਉਣ ਲਈ ਕੋਈ ਪ੍ਰਾਵਧਾਨ ਨਹੀਂ ਕੀਤਾ ਗਿਆ ਹੈ। ਮਾਣਯੋਗ ਵਿੱਤ ਮੰਤਰੀ ਸਾਹਿਬ ਇੱਥੇ ਬੈਠੇ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਕਾਲਜ ਇੱਕ ਮਹਾਨ ਰਹਿਬਰ ਦੇ ਨਾਂ ਤੇ ਬਣਾਇਆ ਜਾਣਾ ਹੈ, ਜਿਸ ਨੇ ਦੁਨੀਆ ਵਿੱਚ ਰੈਵੋਲਿਊਸ਼ਨ ਲਿਆਉਣ ਲਈ, ਸਮਾਜ ਵਿੱਚ, ਦੇਸ਼ ਵਿੱਚ ਕ੍ਰਾਂਤੀ ਲਿਆਉਣ ਲਈ, ਦਲਿਤਾਂ ਦੇ ਉਥਾਨ ਤੇ ਤਰੱਕੀ ਲਈ ਬਹੁਤ ਵਧੀਆ ਕੰਮ ਕੀਤਾ ਹੈ। ਸਾਡੀ ਪਾਰਟੀ ਵੱਲੋਂ ਐਲਾਨ ਵੀ ਕੀਤਾ ਗਿਆ ਹੈ ਅਤੇ ਹੁਣ ਸਰਕਾਰ ਦੀ ਮੰਗ ਅਨੁਸਾਰ ਲੋੜੀਂਦੀ ਜ਼ਮੀਨ ਦੇ ਦਿੱਤੀ ਗਈ ਹੈ।

ਮੇਰੇ ਖਿਆਲ ਨਾਲ ਜੇਕਰ ਇਹ ਕਾਲਜ ਬਣਾਉਣਾ ਸ਼ੁਰੂ ਕਰ ਦਿੱਤਾ ਜਾਵੇ ਤਾਂ ਤੁਹਾਡਾ ਬਹੁਤ ਬਹੁਤ ਧੰਨਵਾਦ ਹੋਵੇਗਾ।

ਦੂਸਰਾ, ਕੱਲ੍ਹ ਕੇਂਦਰ ਵਾਲਿਆਂ ਨੇ ਏਅਰਪੋਰਟ ਦਾ ਉਦਘਾਟਨ ਕੀਤਾ ਹੈ, ਅਸੀਂ ਇਸ ਆਸ ਨਾਲ ਉੱਥੇ ਗਏ ਸੀ ਕਿ ਇਸ ਏਅਰਪੋਰਟ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਰੱਖਿਆ ਜਾਵੇਗਾ। ਸਪੀਕਰ ਸਾਹਿਬ, ਮੈਂ ਕੇਂਦਰੀ ਵਜ਼ੀਰ ਜੀ ਨੂੰ ਨਿੱਜੀ ਤੌਰ ਤੇ ਮਿਲਿਆ ਵੀ ਸੀ ਪਰ ਸਮੁੱਚੇ ਸਮਾਜ ਨੂੰ ਔਰ ਦੁਆਬੇ ਦੇ ਲੋਕਾਂ ਨੂੰ ਨਿਰਾਸ਼ਾ ਹੋਈ ਹੈ ਕਿ ਉਸ ਏਅਰਪੋਰਟ ਦਾ ਨਾਮ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਐਲਾਨ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਆਦਮਪੁਰ, ਹੁਸ਼ਿਆਰਪੁਰ ਰੋਡ ਤੋਂ ਡਬਲ ਲੇਨ ਕਰਕੇ ਏਅਰਪੋਰਟ ਤੱਕ ਰੋਡ ਬਣਾਉਣ ਲਈ ਵੀਹ ਕਰੋੜ ਰੁਪਿਆ ਦਿੱਤਾ ਸੀ। ਕੇਂਦਰ ਵਾਲਿਆਂ ਨੇ ਤਾਂ ਧੱਕਾ ਕਰ ਲਿਆ ਤੇ ਗੁਰੂ ਮਹਾਰਾਜ ਦੇ ਨਾਮ ਤੇ ਏਅਰਪੋਰਟ ਦਾ ਨਾਮ ਨਹੀਂ ਰੱਖਿਆ। ਜੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੋਵੇਗਾ ਤਾਂ ਉਨ੍ਹਾਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਚੀਮਾ ਸਾਹਿਬ ਬੈਠੇ ਹਨ, ਉਸ ਸੜਕ ਦਾ ਨਾਮ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਰੱਖਣ ਲਈ ਕਿਹਾ ਸੀ, ਘੱਟੋ ਘੱਟ ਉਥੇ ਸੜਕ ਮੁਕੰਮਲ ਕਰਵਾ ਦਿੱਤੀ ਜਾਵੇ ਤੇ ਉਸ ਦਾ ਨਾਮ ਗੁਰੂ ਰਵਿਦਾਸ ਮਹਾਰਾਜ ਦੀ ਦੇ ਨਾਮ ਤੇ ਰੱਖਿਆ ਜਾਵੇ।

**ਮਾਣਯੋਗ ਸਪੀਕਰ**: ਤੁਸੀਂ ਦੋ ਮਿੰਟ ਉੱਪਰ ਲੈ ਗਏ ਹੋ। ਤੁਸੀਂ ਬੈਠੋ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਸ੍ਰੀ ਮੁਕਤਸਰ ਸਾਹਿਬ)**: ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇੱਕ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਵਿੱਚ ਇੱਕ ਉਹ ਫਿਰਕਾ ਹੈ, ਜਿਸ ਦੀ ਸਾਰ ਨਹੀਂ ਲਈ ਜਾ ਰਹੀ। ਪੰਜਾਬ ਵਿੱਚ ਵੱਡੇ ਵੱਡੇ ਮਾਲ ਬਣ ਗਏ ਹਨ ਪਰੰਤੂ ਅੱਜ ਪੰਜਾਬ ਦੇ ਸ਼ਹਿਰਾਂ ਵਿੱਚ ਛੋਟੇ ਦੁਕਾਨਦਾਰਾਂ ਤੋਂ ਆਪਣੇ ਘਰ ਲਈ ਰੋਟੀ ਰੋਜ਼ੀ ਵੀ ਨਹੀਂ ਚੱਲ ਰਹੀ ਹੈ, ਇਸ ਲਈ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਦੇ ਬੱਚਿਆਂ ਦਾ ਧਿਆਨ ਰੱਖਿਆ ਜਾਵੇ। ਮੇਰਾ ਖਿਆਲ ਹੈ ਕਿ ਸਾਡੇ ਸ਼ਹਿਰਾਂ ਵਿੱਚ ਕਈ ਇਹੋ ਜਿਹੇ ਦੁਕਾਨਦਾਰ ਹਨ, ਜਿਹੜੇ ਦੁਕਾਨ ਤਾਂ ਖੋਲ੍ਹਦੇ ਹਨ ਪਰ ਸ਼ਾਮ ਤੱਕ ਉਨ੍ਹਾਂ ਤੋਂ ਆਪਣਾ ਖਰਚਾ ਵੀ

ਪੂਰਾ ਨਹੀਂ ਹੁੰਦਾ ਹੈ। ਉਹ ਆਪਣੇ ਬੱਚਿਆਂ ਦੀ ਫੀਸ, ਆਪਣਾ ਇਲਾਜ ਜਾਂ ਆਪਣੇ ਘਰ ਦਾ ਖਰਚਾ ਕਿੱਥੋਂ ਚਲਾਉਣਗੇ? ਉਹ ਫਾਈਨਾਂਸਰਾਂ ਦੇ ਕਰਜ਼ਈ ਹੋਈ ਜਾਂਦੇ ਹਨ, ਵੱਡੇ ਵੱਡੇ ਫਾਈਨਾਂਸਰ ਉਨ੍ਹਾਂ ਨੂੰ ਲੁੱਟ ਕੇ ਖਾਈ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਜਿਹੜਾ ਫਿਰਕਾ ਸਾਡੇ ਤੋਂ ਪਿਛੜ ਰਿਹਾ ਹੈ, ਇਸ ਵੱਲ ਵਿਸ਼ੇਸ਼ ਧਿਆਨ ਅਤੇ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਜਿਹੜਾ ਤਰੱਕੀ ਰਾਬਤਾ ਸਮਾਜ ਮਾਲਾਂ ਵਿੱਚ ਬਦਲ ਗਿਆ ਹੈ, ਉਸ ਦੇ ਹੁੰਦੇ ਹੋਏ ਇਸ ਫਿਰਕੇ ਨੂੰ ਵੀ ਬਚਾ ਸਕੀਏ। ਸਾਡੇ ਇਨ੍ਹਾਂ ਗਰੀਬ ਅਤੇ ਛੋਟੇ ਦੁਕਾਨਦਾਰਾਂ ਕੋਲ ਇਨਕਮ ਦਾ ਕੋਈ ਸੋਰਸ ਨਹੀਂ ਰਿਹਾ। ਉਹ ਸਿਰਫ ਦੁਕਾਨ ਖੋਲ੍ਹਦੇ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੇ ਸੁਸਾਇਡ ਦੀ ਹਾਲਤ ਵੱਲ ਜਾ ਰਹੇ ਹਨ। ਇਨ੍ਹਾਂ ਛੋਟੇ ਦੁਕਾਨਦਾਰਾਂ ਦਾ ਫਿਰਕਾ ਪੰਜਾਬ ਵਿੱਚ ਖਤਮ ਹੋਣ ਦੇ ਕਿਨਾਰੇ ਹੈ, ਉਹ ਭਾਵੇਂ ਕਿਸੇ ਵੀ ਭਾਈਚਾਰੇ ਦਾ ਹੋਵੇ, ਉਹ ਛੋਟਾ ਦੁਕਾਨਦਾਰ ਖਤਮ ਹੋ ਰਿਹਾ ਹੈ। ਇਸ ਨੂੰ ਬਚਾਉਣ ਲਈ ਸਰਕਾਰ ਜ਼ਰੂਰ ਕੋਈ ਉਪਰਾਲਾ ਕਰੇ। ਧੰਨਵਾਦ ਜੀ।

---

## ANNOUNCEMENT BY THE SPEAKER REGARDING SENDING D.O. LETTERS TO THE HON'BLE SPEAKERS OF ALL THE LEGISLATIVE ASSEMBLIES MENTIONING THE SELFLESS STRUGGLE OF THE FARMERS FOR THE COUNTRY, THE CONSUMERS AND THE SMALL SHOPKEEPERS

**ਮਾਣਯੋਗ ਸਪੀਕਰ:** ਛੋਟੇ ਦੁਕਾਨਦਾਰਾਂ ਨੂੰ ਬਚਾਉਣ ਦੀ ਲੜਾਈ ਹੀ ਤਾਂ ਕਿਸਾਨ ਬਾਰਡਰਾਂ ਤੇ ਲੜ ਰਹੇ ਹਨ। ਇਹ ਬੜਾ ਵੱਡਾ ਕੁਐਸਚਨ ਹੈ। ਕਿਸਾਨਾਂ ਨੂੰ ਪਤਾ ਨਹੀਂ ਕਿਉਂ vilify ਕਰ ਦਿੱਤਾ ਅਤੇ ਉਨ੍ਹਾਂ ਬਾਰੇ ਇਹ ਕਹਿਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਕਿ ਉਹ ਆਪਣੀ ਲੜਾਈ ਲੜ ਰਹੇ ਹਨ। ਇਹ ਆਪਣੀ ਨਹੀਂ, ਇਹ ਦੇਸ਼ ਦੀ ਲੜਾਈ ਲੜ ਰਹੇ ਹਨ, ਉਹ ਛੋਟੇ ਦੁਕਾਨਦਾਰ ਦੀ ਲੜਾਈ ਲੜ ਰਹੇ ਹਨ, ਉਹ ਸਾਡੇ ਕੰਜ਼ਿਊਮਰ ਦੀ ਲੜਾਈ ਲੜ ਰਹੇ ਹਨ। ਜਿਹੜੇ ਲੋਕ ਸੇਬ 50 ਪੈਸੇ ਦਾ ਖਰੀਦ ਕੇ 80/- ਰੁਪਏ ਦਾ ਵੇਚਦੇ ਹਨ, ਉਨ੍ਹਾਂ ਤੇ ਅੰਕੁਸ਼ ਲਗਾਉਣ ਦੀ ਲੜਾਈ ਲੜ ਰਹੇ ਹਨ ਤਾਂ ਕਿ ਕੰਜ਼ਿਊਮਰ ਨੂੰ ਬਚਾਇਆ ਜਾਵੇ। ਮੈਂ ਬਤੌਰ ਸਪੀਕਰ, ਪੰਜਾਬ ਵਿਧਾਨ ਸਭਾ ਸਾਰੇ ਦੇਸ਼ ਦੇ ਸਪੀਕਰ ਸਾਹਿਬਾਨਾਂ ਨੂੰ ਇਸ ਸਬੰਧੀ ਇੱਕ ਚਿੱਠੀ ਵੀ ਲਿਖਣ ਜਾ ਰਿਹਾ

ਹਾਂ। Better will shall prevail ਕਿਉਂਕਿ ਇਹ ਮੰਗਾਂ ਇਕੱਲੇ ਪੰਜਾਬ ਦੇ ਕਿਸਾਨਾਂ ਦੀਆਂ ਮੰਗਾਂ ਨਹੀਂ ਹਨ, ਇਹ ਪੰਜਾਬ ਦੇ ਕਿਸਾਨ ਦੇਸ਼ ਦੀ ਲੜਾਈ ਲੜ ਰਹੇ ਹਨ ਔਰ ਕੰਜ਼ਿਊਮਰ ਦੀ ਲੜਾਈ ਲੜ ਰਹੇ ਹਨ। ਇਸ ਨੂੰ ਕੰਜ਼ਿਊਮਰ ਦੀ ਲੜਾਈ ਸਮਝ ਕੇ ਹੀ ਅੱਗੇ ਲੈ ਕੇ ਜਾਣਾ ਚਾਹੀਦਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

---

**MATTERS RAISED DURING ZERO HOUR (*Resumption*)**

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਸਪੀਕਰ ਸਾਹਿਬ, ਪਹਿਲਾਂ ਜੋ ਤੁਸੀਂ ਬੱਚੇ ਬਾਰੇ ਗੱਲ ਕੀਤੀ ਹੈ, ਉਸ ਵਿੱਚ ਮੇਰੀ ਤਨਖਾਹ ਵਿੱਚੋਂ 10,000/- ਰੁਪਏ ਕੱਟ ਕੇ ਭੇਜ ਦਿੱਤਾ ਜਾਵੇ। ਤੁਹਾਡਾ ਬੜਾ ਧੰਨਵਾਦ ਕਿ ਤੁਸੀਂ ਸਾਨੂੰ ਇਸ ਤਰ੍ਹਾਂ ਦੇ ਕੰਮਾਂ ਲਈ ਮੋਟੀਵੇਟ ਕਰਦੇ ਹੋ। ਸਰ, ਮੈਂ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਮਿਤੀ 25.1.2024 ਨੂੰ ਕੁਝ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਸਹਾਇਕ ਡਾਇਰੈਕਟਰ ਪ੍ਰਿੰਸੀਪਲ ਕਾਡਰ ਤੋਂ ਪ੍ਰਮੋਟ ਹੋਏ ਹਨ। ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਸੀਨੀਆਰਤਾ ਸੂਚੀ ਮੁਤਾਬਿਕ ਸਾਲ 2010 ਵਿੱਚ ਐਸ.ਸੀ. ਸਮਾਜ ਦੇ ਜਿਹੜੇ ਬੰਦੇ ਲੈਕਚਰਾਰ ਤੋਂ ਪ੍ਰਿੰਸੀਪਲ ਬਣੇ ਸੀ, ਉਨ੍ਹਾਂ ਨੂੰ ਇਗਨੋਰ ਕਰਕੇ ਜੋ ਸਾਲ 2014 ਵਿੱਚ ਪ੍ਰਿੰਸੀਪਲ ਬਣੇ ਸੀ, ਉਨ੍ਹਾਂ ਨੂੰ ਪ੍ਰਮੋਟ ਕਰ ਦਿੱਤਾ ਗਿਆ ਹੈ। ਇਹ ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਐਸ.ਸੀ. ਸਮਾਜ ਦੇ ਪ੍ਰਿੰਸੀਪਲ ਚਾਰ ਸਾਲ ਪਹਿਲਾਂ ਪ੍ਰਮੋਟ ਹੋ ਗਏ ਸੀ, ਉਨ੍ਹਾਂ ਦੀ ਜੋ ਸੀਨੀਆਰਤਾ ਬਣਦੀ ਹੈ, ਉਸ ਮੁਤਾਬਿਕ ਡੀ.ਈ.ਓ. ਜਾਂ ਸਹਾਇਕ ਡਾਇਰੈਕਟਰ ਪ੍ਰਮੋਟ ਕੀਤਾ ਜਾਵੇ।

**ਮਾਣਯੋਗ ਸਪੀਕਰ**: ਰਾਜਾ ਵੜਿੰਗ ਜੀ ਮੇਰੇ ਗੁਆਂਢੀ ਹਨ ਜੀ ਅਤੇ ਗੁਆਂਢੀ ਦਾ ਖਿਆਲ ਰੱਖਣਾ ਚਾਹੀਦਾ ਹੈ। ਹਾਂ ਜੀ, ਰਾਜਾ ਵੜਿੰਗ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇੱਕ ਜੋ ਤੁਸੀਂ ਹੁਕਮ ਲਗਾਇਆ ਹੈ ਕਿ ਲੋੜਵੰਦ ਨੌਜਵਾਨ ਦੀ ਮਦਦ ਕਰਨੀ ਹੈ, ਮੈਂ ਆਪਣੀ ਸਾਰੀ ਤਨਖਾਹ ਦੇ ਪੈਸੇ ਅੱਜ ਅਮਨਦੀਪ ਹਸਪਤਾਲ ਵਿਖੇ ਪਹੁੰਚਾ ਦੇਵਾਂਗਾ। ਦੂਸਰਾ, ਮੈਂ ਗੱਲ ਕਰਨੀ ਚਾਹੁੰਦਾ ਹਾਂ ਕਿ ਤੁਸੀਂ

ਪੰਜਾਬ ਦੇ ਕਿਸਾਨ ਦੇ ਦਰਦ ਦੀ ਗੱਲ ਕੀਤੀ ਹੈ ਕਿ ਉਹ ਕੰਜ਼ਿਊਮਰ ਅਤੇ ਪੰਜਾਬ ਦੇ ਲੋਕਾਂ ਦੀ ਲੜਾਈ ਲੜ ਰਿਹਾ ਹੈ।

**ਮਾਣਯੋਗ ਸਪੀਕਰ:** ਦੇਸ਼ ਦੇ ਲੋਕਾਂ ਦੀ ਲੜਾਈ ਲੜ ਰਹੇ ਹਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਹਾਂ ਜੀ, ਦੇਸ਼ ਦੇ ਲੋਕਾਂ ਦੀ ਲੜਾਈ ਲੜ ਰਹੇ ਹਨ ਪਰ ਮੇਰੀ ਬੇਨਤੀ ਹੈ ਕਿ ਸਦਨ ਨੂੰ ਚਲਦਿਆਂ ਕਾਫੀ ਦਿਨ ਹੋ ਗਏ ਹਨ ਪਰੰਤੂ ਅਸੀਂ ਕਿਸਾਨਾਂ ਦੇ ਮਾਮਲੇ ਤੇ ਕਿਸੇ ਪ੍ਰਕਾਰ ਦੀ ਕੋਈ ਬਹਿਸ ਨਹੀਂ ਰੱਖੀ ਹੈ। ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇੱਕ ਮੁਕੰਮਲ ਸਮਾਂ ਅਸੀਂ ਕਿਸਾਨੀ ਉੱਤੇ ਗੱਲ ਕਰੀਏ ਕਿ ਕਿਸਾਨ ਬਾਰਡਰ ਤੇ ਬੈਠਾ ਹੈ, ਉਸ ਬਾਰੇ ਕੀ ਹੋਣਾ ਚਾਹੀਦਾ ਹੈ। ਇੱਕ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖਿਲਾਫ ਨਿੰਦਾ ਪ੍ਰਸਤਾਵ ਲਿਆਉਣਾ ਚਾਹੀਦਾ ਹੈ ਕਿਉਂਕਿ ਜਿਸ ਪ੍ਰਕਾਰ ਦਾ ਵਤੀਰਾ ਉਨ੍ਹਾਂ ਨੇ ਬਾਰਡਰ ਤੇ ਬੈਠੇ ਕਿਸਾਨਾਂ ਨਾਲ ਕੀਤਾ ਹੈ, ਸਾਨੂੰ ਪਾਕਿਸਤਾਨੀ ਬਣਾ ਦਿੱਤਾ ਗਿਆ ਹਾਂ। ਮੈਂ ਸਮਝਦਾ ਹਾਂ ਕਿ ਇਸ ਤੇ ਜ਼ਰੂਰੀ ਬਹਿਸ ਅਤੇ ਨਿੰਦਾ ਪ੍ਰਸਤਾਵ ਲੈ ਕੇ ਆਉਣਾ ਚਾਹੀਦਾ ਹੈ।

ਦੂਜਾ, ਗੜ੍ਹੇਮਾਰੀ ਕਾਰਨ ਭੁੱਚੋ, ਬਠਿੰਡਾ ਦਿਹਾਤੀ, ਕੋਟਭਾਈ, ਦੌਲਾ, ਪੇਓਰੀ ਆਦਿ ਪਿੰਡਾਂ ਵਿਖੇ ਕਿਸਾਨਾਂ ਦੀਆਂ ਫਸਲਾਂ ਦਾ ਕਾਫੀ ਨੁਕਸਾਨ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਕਿਰਪਾ ਕਰਕੇ ਕਿਸਾਨਾਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਜਿਸ ਪ੍ਰਕਾਰ ਦੇ ਆਲਰੇਡੀ ਕਿਸਾਨ ਦੇ ਹਾਲਾਤ ਹਨ, ਉਨ੍ਹਾਂ ਤੋਂ ਕਿਸਾਨ ਬਚ ਸਕੇ। ਮੈਂ ਉਮੀਦ ਕਰਾਂਗਾ ਕਿ ਤੁਸੀਂ ਜਿਸ ਤਰ੍ਹਾਂ ਦਾ ਦਰਦ ਕਿਸਾਨਾਂ ਪ੍ਰਤੀ ਜ਼ਾਹਿਰ ਕੀਤਾ ਹੈ, ਘੱਟੋ-ਘੱਟ ਇੱਕ ਦਿਨ ਦੀ ਬਹਿਸ ਕਿਸਾਨੀ ਇਸ਼ੂ ਤੇ ਹੋਣੀ ਚਾਹੀਦੀ ਹੈ ਅਤੇ ਅਸੀਂ ਸਾਰੇ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਖਿਲਾਫ ਨਿੰਦਾ ਪ੍ਰਸਤਾਵ ਯੂਨਾਨੀਮਸਲੀ ਲੈ ਕੇ ਆਵਾਂਗੇ।

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ (ਮੌੜ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਲਸਾੜਾ ਡਰੇਨ ਮੇਰੇ ਹਲਕੇ ਦੇ ਕਈ ਪਿੰਡਾਂ ਵਿੱਚੋਂ ਗੁਜ਼ਰਦੀ ਹੈ। ਉਸ ਉੱਪਰ ਇੱਕ ਜੇਠੂਕੇ ਅਤੇ ਰਠਿਆੜ ਵਾਲਾ ਦੋ ਪੁਲ ਕਾਫੀ ਜ਼ਿਆਦਾ ਖਸਤਾ ਹਾਲਤ ਵਿੱਚ ਹਨ, ਜਿਸ

ਕਾਰਨ ਉਥੇ ਕੋਈ ਵੀ ਹਾਦਸਾ ਵਾਪਰ ਸਕਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੁਲਾਂ ਦਾ ਨਵੀਨੀਕਰਨ ਕੀਤਾ ਜਾਵੇ।

ਦੂਸਰਾ, ਇੱਕ ਜਵਾਹਰ ਨਗਰ ਹੈ ਜਿਹੜਾ ਕਿ ਪਹਿਲੀਆਂ ਸਰਕਾਰਾਂ ਵੇਲੇ ਰਾਮਪੁਰਾ ਦਾ ਇੱਕ ਹਿੱਸਾ ਹੁੰਦਾ ਸੀ। ਉਸ ਨੂੰ ਰਾਮਪੁਰੇ ਨਾਲੋਂ ਤੋੜ ਕੇ ਮੇਰੇ ਹਲਕੇ ਮੌੜ ਵਿੱਚ ਪਾ ਦਿੱਤਾ ਹੈ। ਉਸ ਕਸਬੇ ਦਾ ਸੀਵਰੇਜ ਰਾਮਪੁਰਾ ਨਾਲ ਜੁੜਿਆ ਹੋਇਆ ਹੈ। ਰਾਮਪੁਰਾ ਨਗਰ ਕੌਂਸਲ ਅਤੇ ਸੀਵਰੇਜ ਬੋਰਡ ਵੱਲੋਂ ਇਸ ਕਸਬੇ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਕ੍ਰਿਪਾ ਕਰਕੇ ਇਸ ਦਾ ਹੱਲ ਕਰਵਾਇਆ ਜਾਵੇ ਅਤੇ ਇਸ ਕਸਬੇ ਨੂੰ ਦੁਬਾਰਾ ਰਾਮਪੁਰੇ ਵਿੱਚ ਐਡ ਕਰਵਾਇਆ ਜਾਵੇ। ਸਪੀਕਰ ਸਾਹਿਬ, ਜਵਾਹਰ ਨਗਰ ਵਾਲੇ ਚਾਹੁੰਦੇ ਹਨ ਕਿ ਸਾਨੂੰ ਰਾਮਪੁਰਾ ਵਿੱਚ ਐਡ ਕੀਤਾ ਜਾਵੇ। ਇਸ ਤੋਂ ਇਲਾਵਾ ਜਦੋਂ ਜਵਾਹਰ ਨਗਰ ਨੂੰ ਅੱਡ ਕੀਤਾ ਗਿਆ ਹੈ ਤਾਂ ਉਸ ਦਾ ਬਣਦਾ ਹਿੱਸਾ ਵੀ ਨਹੀਂ ਦਿੱਤਾ ਗਿਆ।

ਇਸ ਦੇ ਨਾਲ ਹੀ ਮੈਂ ਖੇਡ ਮੰਤਰੀ ਜੀ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ, ਇਨ੍ਹਾਂ ਨੇ ਤਿੰਨ ਖੇਡ ਨਰਸਰੀਆਂ ਮੌੜ ਵਿੱਚ ਦਿੱਤੀਆਂ ਹਨ ਪਰੰਤੂ ਮੈਂ ਖੇਡ ਮੰਤਰੀ ਜੀ ਨੂੰ ਇਹ ਵੀ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਮੈਂ ਬਾਲਿਆਂਵਾਲੀ ਅਤੇ ਬੰਗੀ ਕਲਾਂ ਦੋ ਨਰਸਰੀਆਂ ਵਾਸਤੇ ਕਿਹਾ ਸੀ, ਜੋ ਕਿ ਅਧੂਰੀਆਂ ਹਨ। ਇਸ ਤੋਂ ਇਲਾਵਾ ਖੇਡ ਨਰਸਰੀ ਉੱਤੇ ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰੇ ਬਚਪਨ ਦੀ ਗੱਲ ਹੈ ਕਿ ਮੈਂ ਸੰਗਰੂਰ ਜ਼ਿਲ੍ਹੇ ਵਿੱਚ ਲਹਿਰਾਗਾਗੇ ਦੇ ਇਕ ਪਿੰਡ ਵਿਚਲੇ ਸਰਕਾਰੀ ਸਕੂਲ ਵਿੱਚ ਪੜ੍ਹਦਾ ਹੁੰਦਾ ਸੀ।

**ਮਾਣਯੋਗ ਸਪੀਕਰ:** ਕਨਕਲੂਡ ਕਰ ਲਓ। ਤੁਹਾਡੇ ਦੋ ਮਿੰਟ ਹੋਣ ਵਾਲੇ ਹਨ।

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ:** ਮੈਂ ਬਾਕਸਿੰਗ ਖੇਡਦਾ ਹੁੰਦਾ ਸੀ। ਜਦੋਂ ਮੈਂ ਮਾਈਸਰਖਾਨਾ ਸਕੂਲ ਵਿੱਚ ਦਾਖਲਾ ਲਿਆ, ਮੈਨੂੰ ਉਥੇ ਬਾਕਸਿੰਗ ਦਾ ਕੋਈ ਸਮਾਨ ਨਹੀਂ ਮਿਲਿਆ। ਮੈਂ ਬਹੁਤ ਸਾਰੇ ਪ੍ਰਿੰਸੀਪਲਜ਼ ਕੋਲ ਗਿਆ। (ਵਿਘਨ)

**ਮਾਣਯੋਗ ਸਪੀਕਰ:** ਬੈਠੋ ਜੀ। ਹਾਂ ਜੀ, ਸਰਦਾਰ ਹਰਮੀਤ ਸਿੰਘ ਪਠਾਨਮਾਜਰਾ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ (ਸਨੌਰ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਸਰ, ਮੈਂ ਪੰਜਾਬ ਦੇ ਸ਼ੈਲਰਾਂ ਬਾਰੇ ਗੱਲ ਕਰਨੀ ਹੈ। ਜਿਹੜੇ ਪੰਜਾਬ ਦੇ 1885 ਸ਼ੈਲਰ ਹਨ, ਇਹ 2013-14 ਵਿੱਚ ਡਿਫਾਲਟਰ ਹੋਏ ਹਨ, ਇਸੇ ਕਾਰਨ ਝੋਨਾ-221 ਆਇਆ ਸੀ। ਸਪੀਕਰ ਸਾਹਿਬ, ਸ਼ੈਲਰ ਐਸੋਸੀਏਸ਼ਨ ਚਾਹੁੰਦੀ ਹੈ ਕਿ ਸਾਨੂੰ ਓ.ਟੀ.ਐਸ. ਸਕੀਮ ਵਿੱਚ ਲਿਆ ਕੇ ਸਾਡਾ ਵਿਆਜ ਮੁਆਫ ਕੀਤਾ ਜਾਵੇ ਅਤੇ ਸਰਕਾਰ ਜਿੰਨੀ ਸਾਨੂੰ ਰਾਹਤ ਦੇ ਸਕਦੀ ਹੈ, ਉਹ ਦੇਵੇ।

ਦੂਸਰਾ, ਇੱਕ ਸ਼ੈਲਰ ਵਿੱਚ 25 ਬੰਦੇ ਕੰਮ ਕਰਦੇ ਹਨ। ਡਿਫਾਲਟਰ ਸ਼ੈਲਰਾਂ ਦੀ ਕੁੱਲ ਅਮਾਊਂਟ 11,917 ਕਰੋੜ ਰੁਪਏ ਹੈ। ਜੇਕਰ ਆਪਾਂ ਸਾਰੇ ਸ਼ੈਲਰ ਬਹਾਲ ਕਰ ਦੇਈਏ ਤਾਂ 47,000 ਬੰਦਾ ਕਾਮਾ ਲੱਗ ਸਕਦਾ ਹੈ। ਇਸ ਤੇ ਮੰਤਰੀ ਸਾਹਿਬ ਜ਼ਰੂਰ ਗੌਰ ਕਰਨ ਤਾਂ ਜੋ ਇਨ੍ਹਾਂ ਨੂੰ ਰਾਹਤ ਦਿੱਤੀ ਜਾਵੇ ਅਤੇ ਵਪਾਰੀ ਆਪਣਾ ਵਪਾਰ ਦੁਬਾਰਾ ਤੋਂ ਸ਼ੁਰੂ ਕਰ ਸਕਣ ਅਤੇ ਜਿਹੜੇ ਸਾਰੇ ਸ਼ੈਲਰ ਕੰਡਮ ਪਏ ਹਨ, ਉਹ ਚੱਲ ਸਕਣ। ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਪੀਕਰ ਸਾਹਿਬ, ਬਹੁਤ ਮਿਹਰਬਾਨੀ। ਜੋ ਰਾਜਾ ਵੜਿੰਗ ਜੀ ਨੇ ਤੁਹਾਨੂੰ ਗੁਜ਼ਾਰਿਸ਼ ਕੀਤੀ ਹੈ, ਮੈਂ ਉਸ ਨੂੰ ਸੈਕੰਡ ਕਰਾਂਗਾ। ਸਪੀਕਰ ਸਾਹਿਬ, ਸਾਨੂੰ ਗਵਰਨਰ ਐਡਰੈਸ ਤੇ ਬਹਿਸ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਜਿਸ ਕਿਸਮ ਦੇ ਹਾਲਾਤ ਸਨ, ਇਹ ਤੁਹਾਨੂੰ ਪਤਾ ਹੈ। ਪੰਜਾਬ ਦੇ ਕਿਸਾਨਾਂ ਦਾ ਜੋ ਬਾਰਡਰ ਤੇ ਹਾਲ ਹੈ, ਸਾਰੀਆਂ ਪੁਲੀਟੀਕਲ ਜਮਾਤਾਂ ਘੱਟੋ-ਘੱਟ ਉਨ੍ਹਾਂ ਦੀ ਪਿੱਠ ਪਿੱਛੇ ਹੋਣੀਆਂ ਚਾਹੀਦੀਆਂ ਹਨ। ਸੈਂਟਰ ਦਾ ਜੋ ਇਸ ਸਮੇਂ ਤੌਰ-ਤਰੀਕਾ ਚੱਲ ਰਿਹਾ ਹੈ, ਉਹ ਤੁਸੀਂ ਵੀ ਜਾਣਦੇ ਹੋ ਅਤੇ ਅਸੀਂ ਵੀ ਜਾਣਦੇ ਹਾਂ। ਸੈਂਟਰ ਦੀ ਸਰਕਾਰ ਕਾਰਪੋਰੇਟਸ ਦੇ ਹੱਥ ਵਿੱਚ ਹੈ, ਕਾਰਪੋਰੇਟਸ ਦੀ ਮਦਦ ਕਰ ਰਹੀ ਹੈ। ਜੇ ਕਾਰਪੋਰੇਟਸ ਦੀ ਮਦਦ ਕਰਨਗੇ ਤਾਂ ਕਿਸਾਨ ਦਾ ਪੇਟ ਕੱਟਿਆ ਜਾਵੇਗਾ ਅਤੇ ਜੇਕਰ ਕਿਸਾਨ ਦੀ ਮਦਦ ਕਰਨਗੇ ਤਾਂ ਕਾਰਪੋਰੇਟਸ ਦਾ ਪੇਟ ਕੱਟਿਆ ਜਾਵੇਗਾ। ਸੋ, ਇਸ ਮੌਕੇ ਸਮੁੱਚੇ ਪੰਜਾਬ ਦੀਆਂ ਸਾਰੀਆਂ ਪੁਲੀਟੀਕਲ ਜਮਾਤਾਂ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ। ਜੋ ਕਿਸਾਨਾਂ ਦੇ ਖਿਲਾਫ ਹਨ, ਉਨ੍ਹਾਂ ਦਾ ਵੀ ਪਤਾ ਲੱਗ ਜਾਣਾ ਚਾਹੀਦਾ ਹੈ ਪਰ ਤੁਸੀਂ ਯੂਨਾਨੀਮਸਲੀ ਘੱਟੋ ਘੱਟ ਇੱਕ ਦਿਨ ਕਿਸਾਨਾਂ ਦੇ ਮੁੱਦੇ ਤੇ ਹੀ

ਲਗਾਉ ਕਿਉਂਕਿ 15 ਤਰੀਕ ਤੱਕ ਦਾ ਹਾਊਸ ਹੈ। ਕਿਰਪਾ ਕਰਕੇ threadbare discussion ਹੋਵੇ, ਉਸ ਵਿੱਚ ਅਸੀਂ ਆਪਣਾ ਕੋਈ ਕਿੰਤੂ ਪਰੰਤੂ ਨਹੀਂ ਕਰਾਂਗੇ, ਇਸ ਦਾ ਤੁਹਾਨੂੰ ਵਿਸ਼ਵਾਸ ਦਿਵਾਉਂਦੇ ਹਾਂ। ਇਹ ਸਾਰੇ ਪੰਜਾਬ ਦੇ ਕਿਸਾਨਾਂ ਦੀ ਜੈਨੂਅਨ ਪਿਕਚਰ ਹੈ, ਜੋ ਸਾਰੇ ਦੇਸ਼ ਦੇ ਸਾਹਮਣੇ ਜਾਣੀ ਚਾਹੀਦੀ ਹੈ।

ਲਾਸਟ ਵਿੱਚ, ਜਿਹੜੀ ਗੱਲ ਕੋਟਲੀ ਸਾਹਿਬ ਨੇ ਕਹੀ ਹੈ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਏਅਰਪੋਰਟ ਦਾ ਨਾਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਨਹੀਂ ਕੀਤਾ ਗਿਆ, ਉਹ ਕਰਨਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਇਸ ਸਬੰਧੀ ਰੈਜ਼ੋਲਿਊਸ਼ਨ ਯੂਨਾਨੀਮਸਲੀ ਪਾਸ ਕਰਕੇ ਸਿਵਲ ਏਵੀਏਸ਼ਨ ਮਨਿਸਟਰ ਸਾਹਿਬ ਨੂੰ ਭੇਜਿਆ ਜਾਵੇ। ਜੇਕਰ ਇਸ ਸਬੰਧੀ ਤੁਸੀਂ ਮਤਾ ਆਲਰੇਡੀ ਪਾਸ ਕੀਤਾ ਹੋਇਆ ਹੈ ਤਾਂ ਸਿਵਲ ਏਵੀਏਸ਼ਨ ਮਨਿਸਟਰੀ ਨੂੰ ਰੈਜ਼ੋਲਿਓਸ਼ਨ ਦੀ ਕਾਪੀ ਭੇਜੀ ਜਾਵੇ ਕਿ ਵਿਧਾਨ ਸਭਾ ਨੇ ਇੱਕ ਯੂਨੈਨੀਮਸ ਰੈਜ਼ੋਲਿਓਸ਼ਨ ਪਾਸ ਕੀਤਾ ਹੈ ਕਿ ਆਦਮਪੁਰ ਏਅਰਪੋਰਟ ਦਾ ਨਾਮ ਗੁਰੂ ਰਵਿਦਾਸ ਜੀ ਦੇ ਨਾਮ ਤੇ ਰੱਖਿਆ ਜਾਵੇ। ਕਿਰਪਾ ਕਰਕੇ ਇਹ ਦੋਵੇਂ ਮਸਲੇ ਦੇਖ ਲਵੋ। ਧੰਨਵਾਦ ਜੀ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਮੈਂ ਆਪਣੇ ਸ਼ਹਿਰ ਦਾ ਇੱਕ ਭਖਦਾ ਮਸਲਾ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ। ਸਾਡੇ ਸ਼ਹਿਰ ਵਿੱਚ ਕਾਰਪੋਰੇਸ਼ਨ ਦੇ ਅੰਡਰ 2000 ਦੁਕਾਨਾਂ ਆਉਂਦੀਆਂ ਹਨ, ਜਿਨ੍ਹਾਂ ਵਿੱਚ ਦੁਕਾਨਦਾਰ ਪਿਛਲੇ 40 ਸਾਲਾਂ ਤੋਂ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦਾ ਕਿਰਾਇਆ ਵੀ ਦੇ ਰਹੇ ਹਨ। ਸਾਲ 2018 ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਹੋਇਆ ਸੀ ਕਿ ਇਨ੍ਹਾਂ ਦੁਕਾਨਦਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ। ਉਸ ਵਾਸਤੇ ਹਰੇਕ ਤੋਂ ਇੱਕ ਹਜ਼ਾਰ ਰੁਪਏ ਦਾ ਡਰਾਫਟ ਬਾਊਂਡ ਵੀ ਲੈ ਲਿਆ ਗਿਆ ਸੀ ਪਰ ਥੋੜ੍ਹੇ ਦਿਨ ਪਹਿਲਾਂ ਇੱਕ ਹੋਰ ਨੋਟੀਫਿਕੇਸ਼ਨ ਜਾਰੀ ਹੋਇਆ ਹੈ ਕਿ ਜਾਂ ਤਾਂ ਤੁਸੀਂ ਇਹ ਦੁਕਾਨਾਂ ਖਾਲੀ ਕਰ ਦਿਓ ਜਾਂ ਫਿਰ 900% ਕਿਰਾਇਆ ਵਧਾ ਕੇ ਦਿੱਤਾ ਜਾਵੇ। ਸਪੀਕਰ ਸਾਹਿਬ, 900% ਕਿਰਾਇਆ ਵਧਾਉਣਾ ਕਦੇ ਵੀ ਜਾਇਜ਼ ਨਹੀਂ ਹੈ। ਉਹ ਲੋਕ ਇਕੱਠੇ ਹੋ ਕੇ ਮੇਰੇ ਕੋਲ ਆਏ ਸਨ। ਇਸ ਬਾਰੇ ਕਮਿਸ਼ਨਰ, ਕਾਰਪੋਰੇਸ਼ਨ ਨਾਲ ਵੀ ਗੱਲ ਕੀਤੀ ਗਈ ਪਰ ਉਨ੍ਹਾਂ ਨੇ ਕਿਹਾ ਕਿ 900% ਕਿਰਾਇਆ ਵਧਾ ਕੇ ਹੀ ਦੇਣਾ ਪਵੇਗਾ। ਸਪੀਕਰ ਸਾਹਿਬ, 1 ਰੁਪਏ ਤੋਂ ਲੈ ਕੇ 900% ਕਿਰਾਇਆ ਵਧਾ ਕੇ

ਦੇਣਾ ਬਿਲਕੁਲ ਵੀ ਜਾਇਜ਼ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਚੁੱਲ੍ਹਿਆਂ ਦੀ ਅੱਗ ਬਲਦੀ ਰਹਿਣ ਦਿੱਤੀ ਜਾਵੇ। ਉਹ ਗਰੀਬ ਲੋਕ 40-40 ਸਾਲਾਂ ਤੋਂ ਦੁਕਾਨਾਂ ਚਲਾ ਰਹੇ ਹਨ, ਉਨ੍ਹਾਂ ਨੂੰ ਉਜਾੜਿਆ ਨਾ ਜਾਵੇ। ਧੰਨਵਾਦ ਜੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਵਾਰ ਫਿਰ ਬਿਜਲੀ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇੱਕ ਇਸ਼ੂ ਉਸ ਦਿਨ ਰੇਜ਼ ਹੋਇਆ ਸੀ ਅਤੇ ਉਸ ਦਾ ਜਵਾਬ ਹਾਲੇ ਤੱਕ ਨਹੀਂ ਆਇਆ। ਸਾਡੇ ਬਾਰਡਰ ਤੇ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿਨ੍ਹਾਂ ਦੇ ਸਾਲ 2021 ਦੇ ਬਿਜਲੀ ਦੇ ਬਿੱਲ ਹਾਲੇ ਪੈਂਡਿੰਗ ਹਨ, ਬਹੁਤ ਲੋਕਾਂ ਦੇ ਬਿਜਲੀ ਦੇ ਬਿੱਲ ਮਾਫ ਵੀ ਕਰ ਦਿੱਤੇ ਗਏ ਹਨ। ਕਿਰਪਾ ਕਰਕੇ ਮੰਤਰੀ ਸਾਹਿਬ ਦੱਸ ਦੇਣ ਕਿ ਕਦੋਂ ਤੱਕ ਇਨਕੁਆਰੀ ਕਰਕੇ ਗਰੀਬ ਬੰਦਿਆਂ ਦੇ ਬਿਜਲੀ ਦੇ ਬਿੱਲ ਮਾਫ ਕਰ ਦਿੱਤੇ ਜਾਣਗੇ। ਧੰਨਵਾਦ ਜੀ।

**ਡਾਕਟਰ ਕਸ਼ਮੀਰ ਸਿੰਘ ਸੋਹਲ (ਤਰਨ ਤਾਰਨ):** ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹੁਣ ਕਣਕ ਦੀ ਕਟਾਈ ਦਾ ਸੀਜ਼ਨ ਆਉਣ ਵਾਲਾ ਹੈ। ਕਣਕ ਮੰਡੀਆਂ ਵਿੱਚ ਪਹੁੰਚੇਗੀ। ਪਿਛਲੇ ਕਈ ਸਾਲਾਂ ਤੋਂ ਲਿਫਟਿੰਗ ਦੀ ਸਮੱਸਿਆ ਬਹੁਤ ਜ਼ਿਆਦਾ ਆ ਰਹੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਟੈਂਡਰ ਉਨ੍ਹਾਂ ਟੈਂਡਰਕਾਰਾਂ ਵੱਲੋਂ ਲਿਆ ਜਾਂਦਾ ਹੈ, ਜਿਨ੍ਹਾਂ ਕੋਲ ਲਿਫਟਿੰਗ ਦਾ ਕੋਈ ਵੀ ਪ੍ਰਬੰਧ ਨਹੀਂ ਹੁੰਦਾ। ਆੜ੍ਹਤੀਆਂ ਦੀਆਂ ਦੁਕਾਨਾਂ ਤੇ ਬਹੁਤ ਵੱਡੇ ਵੱਡੇ ਬੋਰੀਆਂ ਦੇ ਅੰਬਾਰ ਲੱਗ ਜਾਂਦੇ ਹਨ। ਆੜ੍ਹਤੀਆਂ ਨੂੰ ਮਜਬੂਰੀਵਸ ਆਪਣੇ ਖਰਚੇ ਤੇ ਲਿਫਟਿੰਗ ਕਰਨੀ ਪੈਂਦੀ ਹੈ। ਟੈਂਡਰਕਾਰਾਂ ਦੀ ਮਰਜ਼ੀ ਹੁੰਦੀ ਹੈ ਕਿ ਉਹ ਆੜ੍ਹਤੀਆਂ ਨੂੰ ਕੁਝ ਦੇਣ ਜਾਂ ਨਾ ਦੇਣ। ਜਦੋਂ ਟੈਂਡਰਕਾਰ ਤੇ ਕੋਈ ਐਕਸ਼ਨ ਲੈਣ ਵਾਸਤੇ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਤੇ ਕੋਈ ਵੀ ਐਕਸ਼ਨ ਨਹੀਂ ਲਿਆ ਜਾਂਦਾ। ਇਸ ਨਾਲ ਆੜ੍ਹਤੀਆ ਵਰਗ ਬਹੁਤ ਪ੍ਰੇਸ਼ਾਨੀ ਵਿੱਚੋਂ ਗੁਜ਼ਰ ਰਿਹਾ ਹੈ। ਮੇਰੀ ਬੇਨਤੀ ਹੈ ਕਿ ਜੇਕਰ ਟੈਂਡਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦਾ ਤਾਂ ਲਿਫਟਿੰਗ ਉਸੇ ਹੀ ਰੇਟ ਤੇ ਆੜ੍ਹਤੀਆਂ ਨੂੰ ਦੇ ਦੇਣੀ ਚਾਹੀਦੀ ਹੈ ਤਾਂ ਕਿ ਆੜ੍ਹਤੀਆਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਧੰਨਵਾਦ ਜੀ।

**ਸ਼੍ਰੀ ਹਾਕਮ ਸਿੰਘ ਠੇਕੇਦਾਰ (ਰਾਏਕੋਟ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਹਲਵਾਰੇ ਤੋਂ ਪੱਖੋਵਾਲ ਅਤੇ ਰਾਏਕੋਟ ਤੋਂ ਪੱਖੋਵਾਲ ਦੋ ਅਜਿਹੀਆਂ ਸੜਕਾਂ ਹਨ, ਜੋ ਕਿ ਬਹੁਤ ਟੁੱਟ ਚੁੱਕੀਆਂ ਹਨ। ਇਨ੍ਹਾਂ ਸੜਕਾਂ ਤੋਂ ਲੰਘਣਾ ਬਹੁਤ ਔਖਾ ਹੈ, ਚੰਡੀਗੜ੍ਹ ਨੂੰ ਆਉਣ ਵਾਸਤੇ ਇਨ੍ਹਾਂ ਦੋਨਾਂ ਸੜਕਾਂ ਰਾਹੀਂ ਲੰਘਿਆ ਜਾਂਦਾ ਹੈ। ਮੇਰੀ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਹੈ ਕਿ ਇਹ ਸੜਕਾਂ ਜਲਦ ਤੋਂ ਜਲਦ ਬਣਾਈਆਂ ਜਾਣ। ਧੰਨਵਾਦ ਜੀ।

ਦੂਜਾ ਮੈਂ, ਸਰਦਾਰ ਭਗਵੰਤ ਮਾਨ, ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿ ਹਲਵਾਰਾ ਏਅਰਪੋਰਟ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਨਾਮ ਤੇ ਰੱਖਿਆ ਗਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਉਸ ਨੂੰ ਜਲਦ ਤੋਂ ਜਲਦ ਤਿਆਰ ਕਰਕੇ ਚਾਲੂ ਕਰਵਾਇਆ ਜਾਵੇ। ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) :** ਧੰਨਵਾਦ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਇੱਕ ਇਸ਼ੂ ਦੀ ਗੱਲ ਕਰਨੀ ਚਾਹੁੰਦਾ ਹਾਂ। ਇਹ ਮਾਈਨਿੰਗ ਦਾ ਮਸਲਾ ਹੈ। ਮੈਨੂੰ ਪਤਾ ਹੈ ਕਿ ਸਰਕਾਰ ਵੀ ਇਸ ਨੂੰ support ਨਹੀਂ ਕਰਦੀ ਹੋਵੇਗੀ। ਮੇਰੇ ਹਲਕੇ ਵਿੱਚ ਕੋਈ ਦਰਿਆ ਵੀ ਨਹੀਂ ਹੈ। ਮੈਂ ਲਗਭਗ ਪਿਛਲੇ 4 ਮਹੀਨਿਆਂ ਤੋਂ ਹਰੇਕ ਅਥਾਰਿਟੀ ਜਿਵੇਂ ਕਿ ਡੀ.ਸੀ., ਜਲੰਧਰ ਨੂੰ ਵੀ ਮੈਮੋਰੰਡਮ ਦੇ ਕੇ ਆਇਆ ਹਾਂ ਕਿ ਇਸ ਤੇ ਧਿਆਨ ਕੀਤਾ ਜਾਵੇ। ਸਪੀਕਰ ਸਾਹਿਬ, 40 ਫੁੱਟ ਤੋਂ ਲੈ ਕੇ 80 ਫੁੱਟ ਤੱਕ ਇੱਕ ਛੋਟੀ ਜਿਹੀ ਵੇਈਂ ਹੈ, ਜਿਸ ਨੂੰ ਚਿੱਟੀ ਵੇਈਂ ਵੀ ਕਿਹਾ ਜਾਂਦਾ ਹੈ, ਉਹ ਅੱਜ ਗੰਧਲੀ ਹੋ ਚੁੱਕੀ ਹੈ। ਮੈਂ ਅੱਜ ਉੱਥੇ ਜਾ ਕੇ ਵੀ ਆਇਆ ਹਾਂ। ਉੱਥੋਂ ਦੇ ਛੋਟੇ ਛੋਟੇ ਜ਼ਿਮੀਂਦਾਰ ਹਨ, ਜਿਨ੍ਹਾਂ ਨੂੰ ਉੱਥੇ ਦਾ ਮਾਫੀਆ ਡਰਾਉਂਦਾ ਵੀ ਹੈ ਅਤੇ ਉਨ੍ਹਾਂ ਤੇ 2-3 ਪਰਚੇ ਵੀ ਕਰਵਾ ਚੁੱਕਿਆ ਹੈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਤੇ ਸਰਕਾਰ ਦੀ ਸਪੋਰਟ ਨਹੀਂ ਹੋ ਸਕਦੀ। ਇਸ ਲਈ ਹਾਊਸ ਦੀ ਇੱਕ ਕਮੇਟੀ ਬਣਾ ਦਿੱਤੀ ਜਾਵੇ ਕਿਉਂਕਿ ਅਜਿਹਾ ਹੋਣ ਨਾਲ ਸਾਡੇ environment ਨੂੰ ਵੀ ਖਤਰਾ ਹੈ। ਪੰਜ-ਸੱਤ ਜ਼ਿੰਮੀਂਦਾਰ ਤਾਂ ਅਜਿਹੇ ਹਨ, ਜਿਨ੍ਹਾਂ ਦੇ ਦੋ ਦੋ, ਤਿੰਨ ਤਿੰਨ ਏਕੜ ਜ਼ਮੀਨ ਵਿੱਚ 50 ਫੁੱਟ ਡੂੰਘੀ ਮਾਈਨਿੰਗ ਕਰ ਦਿੱਤੀ ਗਈ ਹੈ ਜਦ ਕਿ ਉਸ ਦੇ ਇੱਕ ਪਾਸੇ ਵੇਈਂ ਚੱਲਦੀ ਹੈ ਅਤੇ ਵੇਈਂ ਦਾ ਪਾਣੀ ਉੱਧਰਲੇ ਪਾਸੇ ਆਇਆ ਹੋਇਆ ਹੈ। ਮੈਨੂੰ ਲੱਗਦਾ ਹੈ ਕਿ 100 ਏਕੜ ਵਿੱਚ 40 ਫੁੱਟ ਤੋਂ

ਲੈ ਕੇ 70 ਫੁੱਟ ਤੱਕ ਮਾਈਨਿੰਗ ਹੋਈ ਹੈ ਪਰੰਤੂ ਇਸ ਸਬੰਧ ਵਿੱਚ ਕੋਈ ਵੀ ਅਥਾਰਿਟੀ ਸੁਣਨ ਲਈ ਤਿਆਰ ਨਹੀਂ ਹੈ, ਪੁਲਿਸ ਵੀ ਕੋਈ ਐਕਸ਼ਨ ਲੈਣ ਲਈ ਤਿਆਰ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਮਾਈਨਿੰਗ ਡਿਪਾਰਟਮੈਂਟ ਵੀ ਕੰਮ ਕਰਨ ਲਈ ਤਿਆਰ ਨਹੀਂ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਛੋਟੇ ਛੋਟੇ ਜ਼ਿਮੀਂਦਾਰਾਂ ਦਾ ਵੱਡਾ ਨੁਕਸਾਨ ਨਾ ਹੋਵੇ, ਸੋ, ਇਸ ਕਰਕੇ ਜਾਂ ਤਾਂ ਹਾਊਸ ਦੀ ਕੋਈ ਸਾਂਝੀ ਕਮੇਟੀ ਬਣਾ ਲਓ ਤੇ ਹਫਤੇ-ਦਸ ਦਿਨ ਵਿੱਚ ਹੀ ਜਾ ਕੇ ਦੇਖ ਲਓ ਕਿ ਉੱਥੇ ਹਾਲਾਤ ਕੀ ਹਨ। ਉਸ ਏਰੀਏ ਦੇ ਕਿਸਾਨ ਤ੍ਰਾਹ-ਤ੍ਰਾਹ ਕਰ ਰਹੇ ਹਨ। ਮਾਫੀਆ ਨੇ ਕੋਈ ਪੈਰਾਮੀਟਰ ਫਾਲੋ ਨਹੀਂ ਕੀਤਾ ਹੋਇਆ। ਜਦੋਂ ਮੈਂ ਜਾਂਦਾ ਹਾਂ, ਉਦੋਂ ਇੱਕ-ਦੋ ਦਿਨ ਲਈ ਮਾਈਨਿੰਗ ਬੰਦ ਹੋ ਜਾਂਦੀ ਹੈ ਪਰ ਉਸ ਤੋਂ ਬਾਅਦ ਫਿਰ ਪਹਿਲਾਂ ਤੋਂ ਵੱਧ ਮਾਈਨਿੰਗ ਕਰਦੇ ਹਨ। ਮੈਂ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਵੱਲ ਧਿਆਨ ਦਿੱਤਾ ਜਾਵੇ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ) :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਧੰਨਵਾਦ ਕਿ ਤੁਸੀਂ ਬੱਚੇ ਦੇ ਇਲਾਜ ਲਈ ਹੁਕਮ ਲਾਇਆ ਹੈ, ਉਹ ਹੁਕਮ ਸਿਰ ਮੱਥੇ। ਸਪੀਕਰ ਸਾਹਿਬ, ਮੇਰਾ ਵਿਸ਼ਾ ਹੈ ਕਿ ਸਾਲ 2017 ਵਿੱਚ ਫੂਡ ਸਪਲਾਈ ਮਹਿਕਮੇ ਵਿੱਚ 31000 ਕਰੋੜ ਰੁਪਏ ਦਾ ਮਸਲਾ ਵੱਡੇ ਪੱਧਰ ਤੇ ਉੱਠਿਆ ਸੀ ਪਰ ਉਸ ਤੋਂ ਬਾਅਦ ਇਸ ਨੂੰ ਗੋਲ-ਮੋਲ ਕਰ ਦਿੱਤਾ ਗਿਆ ਸੀ। ਮੈਂ ਹਾਊਸ ਰਾਹੀਂ ਪੰਜਾਬ ਦੇ ਲੋਕਾਂ ਦੇ ਧਿਆਨ ਵਿੱਚ ਇਹ ਮੁੱਦਾ elaborate ਕਰਨਾ ਚਾਹੁੰਦੀ ਹਾਂ। ਸਾਲ 1994 ਤੋਂ ਲੈ ਕੇ ਸਾਲ 2017 ਤੱਕ ਦਾ ਜਿਹੜਾ ਕੇਂਦਰ ਸਰਕਾਰ ਨੂੰ ਕਣਕ ਅਤੇ ਝੋਨਾ ਦਿੱਤਾ ਹੈ, ਉਸ ਦੀ ਢੋਆ-ਢੁਆਈ ਦਾ ਵਾਧੂ ਖਰਚ ਪੰਜਾਬ ਦੇ ਸਿਰ ਪਾ ਦਿੱਤਾ ਹੈ। ਇਹ 31000 ਕਰੋੜ ਰੁਪਿਆ ਉਹ ਪੈਸਾ ਹੈ ਜੋ ਕਿ ਅੱਜ ਤੱਕ ਕਿਸੇ ਨੇ ਕਲੀਅਰ ਹੀ ਨਹੀਂ ਕੀਤਾ। ਸਾਲ 1994 ਤੋਂ ਲੈ ਕੇ ਸਾਲ 2017 ਤੱਕ ਜਿਹੜਾ ਮੂਲ ਰੁਪਿਆ ਸੀ, ਉਹ 12000 ਕਰੋੜ ਰੁਪਿਆ ਸੀ। ਇਨ੍ਹਾਂ 23 ਸਾਲਾਂ ਵਿੱਚ ਇਸ ਤੇ 19000 ਕਰੋੜ ਰੁਪਏ ਦਾ ਵਿਆਜ ਪੈ ਗਿਆ। ਇਸ ਲਾਪਰਵਾਹੀ ਦਾ ਨਤੀਜਾ ਇਹ ਹੋਇਆ ਕਿ ਇਹ 31000 ਕਰੋੜ ਰੁਪਿਆ ਬਣ ਗਿਆ। ਇਸ ਤੋਂ ਬਾਅਦ ਪੰਜਾਬ ਦਾ ਕਰਜ਼ਾ ਮੰਨ ਕੇ ਇਸ ਨੂੰ ਕਰਜ਼ ਦੇ ਰੂਪ ਵਿੱਚ ਦੇਣਾ ਸ਼ੁਰੂ ਕੀਤਾ। ਇੱਕ ਤਾਂ ਅਸੀਂ ਸੈਂਟਰ ਸਰਕਾਰ ਨੂੰ ਅਨਾਜ ਦੇ ਕੇ ਦੇਸ਼ ਦਾ ਢਿੱਡ ਵੀ ਭਰਦੇ ਹਾਂ ਅਤੇ ਨਾਲ ਨਾਲ ਕੇਂਦਰੀ ਪੂਲ ਵਿੱਚ ਅਨਾਜ ਪਾਉਂਦੇ ਹਾਂ ਅਤੇ ਉਸ ਦੀ ਢੋਆ-ਢੁਆਈ ਦਾ

ਖਰਚਾ ਵੀ ਪੰਜਾਬ ਦੇ ਸਿਰ ਪਾਇਆ ਗਿਆ। ਇਸ 31000 ਕਰੋੜ ਰੁਪਏ ਨੂੰ ਸਾਲ 2017 ਵਿੱਚ ਕਰਜ਼ਾ ਮੰਨ ਕੇ ਉਸ ਤੇ ਹੋਰ ਵਿਆਜ ਲਵਾ ਕੇ ਹਰ ਮਹੀਨੇ 270 ਕਰੋੜ ਰੁਪਏ ਦੀ ਕਿਸ਼ਤ ਜਾਂਦੀ ਹੈ ਕਿਉਂਕਿ ਉਸ ਨੂੰ ਅਸੀਂ ਕਰਜ਼ਾ ਮੰਨ ਲਿਆ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਅਸੀਂ 12000 ਕਰੋੜ ਰੁਪਏ ਦੇ ਮੂਲ ਨੂੰ 64000 ਕਰੋੜ ਰੁਪਏ ਬਣਾ ਕੇ ਸੈਂਟਰ ਸਰਕਾਰ ਨੂੰ ਦੇਣਾ ਹੈ। ਇਹ ਸਾਡੀਆਂ ਪਿਛਲੇ ਸਮੇਂ ਦੀਆਂ ਸਰਕਾਰਾਂ ਦੀਆਂ ਕਾਰਗੁਜ਼ਾਰੀਆਂ ਤੇ ਪ੍ਰਸ਼ਨ ਚਿੰਨ ਹੈ। ਇਹ ਚੀਜ਼ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਸੀ ਕਿ ਇਹ ਪੈਸਾ ਕੋਈ ਸਾਡੇ ਤੇ ਨਹੀਂ ਖਰਚਿਆ ਗਿਆ। ਸਪੀਕਰ ਸਾਹਿਬ, ਇਹ ਦੋ-ਚਾਰ ਕਰੋੜ ਰੁਪਏ ਤੋਂ ਸ਼ੁਰੂ ਹੋਇਆ ਹੋਵੇਗਾ ਫਿਰ 100 ਕਰੋੜ ਹੋਇਆ ਹੋਵੇਗਾ ਤੇ ਫਿਰ ਸਾਲ ਦਾ 500 ਕਰੋੜ ਰੁਪਏ ਹੋਇਆ ਹੋਵੇਗਾ ਤੇ ਇਸ ਪ੍ਰਕਾਰ ਫਿਰ 600 ਕਰੋੜ ਰੁਪਏ ਅਨਾਜ ਦੀ ਢੋਆ-ਢੁਆਈ ਦਾ ਖਰਚਾ ਪੰਜਾਬ ਦੇ ਸਿਰ ਪੈਂਦਾ ਰਿਹਾ ਹੈ।

---

## OBSERVATION BY THE SPEAKER

**ਮਾਣਯੋਗ ਸਪੀਕਰ :** ਮੈਂ ਆਪਣੇ ਸਾਰੇ ਮਾਣਯੋਗ ਵਿਧਾਇਕ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਦੋਂ ਵੀ ਕੋਈ ਮੈਂਬਰ ਬੋਲ ਰਿਹਾ ਹੁੰਦਾ ਹੈ, ਉਸ ਦੇ ਅਤੇ ਚੇਅਰ ਦੇ ਵਿਚਕਾਰ ਦੀ ਲੰਘਣਾ ਹਾਊਸ ਦੀ ਅਵਮਾਨਨਾ ਹੁੰਦੀ ਹੈ। ਸੋ, ਇਸ ਚੀਜ਼ ਤੋਂ ਬਚਿਆ ਜਾਵੇ।

---

## MATTERS RAISED DURING ZERO HOUR (*Resumption*)

**ਸ੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ ਗਾਗਾ) :** ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਹਲਕੇ ਦੇ ਵਿੱਚ ਮੂਨਕ ਅਤੇ ਲਹਿਰਾ ਦੋ ਤਹਿਸੀਲਾਂ ਹਨ, ਇਨ੍ਹਾਂ ਦੋਹਾਂ ਵਿੱਚ ਇੱਕ ਤਹਿਸੀਲਦਾਰ, ਇੱਕ ਨਾਇਬ ਤਹਿਸੀਲਦਾਰ ਹੈ। ਇੱਕ ਸਬ-ਤਹਿਸੀਲ ਖਨੌਰੀ ਹੈ, ਉੱਥੇ ਨਾਇਬ ਤਹਿਸੀਲਦਾਰ ਕੰਮ ਕਰਦਾ ਸੀ। ਕੁੱਲ ਮਿਲਾ ਕੇ ਤਿੰਨ ਬੰਦੇ ਕੰਮ ਕਰਦੇ ਸੀ ਜਦਕਿ ਜ਼ਰੂਰਤ ਪੰਜ ਦੀ ਸੀ।

ਅੱਜ ਸਾਰੇ ਹੀ ਉੱਥੋਂ ਬਦਲੇ ਗਏ ਹਨ ਤੇ ਸਾਰਾ ਹੀ ਖਾਲੀ ਪਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਉੱਥੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੀ ਨਿਯੁਕਤੀ ਤੁਰੰਤ ਕੀਤੀ ਜਾਵੇ।

ਇਸ ਤੋਂ ਬਾਅਦ ਮੈਂ ਗੱਲ ਕਰਾਂਗਾ ਕਿ ਸਾਡੇ ਬਿਜਲੀ ਬੋਰਡ ਦੀਆਂ ਲਹਿਰਾ ਤੇ ਮੂਨਕ ਦੋ ਸਬ-ਡਵੀਜ਼ਨਾਂ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਲਹਿਰੇ ਵਿੱਚ ਦੋ ਐਸ.ਡੀ.ਓਜ਼, ਮੂਨਕ ਵਿੱਚ ਦੋ ਐਸ.ਡੀ.ਓਜ਼ ਅਤੇ ਬਾਗਾਂ ਵਿੱਚ 5 ਐਸ.ਡੀ.ਓਜ਼. ਦੀ ਲੋੜ ਹੈ ਜਦ ਕਿ ਉੱਥੇ ਸਿਰਫ ਇੱਕ ਐਸ.ਡੀ.ਓ. ਹੈ। ਜੇ ਐਸ.ਡੀ.ਓ. ਨਹੀਂ ਹੁੰਦਾ ਤਾਂ ਜੇ.ਈ. 1 ਨੂੰ ਚਾਰਜ ਦੇ ਦਿੱਤਾ ਜਾਂਦਾ ਹੈ ਪਰ ਸਾਡੇ ਜੇ.ਈ. ਵੀ ਇੱਕ ਹੈ। ਮੈਂ ਇਸ ਸਬੰਧ ਵਿੱਚ ਦੋ ਜਨਵਰੀ ਨੂੰ ਚੇਅਰਮੈਨ ਸਾਹਿਬ ਨੂੰ ਚਿੱਠੀ ਲਿਖੀ ਸੀ ਪਰ ਅਜੇ ਤੱਕ ਉੱਥੇ ਐਸ.ਡੀ.ਓ., ਜੇ.ਈ 1 ਅਤੇ ਏ.ਆਰ. ਦੀ ਕੋਈ ਨਿਯੁਕਤੀ ਨਹੀਂ ਕੀਤੀ ਗਈ। ਇਸ ਨਾਲ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਸਾਡੇ ਤਹਿਸੀਲ ਅਤੇ ਬਿਜਲੀ ਮਹਿਕਮੇ ਵਿੱਚ ਤੁਰੰਤ ਮੁਲਾਜ਼ਮਾਂ ਦੀ ਗਿਣਤੀ ਪੂਰੀ ਕੀਤੀ ਜਾਵੇ। ਧੰਨਵਾਦ ਜੀ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ):** ਧੰਨਵਾਦ, ਸਪੀਕਰ ਸਾਹਿਬ। ਬੇਨਤੀ ਹੈ ਕਿ ਮੈਂ ਲੋਕ ਹਿੱਤ ਵਿੱਚ ਗੱਲ ਕਰਾਂਗਾ ਅਗਰ ਮੈਂ ਕੋਈ ਸਮਾਜ ਵਿਰੋਧੀ ਗੱਲ ਕਰਾਂ ਤਾਂ ਮੇਰਾ ਦੋ ਮਿੰਟ ਤੋਂ ਪਹਿਲਾਂ ਮਾਈਕ ਬੰਦ ਕਰ ਦਿੱਤਾ ਜਾਵੇ। ਸ੍ਰੀ ਮੁਕਤਸਰ ਸਾਹਿਬ ਤੋਂ ਵਿਧਾਇਕ ਬਰਾੜ ਸਾਹਿਬ ਨੇ ਗੱਲ ਕੀਤੀ ਸੀ ਕਿ ਪਿੰਡਾਂ ਵਿੱਚ ਨਰੇਗਾ ਸਕੀਮ ਹੋਣ ਕਾਰਨ ਦਿਹਾੜੀਦਾਰਾਂ ਨੂੰ ਕੰਮ ਮਿਲ ਜਾਂਦਾ ਹੈ, ਸ਼ਹਿਰਾਂ ਵਿੱਚ ਅਜਿਹਾ ਕੁਝ ਨਹੀਂ ਹੈ। ਉੱਥੇ ਰਿਕਸ਼ਾ ਚਾਲਕ, ਰੇਹੜੀ ਚਾਲਕ ਸਾਰੇ ਮਜਬੂਰ ਹਨ, ਉਨ੍ਹਾਂ ਨੂੰ ਕੰਮ ਨਹੀਂ ਮਿਲਦਾ। ਇਸ ਗੱਲ ਵੱਲ ਗੌਰ ਕੀਤੀ ਜਾਣੀ ਬਣਦੀ ਹੈ। ਜੇ ਅਸੀਂ ਨਰੇਗਾ ਸਕੀਮ ਰਾਹੀਂ ਪਿੰਡਾਂ ਵਿੱਚ ਰੁਜ਼ਗਾਰ ਦੇ ਸਕਦੇ ਹਾਂ ਤਾਂ ਸ਼ਹਿਰਾਂ ਵਿੱਚ ਵੀ ਇਸ ਤਰ੍ਹਾਂ ਦਾ ਕੋਈ ਬੰਦੋਬਸਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਵੀ ਦਿਹਾੜੀ ਮਿਲ ਜਾਵੇ, ਨਹੀਂ ਤਾਂ ਨੌਜਵਾਨ ਬੱਚਿਆਂ ਨੂੰ ਜਦੋਂ ਕੋਈ ਕੰਮ ਕਾਰ ਨਹੀਂ ਮਿਲਦਾ ਤਾਂ ਉਹ ਕੁਰਾਹੇ ਪੈ ਜਾਂਦੇ ਹਨ ਅਤੇ ਨਸ਼ਿਆਂ ਵਾਲੇ ਪਾਸੇ ਪੈ ਜਾਂਦੇ ਹਨ। ਮੇਰੀ ਇਹੀ ਬੇਨਤੀ ਹੈ ਕਿ ਜਿਸ ਤਰ੍ਹਾਂ ਪਿੰਡਾਂ ਵਿੱਚ ਨਰੇਗਾ ਸਕੀਮ ਹੈ, ਸ਼ਹਿਰਾਂ ਵਿੱਚ ਵੀ

ਇਸ ਦਾ ਕੋਈ ਹੋਰ ਨਾਮ ਰੱਖ ਕੇ ਇਸ ਤਰ੍ਹਾਂ ਦਾ ਕੋਈ ਪ੍ਰਾਵਧਾਨ ਕੀਤਾ ਜਾਵੇ ਤਾਂ ਕਿ ਉੱਥੇ ਕੰਮ ਕਰਨ ਵਾਲਿਆਂ ਨੂੰ ਵੀ ਰੁਜ਼ਗਾਰ ਮਿਲ ਸਕੇ। ਸ਼ਹਿਰਾਂ ਵਿੱਚ ਆਮ ਤੌਰ ਤੇ ਦਿਹਾੜੀਦਾਰ ਪਿੰਡਾਂ ਵਿੱਚੋਂ ਹੀ ਜਾਂਦੇ ਹਨ। ਉਹ ਰੋਟੀ ਨਾਲ ਲੈ ਕੇ ਜਾਂਦੇ ਹਨ। ਉਨ੍ਹਾਂ ਨੂੰ ਉੱਥੇ ਦਿਹਾੜੀ ਨਹੀਂ ਮਿਲਦੀ ਅਤੇ ਉਹ ਖਾਲੀ ਹੱਥ ਸ਼ਾਮ ਨੂੰ ਘਰ ਮੁੜ ਆਉਂਦੇ ਹਨ। ਸਵੇਰੇ ਘਰੋਂ ਰੋਟੀ ਲੈ ਕੇ ਸ਼ਾਮ ਨੂੰ ਉਹ, ਉਹੀ ਰੋਟੀ ਖਾ ਕੇ ਹੀ ਘਰ ਮੁੜ ਆਉਂਦੇ ਹਨ। ਇਹ ਉਨ੍ਹਾਂ ਦੀ ਮਜਬੂਰੀ ਹੈ। ਦਿਹਾੜੀਦਾਰ ਕਾਮਿਆਂ ਨੂੰ ਘੱਟੋ-ਘੱਟ 645/- ਰੁਪਏ ਦਿਹਾੜੀ ਦਿੱਤੀ ਜਾਂਦੀ ਹੈ ਪਰ ਅਸੀਂ ਸਾਰੇ ਹੀ ਮਜ਼ਦੂਰ ਦਾ ਹੱਕ ਖਾ ਰਹੇ ਹਾਂ ਕਿਉਂਕਿ ਕੋਈ ਵੀ ਉਨ੍ਹਾਂ ਨੂੰ 300/- ਰੁਪਏ ਤੋਂ ਵੱਧ ਦਿਹਾੜੀ ਨਹੀਂ ਦਿੰਦਾ। ਖਾਸ ਕਰਕੇ ਜਿਹੜਾ ਠੇਕੇਦਾਰ ਭਾਈਚਾਰਾ ਹੈ, ਜਿੰਨਾ ਉਹ ਠੇਕਾ ਲੈਂਦੇ ਹਨ, ਮੈਟੀਰੀਅਲ ਤਾਂ ਉਨਾ ਪਾਉਣਾ ਹੀ ਪੈਂਦਾ ਹੈ, ਉਹ ਇਨ੍ਹਾਂ ਨੂੰ 645/- ਦੀ ਜਗ੍ਹਾ 300/- ਰੁਪਿਆ ਦਿਹਾੜੀ ਹੀ ਦਿੰਦੇ ਹਨ।

ਇੱਕ ਹੋਰ ਬੜਾ ਸੰਵੇਦਨਸ਼ੀਲ ਮੁੱਦਾ ਹੈ। ਮੇਰੇ ਸਾਰੇ ਵਿਧਾਇਕ ਸਾਥੀ ਵੀ ਸਹਿਮਤ ਹੋਣਗੇ ਕਿ ਪੰਜਾਬ ਹੋਮ ਗਾਰਡ ਦਾ ਜਵਾਨ 58 ਸਾਲ ਨੌਕਰੀ ਕਰਨ ਤੋਂ ਬਾਅਦ ਸੇਵਾ ਮੁਕਤ ਕੀਤਾ ਜਾਂਦਾ ਹੈ। ਉਸ ਨੂੰ ਨੌਕਰੀ ਤੋਂ ਬਾਅਦ ਕੋਈ ਸਹੂਲਤ ਨਹੀਂ ਦਿੱਤੀ ਜਾਂਦੀ। ਜੇ ਬੁਢਾਪਾ ਪੈਨਸ਼ਨ ਲਗਦੀ ਹੈ ਤਾਂ ਉਹ ਵੀ 65 ਸਾਲ ਤੋਂ ਬਾਅਦ ਲਗਦੀ ਹੈ। ਸਰ, 58 ਤੋਂ 65 ਸਾਲ ਤੱਕ ਦੀ ਉਮਰ ਤੱਕ ਉਹ ਕੀ ਖਾਵੇਗਾ? ਉਹ ਹੋਰ ਦਿਹਾੜੀ ਕਰਨ ਲਈ ਮੁਥਾਜ ਹੋ ਜਾਂਦਾ ਹੈ। ਉਨ੍ਹਾਂ ਲਈ ਵੀ ਕੋਈ ਗੁਜ਼ਾਰਾ ਭੱਤਾ ਲਾਗੂ ਕੀਤਾ ਜਾਵੇ। ਮੈਂ ਨਹੀਂ ਕਹਿੰਦਾ ਕਿ 5000/-ਜਾਂ 10,000/- ਰੁਪਿਆ ਦਿੱਤਾ ਜਾਵੇ। ਜਿੰਨਾ ਵੀ ਮਾਣਯੋਗ ਮੁੱਖ ਮੰਤਰੀ ਸਾਹਿਬ ਜਾਂ ਸਾਰੇ ਵਿਧਾਇਕ ਰਲ ਕੇ ਰਾਏ ਕਰਕੇ ਦੱਸਣਗੇ, ਉਨ੍ਹਾਂ ਨੂੰ ਗੁਜ਼ਾਰਾ ਭੱਤਾ ਦਿੱਤਾ ਜਾਣਾ ਬਣਦਾ ਹੈ ਤਾਂ ਕਿ ਉਹ ਵੀ ਮਾਣ ਮਹਿਸੂਸ ਕਰਨ ਕਿ 58 ਸਾਲ ਤੋਂ ਬਾਅਦ ਉਨ੍ਹਾਂ ਨੂੰ ਗੁਜ਼ਾਰਾ ਭੱਤਾ ਮਿਲਿਆ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਮੈਂ ਅੱਜ ਸਦਨ ਦਾ ਧਿਆਨ ਜੰਗ-ਏ-ਆਜ਼ਾਦੀ ਦੇ ਮਹਾਂਨਾਇਕ, ਗਦਰ ਪਾਰਟੀ ਦੇ ਮਹਾਨ ਸੂਰਮੇ 7 ਜੁਲਾਈ, 1878 ਨੂੰ ਜਨਮੇ, 1914 ਤੋਂ ਲੈ ਕੇ 1931 ਤੱਕ ਜੇਲ੍ਹਾਂ ਕੱਟਣ ਵਾਲੇ, ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਕੈਦੀ

ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੱਲ ਲਿਆਉਣਾ ਚਾਹੁੰਦਾ ਹਾਂ, ਜਿਨ੍ਹਾਂ ਦੀ ਯਾਦਗਾਰ ਉਨ੍ਹਾਂ ਦੇ ਜੱਦੀ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ ਵਿਖੇ ਮਿਤੀ 15.11.2000 ਨੂੰ ਬਣਨੀ ਸ਼ੁਰੂ ਹੋਈ ਸੀ ਪਰ ਅਫਸੋਸ ਇਸ ਮਹਾਂਨਾਇਕ ਦੀ ਯਾਦਗਾਰ ਅਜੇ ਵੀ ਅਧੂਰੀ ਹੈ। ਇਸ ਯਾਦਗਾਰ ਨੂੰ ਬਣਾਉਣ ਲਈ ਡੇਢ ਕਰੋੜ ਰੁਪਏ ਦਾ ਖਰਚਾ ਮਿੱਥਿਆ ਗਿਆ ਸੀ ਅਤੇ ਇੱਕ ਏਕੜ ਜ਼ਮੀਨ ਟਰੱਸਟ ਵੱਲੋਂ ਮੁਹੱਈਆ ਕਰਵਾਈ ਗਈ ਸੀ ਪਰ ਇਹ ਇਮਾਰਤ ਅੱਜ ਵੀ ਅਧੂਰੀ ਹੈ ਅਤੇ ਖੰਡਰ ਬਣਦੀ ਜਾ ਰਹੀ ਹੈ। ਇਸ ਨੂੰ ਜਲਦ ਪੂਰਾ ਕਰਕੇ ਸਾਡੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨਾ ਸਾਡਾ ਸਾਰਿਆਂ ਦਾ ਹੀ ਮੁੱਢਲਾ ਫਰਜ਼ ਹੈ। ਇਸ ਯਾਦਗਾਰ ਬਣਨ ਨਾਲ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਨਾਇਕ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਸੇਧ ਮਿਲੇਗੀ ਅਤੇ ਜੰਗ-ਏ-ਆਜ਼ਾਦੀ ਦੇ ਘੋਲ ਵਿੱਚ ਪਾਏ ਯੋਗਦਾਨ ਦਾ ਵੀ ਸਾਡੀ ਨੌਜਵਾਨੀ ਨੂੰ ਪਤਾ ਲੱਗ ਸਕੇਗਾ। ਸੋ, ਮੈਂ ਆਪ ਜੀ ਨੂੰ ਸਪੈਸ਼ਲ ਤੌਰ ਤੇ ਬੇਨਤੀ ਕਰਦਾ ਹਾਂ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਜਿਹੜੀ ਯਾਦਗਾਰ ਅਧੂਰੀ ਹੈ, ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਉਸ ਯਾਦਗਾਰ ਨੂੰ ਅਸੀਂ ਪੂਰੀ ਕਰਵਾਈਏ। ਧੰਨਵਾਦ ਜੀ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ):** ਧੰਨਵਾਦ, ਸਪੀਕਰ ਸਾਹਿਬ। ਮੈਂ ਅੱਜ ਸਦਨ ਨੂੰ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ ਹਾਲੇ ਤੱਕ ਖਤਮ ਨਹੀਂ ਹੋ ਸਕੀ ਹੈ। ਹੁਣ ਨਵਾਂ ਅਕੈਡਮਿਕ ਸੈਸ਼ਨ ਆ ਰਿਹਾ ਹੈ, ਜਿਸ ਵਿੱਚ ਬੱਚਿਆਂ ਤੋਂ ਹੀ ਐਨੂਅਲ ਫੰਡ, ਬਿਲਡਿੰਗ ਫੰਡ ਅਤੇ ਹੋਰ ਕਈ ਤਰ੍ਹਾਂ ਦੇ ਫੰਡ ਨਜਾਇਜ਼ ਰੂਪ ਵਿੱਚ ਵਸੂਲੇ ਜਾ ਰਹੇ ਹਨ। ਕੋਵਿਡ ਦੇ ਸਮੇਂ ਦੀਆਂ ਹਾਲੇ ਤੱਕ ਇਨ੍ਹਾਂ ਬੱਚਿਆਂ ਦੀਆਂ ਬਕਾਇਆ ਰਾਸ਼ੀਆਂ ਕੱਢੀਆਂ ਜਾ ਰਹੀਆਂ ਹਨ ਅਤੇ ਨਾ ਦੇਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਰਿਜ਼ਲਟ ਨਹੀਂ ਦਿੱਤੇ ਜਾ ਰਹੇ। ਇਸ ਵਾਸਤੇ ਸਾਨੂੰ ਸਾਰਿਆਂ ਨੂੰ ਕੰਮ ਕਰਨ ਦੀ ਜ਼ਰੂਰਤ ਹੈ।

ਇਸ ਦੇ ਨਾਲ ਹੀ ਪਿਛਲੇ ਸਾਲ ਜਿਹੜਾ ਅਸੀਂ ਸਕੂਲਾਂ ਵਿੱਚੋਂ ਕਿਤਾਬਾਂ ਅਤੇ ਡਰੈੱਸ ਮਿਲਣ ਦਾ ਪ੍ਰਾਵਧਾਨ ਬਣਾਇਆ ਸੀ ਕਿ 10-10 ਦੁਕਾਨਾਂ ਤੋਂ ਸਾਨੂੰ ਇਹ ਕਿਤਾਬਾਂ ਅਤੇ ਡਰੈੱਸ ਮਿਲਣੀ ਚਾਹੀਦੀ ਹੈ, ਇਸ ਨੂੰ ਯਕੀਨੀ ਬਣਾਇਆ ਜਾਵੇ ਕਿਉਂਕਿ ਇਹ ਮੁੱਦਾ ਇਕੱਲੇ ਸਾਡੇ ਜਲੰਧਰ ਦਾ ਨਹੀਂ ਹੈ, ਪੂਰੇ ਪੰਜਾਬ ਦਾ ਮੁੱਦਾ

ਹੈ। ਨਵੇਂ ਅਕੈਡਮਿਕ ਸ਼ੈਸ਼ਨ ਕਾਰਨ ਹੁਣ ਦਾਖਲੇ ਸ਼ੁਰੂ ਹੋਣੇ ਹਨ ਪਰ ਜਿਹੜੀ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ ਹੈ, ਇਸ ਤੇ ਥੋੜ੍ਹੀ ਜਿਹੀ ਨਕੇਲ ਕੱਸੀ ਜਾਵੇ ਤਾਂ ਕਿ ਹਰ ਵਰਗ ਦੇ ਲੋਕਾਂ ਨੂੰ ਇਸ ਦਾ ਫਾਇਦਾ ਮਿਲੇ। ਧੰਨਵਾਦ।

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ)**: ਸਰ, ਵਿਧਾਨ ਸਭਾ ਸੈਸ਼ਨ ਦੌਰਾਨ ਸੀ.ਐਮ. ਸਾਹਿਬ ਨੇ ਸੁਜਾਨਪੁਰ ਵਾਸਤੇ ਬੱਸ ਸਟੈਂਡ ਦਾ ਆਸ਼ਵਾਸਨ ਦਿੱਤਾ ਸੀ ਪਰ ਹੁਣ ਤਕਰੀਬਨ ਦੋ ਸਾਲ ਹੋ ਗਏ ਹਨ, ਲੋਕਾਂ ਨੂੰ ਉਮੀਦ ਜਾਗੀ ਸੀ ਕਿ ਬੱਸ ਸਟੈਂਡ ਬਣੇਗਾ ਪਰ ਸੁਜਾਨਪੁਰ ਦੀ ਬੜੀ ਬਦਕਿਸਮਤੀ ਹੈ ਕਿ ਬੱਸ ਸਟੈਂਡ ਦਾ ਮਸਲਾ ਨੇਪਰੇ ਨਹੀਂ ਚੜ੍ਹਿਆ ।

ਸਰ, ਮੈਂ ਦੂਸਰੀ ਗੱਲ ਕਰਾਂਗਾ ਕਿ ਥੀਨ ਡੈਮ ਪੰਜਾਬ ਨੂੰ ਬੜੀ ਕਮਾਈ ਕਰਕੇ ਦੇ ਰਿਹਾ ਹੈ, ਬਿਜਲੀ ਪੈਦਾ ਕਰਕੇ ਦੇ ਰਿਹਾ ਹੈ ਪਰ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਉਸ ਡੈਮ/ਝੀਲ ਵਿੱਚ ਆਈਆਂ ਸਨ, ਉਨ੍ਹਾਂ ਡੈਮ ਔਸਟੀਜ਼ ਨੂੰ ਲੜਦਿਆਂ ਕਿੰਨੇ ਸਾਲ ਹੋ ਗਏ ਹਨ, ਉਹ ਕਈ ਵਾਰ ਟੈਂਕੀਆਂ ਤੇ ਚੜ੍ਹ ਜਾਂਦੇ ਹਨ ਅਤੇ ਇਹ ਸਰਕਾਰ ਵਾਸਤੇ ਵੀ ਬੜੀ embarrassing position ਹੁੰਦੀ ਹੈ। ਇਸ ਮੁੱਦੇ ਤੇ ਵੀ ਖਿਆਲ ਕੀਤਾ ਜਾਵੇ।

ਸਰ, ਮੈਂ ਤੁਹਾਡਾ ਧਿਆਨ ਤੀਸਰੀ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਸਰਕਾਰੀ ਅਦਾਰੇ ਹਨ, ਉਹ ਆਊਟ ਸੋਰਸ ਮੁਲਾਜ਼ਮ ਰੱਖਣ ਲਈ ਕਈ ਕੰਪਨੀਆਂ ਨੂੰ ਠੇਕੇ ਦੇ ਦਿੰਦੇ ਹਨ। ਸਰ, ਜਦੋਂ ਆਊਟ ਸੋਰਸ ਮੁਲਾਜ਼ਮ ਰੱਖੇ ਜਾਂਦੇ ਹਨ ਤਾਂ pick and choose ਦੀ ਪਾਲਿਸੀ ਅਪਣਾਈ ਜਾਂਦੀ ਹੈ। ਉਸ ਦੇ ਵਿੱਚ ਕਈ capable candidate ਰਹਿ ਜਾਂਦੇ ਹਨ, ਜਿਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਨਹੀਂ ਮਿਲਦਾ। ਜਿਹੜੇ ਆਊਟ ਸੋਰਸ ਮੁਲਾਜ਼ਮ ਹਨ, ਉਨ੍ਹਾਂ ਦਾ ਸ਼ੋਸ਼ਣ ਵੀ ਹੁੰਦਾ ਹੈ। ਕਈ ਵਾਰ ਕੰਪਨੀਆਂ ਉਨ੍ਹਾਂ ਦੀ ਪਹਿਲੀ ਤਨਖਾਹ ਰੱਖ ਲੈਂਦੀਆਂ ਹਨ। ਮੈਂ ਸਰਕਾਰ ਅੱਗੇ ਇਹੀ ਬੇਨਤੀ ਕਰਾਂਗਾ ਕਿ ਸਰਕਾਰ ਆਊਟ ਸੋਰਸ ਮੁਲਾਜ਼ਮਾਂ ਦੀ ਭਰਤੀ ਆਪਣੇ ਹੱਥ ਵਿੱਚ ਲਵੇ ਅਗਰ ਕਿਸੇ ਅਦਾਰੇ ਨੂੰ ਆਊਟ ਸੋਰਸ ਮੁਲਾਜ਼ਮ ਦੀ ਲੋੜ ਹੁੰਦੀ ਹੈ ਤਾਂ ਉਸ ਸਬੰਧੀ ਪਰਾਪਰਲੀ ਇਸ਼ਤਿਹਾਰ ਨਿਕਲੇ ਤਾਂ ਜੋ capable candidate ਨੂੰ ਰੁਜ਼ਗਾਰ ਮਿਲ ਸਕੇ। ਧੰਨਵਾਦ।

**ਸਰਦਾਰ ਗੁਰਦੇਵ ਸਿੰਘ ਦੇਵ ਮਾਨ (ਨਾਭਾ, ਐਸ.ਸੀ.)**: ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਆਪਣੇ ਹਲਕੇ ਵਿਧਾਨ ਸਭਾ ਨਾਭਾ ਦੀ ਗੱਲ ਕਰਾਂਗਾ। ਨਾਭਾ ਰਿਆਸਤੀ ਸ਼ਹਿਰ ਹੈ, ਇਹ ਮਹਾਰਾਜਾ ਹੀਰਾ ਸਿੰਘ ਜੀ ਦਾ ਵਸਾਇਆ ਸ਼ਹਿਰ ਹੈ। ਇਸ ਸ਼ਹਿਰ ਦੇ ਨਾਲ ਨਾਲ 6-7 outer colonies ਹਨ, ਜਿਹੜੀਆਂ ਲੋਕ ਸਭਾ ਚੋਣਾਂ ਵਿੱਚ ਵੀ ਵੋਟ ਪਾਉਂਦੀਆਂ ਹਨ, ਵਿਧਾਨ ਸਭਾ ਚੋਣਾਂ ਵਿੱਚ ਐਮ.ਐਲ.ਏਜ਼. ਨੂੰ ਵੋਟ ਪਾਉਂਦੀਆਂ ਹਨ ਪਰ ਨਾ ਉੱਥੇ ਪੰਚਾਇਤ ਹੈ, ਨਾ ਨਗਰ ਪੰਚਾਇਤ ਹੈ ਅਤੇ ਨਾ ਹੀ ਨਗਰ ਕੌਂਸਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਉਥੇ ਸਾਰੇ ਗਰੀਬ ਲੋਕ ਰਹਿੰਦੇ ਹਨ, ਨਾ ਤਾਂ ਉਥੇ ਸੀਵਰੇਜ ਹੈ, ਨਾ ਸਟਰੀਟ ਲਾਈਟ ਹੈ, ਨਾ ਹੀ ਪੀਣ ਵਾਲਾ ਪਾਣੀ ਹੈ, ਨਾ ਕੋਈ ਸੜਕ ਅਤੇ ਨਾ ਹੀ ਕੋਈ ਗਲੀ ਹੈ। ਉਥੇ ਬੇਸਿਕ ਐਮੇਨਟੀਜ਼ ਵਿਚੋਂ ਕੁਝ ਵੀ ਨਹੀਂ ਹੈ। ਮੈਂ ਲਿਖਤੀ ਰੂਪ ਵਿੱਚ ਵੀ ਇਹ ਗੱਲ ਡਿਪਾਰਟਮੈਂਟ ਦੇ ਧਿਆਨ ਵਿੱਚ ਲਿਆਂਦੀ ਸੀ ਕਿ ਇਹ ਜਿਹੜੀਆਂ 07 outer colonies ਹਨ, ਜਿਸ ਵਿੱਚ ਆਸਾ ਰਾਮ ਕਲੋਨੀ, ਵਿਕਾਸ ਕਲੋਨੀ, ਡਿਫੈਂਸ ਕਲੋਨੀ ਆਦਿ ਸ਼ਾਮਿਲ ਹਨ, ਇਨ੍ਹਾਂ ਨੂੰ ਨਗਰ ਕੌਂਸਲ, ਨਾਭਾ ਵਿੱਚ ਸ਼ਾਮਲ ਕੀਤਾ ਜਾਵੇ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਨ੍ਹਾਂ ਨੂੰ ਵੱਖਰੇ ਤੌਰ ਤੇ ਪੰਚਾਇਤਾਂ ਬਣਾ ਦਿੱਤੀਆਂ ਜਾਣ ਤਾਂ ਕਿ ਇਨ੍ਹਾਂ ਦੀ ਡਿਵੈਲਪਮੈਂਟ ਪਰਾਪਰ ਤਰੀਕੇ ਦੇ ਨਾਲ ਹੋ ਸਕੇ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਗ ਕਰਦਾ ਹਾਂ ਕਿ ਇਹ ਕੰਮ ਬਹੁਤ ਜਲਦ ਹੋਣਾ ਚਾਹੀਦਾ ਹੈ। ਇਹ ਗਰੀਬ ਲੋਕ ਹਨ ਅਤੇ ਸਾਡੇ ਕੋਲ ਆਉਂਦੇ ਹਨ। ਪਿਛਲੀਆਂ ਸਰਕਾਰਾਂ ਦੇ ਸਮੇਂ ਵੀ ਉਨ੍ਹਾਂ ਨੂੰ ਬਹੁਤ ਲਾਰੇ ਲਗਾਏ ਗਏ ਕਿ ਤੁਹਾਡੇ ਲਈ ਇਹ ਕਰ ਦਿਆਂਗੇ, ਉਹ ਕਰ ਦਿਆਂਗੇ ਪਰ ਅਸੀਂ ਕਿਹਾ ਹੈ ਕਿ ਅਸੀਂ ਜ਼ਰੂਰ ਤੁਹਾਡੇ ਲਈ ਕੁਝ ਨਾ ਕੁਝ ਕਰਾਂਗੇ। ਸੋ, ਮੈਂ ਉਮੀਦ ਕਰਦਾ ਹਾਂ ਕਿ ਬਹੁਤ ਜਲਦ ਜਿਹੜੀਆਂ ਇਹ ਸ਼ਹਿਰ ਦੇ ਨਾਲ ਲਗਦੀਆਂ unauthorized colonies ਹਨ, ਉਨ੍ਹਾਂ ਨੂੰ ਜਾਂ ਤਾਂ ਪੰਚਾਇਤ ਬਣਾਇਆ ਜਾਵੇ ਜਾਂ ਨਗਰ ਕੌਂਸਲ, ਨਾਭਾ ਵਿੱਚ ਸ਼ਾਮਲ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਜਗਸੀਰ ਸਿੰਘ (ਭੁੱਚੋ ਮੰਡੀ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਸਦਨ ਵਿੱਚ ਬੋਲਣ ਦਾ ਸਮਾਂ ਦਿੱਤਾ। ਪਹਿਲੀ ਵਾਰੀ ਟਾਈਮ ਖਤਮ ਹੋ ਗਿਆ ਸੀ। ਇੱਕ ਗੋਨਿਆਣਾ ਮੰਡੀ ਤੋਂ ਵਾਇਆ ਅਬਲੂ ਸ੍ਰੀ ਮੁਕਤਸਰ ਸਾਹਿਬ ਸੜਕ ਜਾਂਦੀ ਹੈ, ਉਸ ਰਸਤੇ ਵਿੱਚ ਇੱਕ ਡਰੇਨ ਆਉਂਦੀ ਹੈ, ਜਿਸ ਉਤੇ ਪੁਲ ਨਹੀਂ ਬਣਿਆ ਹੋਇਆ। ਉਸ ਇਲਾਕੇ ਦੇ ਲੋਕਾਂ ਦੀਆਂ ਜ਼ਮੀਨਾਂ ਡਰੇਨ ਤੋਂ ਅਗਲੇ ਪਾਸੇ ਪੈਂਦੀਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚ ਪਹੁੰਚਣ ਲਈ 10-15 ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਕਿਸੇ ਹੋਰ ਰਸਤੇ ਰਾਹੀਂ ਜਾਣਾ ਪੈਂਦਾ ਹੈ। ਸੋ, ਕਿਰਪਾ ਕਰਕੇ ਉਸ ਡਰੇਨ ਤੇ ਪੁਲ ਬਣਾਇਆ ਜਾਵੇ।

ਸਪੀਕਰ ਸਾਹਿਬ, ਪਿਛਲੇ ਦੋ ਮਾਰਚ ਨੂੰ ਉੱਧਰ ਇਕ ਹੋਰ ਕੁਦਰਤੀ ਆਫਤ ਆ ਗਈ, ਜਿਸ ਦੌਰਾਨ 10-12 ਪਿੰਡਾਂ ਵਿਚ ਗੜ੍ਹੇਮਾਰੀ ਹੋ ਗਈ ਅਤੇ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਗਿਆ। ਸਰਕਾਰ ਵੱਲੋਂ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। ਧੰਨਵਾਦ ਕਹਾਂ ਜੀ ਜਾਂ ਨਹੀਂ?

**ਮਾਣਯੋਗ ਸਪੀਕਰ**: ਤੁਸੀਂ ਹੋਰ ਬੋਲ ਲਵੋ। (ਹਾਸਾ)

**ਸਰਦਾਰ ਜਗਸੀਰ ਸਿੰਘ**: ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਪਿੰਡ ਲਹਿਰਾ ਮੁਹੱਬਤ ਵਿਖੇ ਪਿਛਲੀ ਸਰਕਾਰ ਨੇ ਗਰਾਮ ਪੰਚਾਇਤ ਤੋੜ ਕੇ ਨਗਰ ਪੰਚਾਇਤ ਬਣਾ ਦਿੱਤੀ ਸੀ। ਸਾਲ 2022 ਦੀਆਂ ਵੋਟਾਂ ਵੇਲੇ ਉਨ੍ਹਾਂ ਲੋਕਾਂ ਨੇ ਕਿਹਾ ਸੀ ਕਿ ਉਥੇ ਨਗਰ ਪੰਚਾਇਤ ਨੂੰ ਤੁੜਵਾ ਕੇ ਗਰਾਮ ਪੰਚਾਇਤ ਬਣਾਈ ਜਾਵੇ ਤੇ ਅਸੀਂ ਤੁਹਾਨੂੰ ਵੋਟਾਂ ਪਾਵਾਂਗੇ ਤਾਂ ਉਸ ਪਿੰਡ ਨੇ ਲਗਭਗ 66% ਵੋਟਾਂ ਆਮ ਆਦਮੀ ਪਾਰਟੀ ਨੂੰ ਪਾ ਕੇ ਜਿੱਤ ਦਿਵਾਈ। ਉਨ੍ਹਾਂ ਲੋਕਾਂ ਦੀ ਪੁਰਜ਼ੋਰ ਅਪੀਲ ਹੈ ਕਿ ਉੱਥੇ ਗਰਾਮ ਪੰਚਾਇਤ ਬਣਾ ਕੇ ਨਗਰ ਪੰਚਾਇਤ ਡੀ-ਨੋਟੀਫਾਈ ਕੀਤੀ ਜਾਵੇ। ਇਸ ਸਬੰਧ ਵਿਚ ਫਾਈਲ, ਸਾਰੇ ਪਿੰਡ ਦੇ ਲੋਕਾਂ ਦੇ ਦਸਤਖਤਾਂ ਦੇ ਨਾਲ, ਲੋਕਲ ਬਾਡੀਜ਼ ਦੇ ਦਫਤਰ ਵਿਚ ਪਿਛਲੇ ਡੇਢ ਸਾਲ ਤੋਂ ਦਿੱਤੀ ਹੋਈ ਹੈ, ਉਹ ਫਾਈਲ ਅਜੇ ਤੱਕ ਉਥੇ ਹੀ ਰੁਲਦੀ ਫਿਰਦੀ ਹੈ, ਉਸ ਦਾ ਕੋਈ ਨਿਪਟਾਰਾ ਨਹੀਂ ਹੋਇਆ। ਮੈਂ ਇੱਕ-ਦੋ ਵਾਰੀ ਆਪਣੇ ਲੋਕਲ ਬਾਡੀਜ਼ ਮੰਤਰੀ, ਸਰਦਾਰ ਬਲਕਾਰ ਸਿੰਘ ਨੂੰ ਮਿਲ ਕੇ ਵੀ ਇਸ ਬਾਰੇ ਗੱਲ ਕੀਤੀ ਹੈ ਕਿ ਇੱਥੇ ਗ੍ਰਾਮ ਪੰਚਾਇਤ ਬਣਾਈ ਜਾਵੇ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਜ਼ਰੀਏ ਮਾਣਯੋਗ ਮੰਤਰੀ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ 10-12 ਨਹਿਰੀ ਵਿਸ਼ਰਾਮ ਘਰਾਂ ਉਤੇ ਕੰਮ ਚੱਲ ਰਿਹਾ ਹੈ। ਕਾਫੀ ਨਹਿਰੀ ਵਿਸ਼ਰਾਮ ਘਰ ਬਹੁਤ ਰਮਣੀਕ ਜਗ੍ਹਾ ਉਤੇ ਬਣੇ ਹੋਏ ਹਨ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਪਿੰਡ ਗਹਿਲ ਇਕ ਇਤਿਹਾਸਕ ਨਗਰ ਹੈ, ਜਿੱਥੇ ਵੱਡਾ ਘੱਲੂਘਾਰਾ ਸਮਾਪਤ ਹੋਇਆ ਸੀ। ਇਹ ਸਥਾਨ 12 ਕਿੱਲਿਆਂ ਵਿੱਚ ਬਣਿਆ ਹੋਇਆ ਹੈ। ਮੈਂ ਕੱਲ੍ਹ ਉਥੇ ਜਾ ਕੇ ਦੇਖਿਆ ਹੈ ਕਿ ਉਸ ਜਗ੍ਹਾ ਤੇ ਮੋਰ ਆਦਿਕ ਕਈ ਪੰਛੀ ਤੇ ਇੰਨੇ ਹੀ ਪ੍ਰਕਾਰ ਦੇ ਜਾਨਵਰ ਮੌਜੂਦ ਹਨ। ਮੈਂ ਅੱਜ ਤੱਕ ਕਦੇ ਇਹੋ ਜਿਹੀ ਜਗ੍ਹਾ ਨਹੀਂ ਦੇਖੀ ਲੇਕਿਨ ਉਹ ਜਗ੍ਹਾ ਖੰਡਰ ਬਣੀ ਪਈ ਹੈ। ਸਪੀਕਰ ਸਾਹਿਬ, ਜਿੱਥੇ ਸਰਕਾਰ 10-12 ਨਹਿਰੀ ਘਰਾਂ ਨੂੰ ਡਿਵੈਲਪ ਕਰ ਰਹੀ ਹੈ, ਉੱਥੇ ਹੀ ਅਸੀਂ ਬਾਕੀ ਸਾਰੇ ਨਹਿਰੀ ਘਰਾਂ ਨੂੰ ਚੰਗੀ ਤਰ੍ਹਾਂ ਡਿਵੈਲਪ ਕਰਕੇ ਪ੍ਰਾਈਵੇਟ ਤੌਰ ਤੇ ਲੀਜ਼ ਉਤੇ ਦੇ ਸਕਦੇ ਹਾਂ ਜਾਂ ਜਿਵੇਂ ਸਰਕਾਰ ਕਰ ਸਕਦੀ ਹੈ। ਕਹਿਣ ਦਾ ਭਾਵ, ਉਨ੍ਹਾਂ ਵਿਸ਼ਰਾਮ ਘਰਾਂ ਨੂੰ ਡਿਵੈਲਪ ਕਰਨ ਦੀ ਲੋੜ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.)** : ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਦਾ ਧਿਆਨ ਪੰਜਾਬ ਦੇ ਆਰ.ਐਮ.ਪੀ. ਡਾਕਟਰਾਂ ਨਾਲ ਜੁੜੇ ਲਗਭਗ ਦੋ ਤੋਂ ਢਾਈ ਲੱਖ ਲੋਕਾਂ ਦੇ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਸਰ, ਉਹ ਦੋ-ਤਿੰਨ ਵਾਰੀ ਮੰਗ ਪੱਤਰ ਵੀ ਦੇ ਚੁੱਕੇ ਹਨ, ਉਹ ਚਾਹੁੰਦੇ ਹਨ ਕਿ ਸਾਨੂੰ ਕਿਸੇ ਨਾ ਕਿਸੇ ਕੈਟਾਗਰੀ ਵਿਚ ਲਿਆ ਕੇ ਸਾਡੀਆਂ ਸੇਵਾਵਾਂ ਲਈਆਂ ਜਾਣ।

ਮੇਰੀ ਦੂਜੀ ਬੇਨਤੀ ਹੈ ਕਿ ਹਲਕਾ ਬਾਬਾ ਬਕਾਲਾ ਅਧੀਨ ਆਉਂਦੀਆਂ ਦੋ ਸੜਕਾਂ, ਜਿਹੜੀਆਂ ਲਗਭਗ 11 ਤੋਂ 12 ਸਾਲ ਪਹਿਲਾਂ ਬਣੀਆਂ ਹਨ, ਉਨ੍ਹਾਂ ਵਿਚ ਇੰਨੇ ਵੱਡੇ ਟੋਏ ਪੈ ਗਏ ਹਨ ਕਿ ਲੰਘਣਾ ਮੁਸ਼ਕਲ ਹੋ ਰਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਰਈਆ ਤੋਂ ਵਡਾਲਾ ਕਲਾਂ ਨੂੰ ਜਾਂਦੀ ਨਾਫਦੀ ਖੂਹੀ, ਜਿਹੜੀ ਮਹਿਤਾ ਰੋਡ ਉਤੇ ਚੜ੍ਹਦੀ ਹੈ,

ਇੱਕ ਉਸ ਸੜਕ ਵੱਲ ਧਿਆਨ ਦਿੱਤਾ ਜਾਵੇ। ਦੂਜੀ, ਨਾਗੋਕੇ ਘਰਾਟ ਤੋਂ ਲੈ ਕੇ ਫਤਿਆਬਾਦ ਤੱਕ ਜਿਹੜੀ ਲਿੰਕ ਰੋਡ ਹੈ, ਉਸ ਨੂੰ 18 ਫੁੱਟੀ ਚੌੜੀ ਕਰਕੇ ਲੋਕਾਂ ਦੇ ਆਉਣ ਜਾਣ ਦੇ ਰਸਤੇ ਨੂੰ ਸੁਧਾਰਿਆ ਜਾਵੇ। ਬਹੁਤ ਬਹੁਤ ਧੰਨਵਾਦ ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾ ਬੱਸੀ):** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ ਕਿ ਅੱਜ ਤੋਂ ਸਾਲ-ਡੇਢ ਸਾਲ ਪਹਿਲਾਂ ਜਦੋਂ ਹੜ੍ਹਾਂ ਦੀ ਸਥਿਤੀ ਬਣੀ ਸੀ ਤਾਂ ਸਾਰੇ ਘੱਗਰ ਦਰਿਆ ਵਿਚ ਘੱਟੋ ਘੱਟ ਦਸ ਦਸ ਫੁੱਟ ਰੇਤਾ ਤੇ ਮਿੱਟੀ ਚੜ੍ਹ ਗਈ ਸੀ ਜੋ ਕਿ ਹੁਣ ਜੰਗਲ ਬਣਿਆ ਪਿਆ ਹੈ। ਇਹ 10-12 ਕਿਲੋਮੀਟਰ ਦਾ ਏਰੀਆ ਜ਼ੀਰਕਪੁਰ ਤੋਂ ਲੈ ਕੇ ਡੇਰਾਬੱਸੀ, ਲਾਲੜੂ ਹੁੰਦੇ ਹੋਏ ਅੰਬਾਲੇ ਸ਼ਹਿਰ ਤੱਕ ਜਾ ਜੁੜਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਕੋਈ ਅਜਿਹੀ ਪਾਲਿਸੀ ਬਣਾਉਣੀ ਚਾਹੀਦੀ ਹੈ ਕਿ ਜਾਂ ਤਾਂ ਉਥੇ ਡੀਸਿਲਟਿੰਗ ਕਰਵਾ ਦਿੱਤੀ ਜਾਵੇ ਜਾਂ ਜਿਹੜੀਆਂ ਹਲਕੇ ਵਿਚ ਨਵੀਆਂ ਸੜਕਾਂ ਨੇੜੇ ਨੇੜੇ ਬਣ ਰਹੀਆਂ ਹਨ, ਉਹ ਰੇਤਾ ਉਥੇ ਸੁਟਵਾ ਦਿੱਤਾ ਜਾਵੇ। ਇਸ ਨਾਲ ਸਰਕਾਰ ਨੂੰ ਉਥੋਂ ਰੈਵੇਨਿਊ ਵੀ ਇਕੱਠਾ ਹੋ ਸਕਦਾ ਹੈ ਤੇ ਦੂਜਾ ਘੱਗਰ ਦਾ ਲੈਵਲ ਥੋੜ੍ਹਾ ਡਾਊਨ ਹੋ ਜਾਵੇਗਾ ਕਿਉਂਕਿ ਆਉਣ ਵਾਲੇ ਸਮੇਂ ਵਿੱਚ ਦੋ-ਚਾਰ ਮਹੀਨਿਆਂ ਵਿਚ ਫਿਰ ਬਰਸਾਤ ਪੈਣੀ ਹੈ ਅਤੇ ਫਿਰ ਕਿਤੇ ਹੜ੍ਹ ਦੀ ਸਥਿਤੀ ਪੈਦਾ ਨਾ ਹੋ ਜਾਵੇ। ਧੰਨਵਾਦ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਪੰਚਾਇਤੀ ਰਾਜ ਕਮੇਟੀ ਦਾ ਇੱਕ ਸਾਲ ਤੋਂ ਮੈਂਬਰ ਹਾਂ। ਮੈਂ ਕਮੇਟੀ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਇਕ ਐਸ.ਈ.ਪੀ.ਓ, ਜੋ ਕਿ ਹੁਣ ਬੀ.ਡੀ.ਪੀ.ਓ, ਗੁਰਦਾਸਪੁਰ ਵਿੱਚ ਰਮਦਾਸ ਜਾਂ ਕਿਤੇ ਹੋਰ ਲੱਗਿਆ ਹੋਇਆ ਹੈ, ਉਸ ਨੇ ਬਟਾਲੇ ਵਿੱਚ ਪਿੰਡ ਲੋਧੀਨੰਗਲ ਵਿਖੇ ਬੜਾ ਵੱਡਾ ਗਬਨ ਕੀਤਾ ਹੈ। ਉਸ ਉਪਰੰਤ ਏ.ਡੀ.ਸੀ ਗੁਰਦਾਸਪੁਰ ਨੇ ਇਨਕੁਆਇਰੀ ਕਰਕੇ ਉਸ ਐਸ.ਈ.ਪੀ.ਓ ਖਿਲਾਫ 9,12,464 ਲੱਖ ਰੁਪਏ ਦੇ ਗਬਨ ਤਹਿਤ ਮਿਤੀ 13.6.2023 ਨੂੰ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਹੈ ਪਰ ਅੱਜ ਇਸ ਗੱਲ ਨੂੰ ਨੌਂ ਮਹੀਨੇ

ਹੋ ਗਏ ਹਨ। ਸਪੀਕਰ ਸਾਹਿਬ, ਮੈਂ ਖਾਸ ਤੌਰ ਤੇ ਤੁਹਾਡੇ ਧਿਆਨ ਵਿੱਚ ਇਹ ਗੱਲ ਇਸ ਕਰਕੇ ਵੀ ਲਿਆਉਣਾ ਚਾਹੁੰਦਾ ਹਾਂ, ਤੁਸੀਂ ਕਿਹਾ ਸੀ ਕਿ ਵਿਧਾਨ ਸਭਾ ਕਮੇਟੀ ਜੋ ਕੰਮ ਕਰਦੀ ਹੈ, ਉਸ ਨੂੰ ਅਹਿਮ ਫੈਸਲਾ ਮੰਨਿਆ ਜਾਂਦਾ ਹੈ। ਸਾਡੀ ਕਮੇਟੀ ਦੇ ਮਾਣਯੋਗ ਚੇਅਰਮੈਨ ਡਾਕਟਰ ਚਰਨਜੀਤ ਸਿੰਘ ਅੱਜ ਇੱਥੇ ਆਏ ਨਹੀਂ ਹਨ, ਕੁੰਵਰ ਵਿਜੇ ਪ੍ਰਤਾਪ ਜੀ ਬੈਠੇ ਹਨ ਅਤੇ ਹੋਰ ਵੀ ਮੈਂਬਰ ਹਨ, ਇਨ੍ਹਾਂ ਨੂੰ ਵੀ ਪਤਾ ਹੈ ਕਿ ਲਾਸਟ ਮੀਟਿੰਗ ਵਿੱਚ ਇਸ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ Committee is not competent to ask any question against corruption. ਸਾਰੇ ਮੈਂਬਰ ਸਾਹਿਬਾਨਾਂ ਨੇ ਇਸ ਗੱਲ ਦਾ ਬੜੀ ਸੰਜੀਦਗੀ ਨਾਲ ਨੋਟਿਸ ਲਿਆ। ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੈਂ ਤੁਹਾਨੂੰ ਵੀ ਇਸ ਮਸਲੇ ਸਬੰਧੀ ਦੋ ਤਿੰਨ ਵਾਰ ਮਿਲਿਆ ਹਾਂ। ਇਕ ਛੋਟਾ ਜਿਹਾ ਐਸ.ਈ.ਪੀ.ਓ, ਜਿਸ ਖਿਲਾਫ਼ ਸਰਕਾਰ ਨੇ ਗਬਨ ਦੇ ਇਲਜ਼ਾਮ ਵਿੱਚ ਇਨਕੁਆਇਰੀ ਕਰਨ ਦੀ ਸਿਫਾਰਸ਼ ਕੀਤੀ ਹੈ, ਜਦੋਂ ਉਸ ਨੂੰ ਕਮੇਟੀ ਵਲੋਂ ਬੁਲਾ ਕੇ ਪੁੱਛਿਆ ਗਿਆ ਕਿ ਤੁਸੀਂ ਦੋ ਵਾਰ ਬਿਨਾ ਛੁੱਟੀ ਲਏ, ਬਿਨਾ ਪਰਮਿਸ਼ਨ ਲਏ ਅਬਰੋਡ ਗਏ ਹੋ ਤਾਂ ਉਸ ਨੇ ਕਮੇਟੀ ਦੇ ਪੂਰੇ ਮੈਂਬਰ ਸਾਹਿਬਾਨ ਅੱਗੇ ਕਿਹਾ ਕਿ ਮੈਂ ਬਿਲਕੁਲ ਬਾਹਰ ਨਹੀਂ ਗਿਆ।

**ਮਾਣਯੋਗ ਸਪੀਕਰ** : ਬੈਠੋ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ** : ਸਪੀਕਰ ਸਾਹਿਬ, ਦੋ ਮਿੰਟ ਮੇਰੀ ਗੱਲ ਸੁਣ ਲਓ ਜੀ।

**ਮਾਣਯੋਗ ਸਪੀਕਰ** : ਤੁਸੀਂ ਆਪਣਾ ਸਮਾਂ ਲੈ ਲਿਆ ਹੈ। ਬੈਠੋ। (ਵਿਘਨ...) ਬਾਜਵਾ ਸਾਹਿਬ, ਤੁਹਾਨੂੰ ਵੀ ਵਿਦ-ਇਨ ਟਾਈਮ ਸਮਾਂ ਮਿਲਿਆ ਹੈ, ਹਰੇਕ ਮੈਂਬਰ ਦੇ ਜਦੋਂ ਦੋ ਮਿੰਟ ਹੋ ਜਾਂਦੇ ਹਨ ਤਾਂ ਮੈਂ ਮਾਈਕ ਬੰਦ ਕਰ ਦਿੰਦਾ ਹਾਂ। ਆਪਾਂ ਕੋਈ ਤਾਂ ਕਾਇਦਾ ਰੱਖਾਂਗੇ। (ਵਿਘਨ....) ਜਿਹੜਾ ਬੰਦਾ ਆਪਣੀ ਗੱਲ ਦੋ ਮਿੰਟ ਵਿੱਚ ਪੂਰੀ ਨਹੀਂ ਕਰ ਸਕਦਾ, ਉਹ ਕੀ ਗੱਲ ਕਰੇਗਾ? ਸੋ, ਮੈਂ ਸਾਰਿਆਂ ਦਾ ਮਾਣ ਸਨਮਾਨ ਰੱਖਦੇ ਹੋਏ ਇਹ ਗੱਲ ਕਹਿੰਦਾ ਹਾਂ ਕਿ let the other Member continue.

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)** : ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜ਼ੀਰੋ ਆਵਰ ਬਹੁਤ ਵਧੀਆ ਕਨਵੈਂਸ਼ਨ ਹੈ ਜੋ ਕਿ 1962 ਤੋਂ ਸ਼ੁਰੂ ਹੋਈ ਹੈ। ਅੱਜ ਜਿੰਨੇ ਵੀ ਮਹੱਤਵਪੂਰਣ ਮਾਮਲੇ ਮਾਣਯੋਗ ਮੈਂਬਰਾਂ ਵਲੋਂ ਜ਼ੀਰੋ ਆਵਰ ਵਿੱਚ ਚੁੱਕੇ ਜਾਂਦੇ ਹਨ, ਲੋਕਾਂ ਵਿੱਚ ਇਹ ਗੱਲ ਮਹਿਸੂਸ ਕੀਤੀ ਜਾਂਦੀ ਹੈ ਕਿ ਜੇਕਰ ਹੋ ਸਕੇ ਤਾਂ ਸੈਸ਼ਨ ਦੇ ਸਮੇਂ ਤੋਂ ਬਾਅਦ ਜ਼ੀਰੋ ਆਵਰ ਦੇ ਮਸਲਿਆਂ ਦਾ ਵੀ ਸਾਨੂੰ ਮਹਿਕਮਿਆਂ ਵਲੋਂ ਜਵਾਬ ਮਿਲ ਸਕੇ ਤਾਂ ਬੜੀ ਮਿਹਰਬਾਨੀ ਹੋਵੇਗੀ।

ਦੂਜੀ ਬੇਨਤੀ, ਮੈਂ ਮਾਣਯੋਗ ਲੋਕ ਨਿਰਮਾਣ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮਗਨਰੇਗਾ, ਜੋ ਕਿ ਕੇਂਦਰ ਸਰਕਾਰ ਦੀ ਸਕੀਮ ਹੀ ਨਹੀਂ, ਸਗੋਂ ਸੈਂਟਰਲ ਐਕਟ ਹੈ ਪਰ ਪੀ.ਡਬਲਿਊ.ਡੀ ਦੇ ਅਫਸਰ ਸਾਹਿਬਾਨ ਜਿਹੜੇ ਪਹਿਲਾਂ ਤਾਂ ਮਹਿਕਮੇ ਵਿੱਚ ਮਨਰੇਗਾ ਐਕਟ ਨੂੰ, ਮਨਰੇਗਾ ਸਕੀਮ ਨੂੰ ਲਾਗੂ ਕਰਦੇ ਸੀ ਪਰ ਹੁਣ ਇਸ ਨੂੰ ਲਾਗੂ ਨਹੀਂ ਕਰ ਰਹੇ, ਜਿਸ ਕਾਰਨ ਮਜ਼ਦੂਰਾਂ ਦੀ ਲੇਬਰ ਵੀ ਪ੍ਰਭਾਵਿਤ ਹੋ ਰਹੀ ਹੈ, ਬਹੁਤ ਸਾਰੇ ਕਾਮੇ ਵੀ ਪ੍ਰਭਾਵਿਤ ਹੋ ਰਹੇ ਹਨ। ਮਾਣਯੋਗ ਮੰਤਰੀ ਸਾਹਿਬ ਇਸ ਪਾਸੇ ਧਿਆਨ ਦੇਣ ਅਤੇ ਪੀ.ਡਬਲਿਊ.ਡੀ. ਵਿੱਚ ਮਨਰੇਗਾ ਸਕੀਮ ਵਿੱਚ ਅੜਿੱਕਾ ਅੜਾਉਣ ਵਾਲੇ ਅਫਸਰ ਸਾਹਿਬਾਨ ਦੇ ਖਿਲਾਫ ਨੋਟਿਸ ਲੈ ਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਤੀਜੀ ਬੇਨਤੀ, ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ, ਇਸ ਵਿਧਾਨ ਸਭਾ ਸਦਨ ਵਿੱਚ ਜਿਹੜੇ ਸ਼ਬਦ ਅੱਜ ਵੀ ਅੰਗਰੇਜ਼ੀ ਭਾਸ਼ਾ ਵਿੱਚ ਵਰਤੇ ਜਾਂਦੇ ਹਨ, ਉਨ੍ਹਾਂ ਦੇ ਬਦਲਵੇਂ ਸ਼ਬਦ ਪੰਜਾਬੀ ਭਾਸ਼ਾ ਵਿੱਚ ਮਿੱਥੇ ਜਾਣ। ਭਾਵੇਂ ਉਹ ਜ਼ੀਰੋ ਆਵਰ ਦੀ ਗੱਲ ਹੋਵੇ ਜਾਂ ਸਪੀਕਰ-ਡਿਪਟੀ ਸਪੀਕਰ ਸ਼ਬਦਾਂ ਦੀ ਗੱਲ ਹੋਵੇ, ਉਨ੍ਹਾਂ ਲਈ ਬਦਲਵੇਂ ਪੰਜਾਬੀ ਦੇ ਸ਼ਬਦ ਵਰਤਣੇ ਸ਼ੁਰੂ ਕਰੀਏ। ਇਹ ਪੰਜਾਬੀ ਭਾਸ਼ਾ ਦੇ ਮਾਣ ਵਿੱਚ ਵੱਡਾ ਕਦਮ ਹੋ ਸਕਦਾ ਹੈ।

ਸਪੀਕਰ ਸਾਹਿਬ, ਮੇਰੇ 20 ਸਕਿੰਟ ਬਚਦੇ ਹਨ। ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਰੋਪੜ ਵਿੱਚ ਸੀਨੀਅਰ ਸਿਟੀਜ਼ਨਜ਼ ਹੋਮ ਦੀ ਮੰਗ ਹੈ। ਰੋਪੜ ਦੀ ਸੀਨੀਅਰ ਸਿਟੀਜ਼ਨਜ਼ ਟੀਮ ਬਹੁਤ ਐਕਟਿਵ ਹੈ

ਪਰ ਉਥੇ ਸੀਨੀਅਰ ਸਿਟੀਜ਼ਨਜ਼ ਹੋਮ ਨਹੀਂ ਹੈ। ਮਾਣਯੋਗ ਸਮਾਜਿਕ ਸੁਰੱਖਿਆ ਮੰਤਰੀ ਜੀ ਕਿਰਪਾ ਕਰਨ ਅਤੇ ਰੋਪੜ ਵਿੱਚ ਸੀਨੀਅਰ ਸਿਟੀਜ਼ਨਜ਼ ਹੋਮ ਬਣਾਇਆ ਜਾਵੇ। ਧੰਨਵਾਦ।

**ਮਾਣਯੋਗ ਸਪੀਕਰ** : ਸਭਾਪਤੀ ਅਤੇ ਉਪ ਸਭਾਪਤੀ ਇਹ ਸਪੀਕਰ ਅਤੇ ਡਿਪਟੀ ਸਪੀਕਰ ਦੇ ਪੰਜਾਬੀ ਸ਼ਬਦ ਹਨ। ਨੈਕਸਟ, ਸਰਦਾਰ ਬਲਵਿੰਦਰ ਸਿੰਘ ਧਾਲੀਵਾਲ ਜੀ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)** : ਸਪੀਕਰ ਸਾਹਿਬ, ਫਗਵਾੜਾ ਇੰਡਸਟਰੀ ਦਾ ਹੱਬ ਹੈ। ਫਗਵਾੜਾ ਵਿੱਚ ਕਾਫੀ ਮਾਈਗ੍ਰੇਟਰੀ ਪਾਪੂਲੇਸ਼ਨ ਹੈ, ਜਿਸ ਕਾਰਨ ਸਿਟੀ ਦੀ ਲਗਭਗ ਦੋ ਲੱਖ ਤੋਂ ਵੱਧ ਅਬਾਦੀ ਹੈ। ਫਗਵਾੜਾ ਵਿਚਲੇ ਸਿਵਲ ਹਸਪਤਾਲ ਵਿੱਚ ਬਲੱਡ ਬੈਂਕ ਪਿਛਲੇ 6-7 ਮਹੀਨਿਆਂ ਤੋਂ ਬੰਦ ਹੈ, ਸੀਲ ਕੀਤਾ ਹੋਇਆ ਹੈ। ਇੱਕ ਸੈਂਟਰਲ ਟੀਮ ਆਈ ਸੀ, ਜਿਸ ਨੇ ਕੁਝ ਡਿਸਕ੍ਰੀਪੈਂਸੀਜ਼ ਨੂੰ ਦੇਖਦੇ ਹੋਏ ਇਸ ਨੂੰ ਸੀਲ ਕਰ ਦਿੱਤਾ ਸੀ, ਜਿਸ ਕਾਰਨ ਲੋਕਾਂ ਨੂੰ ਬਲੱਡ ਲੈਣ ਵਿੱਚ ਕਾਫ਼ੀ ਮੁਸ਼ਕਿਲ ਪੇਸ਼ ਆ ਰਹੀ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਹੈਲਥ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਇਸ ਬਲੱਡ ਬੈਂਕ ਨੂੰ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ। ਜਦੋਂ ਤੱਕ ਇਹ ਚਾਲੂ ਨਹੀਂ ਹੁੰਦਾ, ਉਦੋਂ ਤੱਕ ਬਲੱਡ ਸਟੋਰੇਜ ਯੂਨਿਟ ਹੀ ਚਲਾ ਦਿੱਤਾ ਜਾਵੇ ਤਾਂ ਜੋ ਲੋਕ ਉਥੇ ਬੇਸ਼ੱਕ ਬਲੱਡ ਨਾ ਦੇਣ ਪਰ ਕਿਤੇ ਬਾਹਰੋਂ ਲੈ ਕੇ, ਇੰਪੋਰਟ ਕਰਕੇ ਗਰੀਬ ਲੋਕ ਉਸ ਯੂਨਿਟ ਤੋਂ ਖਰੀਦ ਸਕਣ। ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਧੰਨਵਾਦ ਜੀ। ਪੰਜਾਬ ਵਿੱਚ ਵੱਖ ਵੱਖ ਸਮਿਆਂ ਤੇ ਬਹੁਤ ਮਹਾਨ ਸ਼ਖਸੀਅਤਾਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਮੈਂ ਅੱਜ ਹਾਊਸ ਅੰਦਰ ਤਿੰਨ ਮਹਾਨ ਸ਼ਖ਼ਸੀਅਤਾਂ ਦਾ ਜ਼ਿਕਰ ਕਰਨਾ ਚਾਹਾਂਗਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ, 1934 ਨੂੰ ਉਨ੍ਹਾਂ ਦੇ ਨਾਨਕੇ ਪਿੰਡ ਬੁੰਗਾ ਸਾਹਿਬ ਵਿਖੇ ਹੋਇਆ। ਉਨ੍ਹਾਂ ਨੇ ਡੀ.ਆਰ.ਡੀ.ਓ. ਵਿੱਚ ਵਿਗਿਆਨੀ ਦੀ ਨੌਕਰੀ ਛੱਡ ਕੇ BAMCEF, DS4 ਅਤੇ ਪਿਛਲੇ 27 ਸਾਲਾਂ ਤੋਂ ਐਕਟਿਵ ਬਹੁਜਨ ਸਮਾਜ ਪਾਰਟੀ ਬਣਾਈ।

ਬਾਬਾ ਸਾਹਿਬ ਨੇ ਲਿਖਿਆ ਹੈ ਕਿ ਗਰੀਬਾਂ ਦੇ ਘਰ ਰਾਜੇ ਪੈਦਾ ਹੋਣੇ ਚਾਹੀਦੇ ਹਨ। ਉਸ ਸੁਪਨੇ ਨੂੰ ਅੱਗੇ ਤੋਰਦਿਆਂ ਬਹੁਜਨ ਸਮਾਜ ਪਾਰਟੀ ਦੀ ਭੈਣ ਕੁਮਾਰੀ ਮਾਇਆਵਤੀ ਇਸ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੇ ਚਾਰ ਵਾਰ ਮੁੱਖ ਮੰਤਰੀ ਬਣੇ ਅਤੇ 14 ਰਾਜਾਂ ਵਿੱਚ ਇਸ ਪਾਰਟੀ ਦੇ ਐਮ.ਐਲ.ਏ. ਅਤੇ ਐਮ.ਪੀ. ਬਣੇ। ਕਾਂਸ਼ੀ ਰਾਮ ਜੀ ਨੇ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਵਿਚਾਰਧਾਰਾ ਨੂੰ ਦੇਸ਼ ਵਿੱਚ ਦੁਬਾਰਾ ਸੁਰਜੀਤ ਕੀਤਾ, ਲੋਕਾਂ ਨੇ ਕਿਹਾ, ''ਬਾਬਾ ਸਾਹਿਬ ਦਾ ਦੂਸਰਾ ਨਾਮ, ਕਾਂਸ਼ੀ ਰਾਮ- ਕਾਂਸ਼ੀ ਰਾਮ''।

ਕਾਮਰੇਡ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ, ਜਿਨ੍ਹਾਂ ਦਾ ਜਨਮ 23 ਮਾਰਚ, 1916 ਨੂੰ ਪਿੰਡ ਬੰਡਾਲਾ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਨ੍ਹਾਂ ਨੂੰ ਭਾਰਤੀ ਰਾਜਨੀਤੀ ਦਾ ਚਾਣਕਿਆ ਕਿਹਾ ਜਾਂਦਾ ਸੀ। ਉਹ ਸੀ.ਪੀ.ਐਮ. ਦੇ 44 ਸਾਲ polit bureau member ਅਤੇ ਸਾਲ 1992 ਤੋਂ 2005 ਤੱਕ ਜਨਰਲ ਸਕੱਤਰ ਰਹੇ। ਦੇਸ਼ ਦੇ ਚਾਰ ਪ੍ਰਧਾਨ ਮੰਤਰੀ, ਸ੍ਰੀ ਵੀ.ਪੀ. ਸਿੰਘ, ਸ੍ਰੀ ਦੇਵਗੌੜਾ ਜੀ, ਸ੍ਰੀ ਆਈ.ਕੇ. ਗੁਜਰਾਲ ਅਤੇ ਡਾਕਟਰ ਮਨਮੋਹਨ ਸਿੰਘ ਜੀ ਨੂੰ ਪ੍ਰਧਾਨ ਮੰਤਰੀ ਬਣਾਉਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ।

ਸਤਿਕਾਰਯੋਗ ਮਹਾਨ ਸ਼ਖ਼ਸ਼ੀਅਤ ਗਿਆਨੀ ਜ਼ੈਲ ਸਿੰਘ ਜੀ, ਜਿਨ੍ਹਾਂ ਦਾ ਜਨਮ 5 ਮਈ, 1916 ਨੂੰ ਪਿੰਡ ਸੰਧਵਾਂ, ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਜਿਨ੍ਹਾਂ ਨੇ ਅਜ਼ਾਦੀ ਤੋਂ ਪਹਿਲਾਂ ਫਰੀਦਕੋਟ ਰਿਆਸਤ ਦੀਆਂ ਵਧੀਕੀਆਂ ਤੇ ਰਜਵਾੜਾਸ਼ਾਹੀ ਦੇ ਖਿਲਾਫ ਬਹੁਤ ਵੱਡਾ ਅੰਦੋਲਨ ਪਰਜਾ ਮੰਡਲ ਲਹਿਰ/ਸੰਗਠਨ ਰਾਹੀਂ ਖੜ੍ਹਾ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਲੰਬਾ ਸਮਾਂ ਜੇਲ੍ਹਾਂ ਵਿੱਚ ਰਹਿਣਾ ਪਿਆ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਉਹ ਪੈਪਸੂ ਦੇ ਰੈਵੇਨਿਊ ਅਤੇ ਐਗਰੀਕਲਚਰ ਮਨਿਸਟਰ ਬਣੇ। ਉਹ ਬਹੁਤ ਚੰਗੇ ਰਿਫਾਰਮ ਲੈ ਕੇ ਆਏ। ਉਹ ਸਾਲ 1956 ਤੋਂ ਬਾਅਦ ਤੱਕ ਰਾਜ ਸਭਾ ਦੇ ਮੈਂਬਰ ਰਹੇ। ਸਾਲ 1972 ਤੋਂ 1977 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸਾਲ 1980 ਤੋਂ 1982 ਤੱਕ ਭਾਰਤ ਦੇ ਗ੍ਰਹਿ ਮੰਤਰੀ ਰਹੇ ਔਰ ਸਾਲ 1982 ਤੋਂ 1987 ਤੱਕ ਦੇਸ਼ ਦੀ ਸਭ ਤੋਂ ਵੱਡੀ ਉੱਚ ਪਦਵੀ, ਪਹਿਲੇ ਸਿੱਖ ਰਾਸ਼ਟਰਪਤੀ ਰਹੇ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨਾ ਚਾਹਾਂਗਾ ਕਿ ਇਹ ਉਹ ਮਹਾਨ ਸ਼ਖ਼ਸੀਅਤਾਂ ਹਨ, ਜਿਨ੍ਹਾਂ ਨੇ ਸਾਡੇ ਪੰਜਾਬ ਦਾ ਨਾਮ ਦੇਸ਼ ਔਰ ਵਿਸ਼ਵ ਵਿੱਚ ਰੋਸ਼ਨ ਕੀਤਾ। ਸਾਨੂੰ ਇਨ੍ਹਾਂ ਦੀਆਂ

ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਕੇਂਦਰ ਸਰਕਾਰ ਨੂੰ ਸਾਡੀ ਪੰਜਾਬ ਵਿਧਾਨ ਸਭਾ ਵਲੋਂ ਸਰਬ-ਸੰਮਤੀ ਨਾਲ ਮਤਾ ਪਾ ਕੇ ਇਨ੍ਹਾਂ ਹਸਤੀਆਂ ਨੂੰ ਭਾਰਤ ਰਤਨ ਅਵਾਰਡ ਦੇਣ ਦੀ ਸਿਫਾਰਸ਼ ਕਰਨੀ ਚਾਹੀਦੀ ਹੈ, ਬੇਨਤੀ ਕਰਨੀ ਚਾਹੀਦੀ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਮੇਰੇ ਹਲਕੇ ਦੇ ਪਿੰਡ ਭਾਈ ਰੂਪਾ ਵਿੱਚ ਜਿਹੜਾ ਪੁਰਾਣਾ ਹਸਪਤਾਲ ਸੀ, ਹੁਣ ਉਥੇ ਬਹੁਤ ਸੋਹਣਾ ਮੁਹੱਲਾ ਕਲੀਨਿਕ ਬਣਿਆ ਹੈ ਪਰ ਉਥੇ ਸਫੈਦੇ ਵਗੈਰਾ ਦੇ ਬਹੁਤ ਹੀ ਸੁੱਕੇ ਹੋਏ ਦਰੱਖਤ ਹਨ। ਇਨ੍ਹਾਂ ਬਾਰੇ ਕਾਫ਼ੀ ਵਾਰੀ ਜੰਗਲਾਤ ਮਹਿਕਮੇ ਨੂੰ ਅਤੇ ਹੈਲਥ ਡਿਪਾਰਟਮੈਂਟ ਨੂੰ ਬੇਨਤੀ ਕੀਤੀ ਹੈ ਪਰ ਦੋਵੇਂ ਵਿਭਾਗ ਇੱਕ ਦੂਜੇ ਤੇ ਦੋਸ਼ ਮੜ੍ਹ ਦਿੰਦੇ ਹਨ ਤੇ ਕਹਿੰਦੇ ਹਨ ਕਿ ਅੱਜ ਦਰੱਖਤ ਵੱਢ ਦੇਵਾਂਗੇ, ਕੱਲ੍ਹ ਵੱਢ ਦੇਵਾਂਗੇ। ਇਸ ਦੇ ਕਾਰਨ ਘਰਾਂ ਦਾ ਨੁਕਸਾਨ ਵੀ ਹੋਇਆ ਹੈ। ਮੇਰੀ ਬੇਨਤੀ ਹੈ ਕਿ ਬਾਈਪਾਸ ਉਤੇ ਵੀ ਦਰੱਖਤ ਸੁੱਕੇ ਪਏ ਹਨ, ਜਿਸ ਕਾਰਨ ਨੁਕਸਾਨ ਹੋ ਸਕਦਾ ਹੈ। ਇੱਕ-ਦੋ ਵਾਰੀ ਘਰਾਂ ਦਾ ਨੁਕਸਾਨ ਵੀ ਹੋਇਆ ਹੈ, ਘਰ ਡਿੱਗ ਗਏ ਸੀ। ਮੇਰੀ ਇਸ ਬੇਨਤੀ ਉਤੇ ਜ਼ਰੂਰ ਗੌਰ ਕੀਤਾ ਜਾਵੇ।

ਸਪੀਕਰ ਸਾਹਿਬ, ਮੈਂ ਇੱਕ ਹੋਰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਜੀ। ਮੇਰੇ ਹਲਕੇ ਵਿੱਚ ਟਾਰਨੈਡੋ ਆ ਜਾਣ ਕਾਰਨ ਇੱਕ ਸ਼ੈਲਰ ਬਿਲਕੁਲ ਹੀ 100% ਉੱਡ ਗਿਆ। ਕਈ ਵਰਕਸ਼ਾਪਾਂ ਅਤੇ ਪਿੰਡ ਕੋਠਾ ਗੁਰੂ ਦੇ 30-35 ਘਰਾਂ ਦੀਆਂ ਛੱਤਾਂ ਵੀ ਉੱਡ ਗਈਆਂ ਸਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ ਜੀ।

**ਸ਼੍ਰੀ ਨਰੇਸ਼ ਕਟਾਰੀਆ (ਜੀਰਾ):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਸਰਦਾਰ ਪਰਗਟ ਸਿੰਘ ਜੀ ਨੇ ਰੇਤੇ ਦੀਆਂ ਖੱਡਾਂ ਬਾਰੇ ਜਾਂਚ ਪੜਤਾਲ ਕਰਨ ਲਈ ਇੱਕ ਕਮੇਟੀ ਬਣਾਉਣ ਦੀ ਗੱਲ ਕੀਤੀ ਹੈ, ਮੈਂ ਆਪ ਜੀ ਰਾਹੀਂ ਉਸ ਸਬੰਧੀ ਗੱਲ ਕਰਨੀ ਚਾਹੁੰਦਾ ਹਾਂ। ਸਾਡੀ ਵੀ ਇਹ ਰਾਇ ਅਤੇ ਰਿਕੁਐਸਟ ਹੈ ਕਿ

ਇੱਕ ਕਮੇਟੀ ਜ਼ਰੂਰ ਬਣਾਈ ਜਾਵੇ ਕਿਉਂਕਿ ਬਹੁਤ ਸਾਰੀਆਂ ਜ਼ਮੀਨਾਂ ਵਿੱਚ 50-50 ਫੁੱਟ ਡੂੰਘੀਆਂ ਖੱਡਾਂ ਪਾ ਦਿੱਤੀਆਂ ਗਈਆਂ ਹਨ। ਸੋ, ਇਨ੍ਹਾਂ ਸਬੰਧੀ ਚੈਕਿੰਗ ਕਰਵਾਈ ਜਾਵੇ।

ਦੂਸਰੀ ਗੱਲ, ਸਾਡੇ ਮੈਂਬਰ ਸਰਦਾਰ ਦਲਬੀਰ ਸਿੰਘ ਟੌਂਗ ਸਾਹਿਬ ਨੇ ਤੁਹਾਨੂੰ ਇੱਕ ਸੜਕ ਬਾਰੇ ਬੇਨਤੀ ਕੀਤੀ ਹੈ। ਸਪੀਕਰ ਸਾਹਿਬ, ਸਾਲ ਦੇ 20 ਭੰਡਾਰੇ ਡੇਰਾ ਬਿਆਸ ਵਿਖੇ ਲਗਦੇ ਹਨ ਅਤੇ ਇਸ ਸੜਕ ਰਾਹੀਂ ਲੱਖਾਂ ਦੀ ਤਾਦਾਦ ਵਿੱਚ ਦੁਨੀਆ ਲੰਘਦੀ ਹੈ ਜੀ, ਜਿਸ ਕਾਰਨ ਉਥੇ ਬਹੁਤ ਜ਼ਿਆਦਾ ਰਸ਼ ਹੁੰਦਾ ਹੈ ਪਰ ਇਹ ਸੜਕ ਬਹੁਤ ਛੋਟੀ ਹੈ ਅਤੇ ਟੁੱਟੀ ਪਈ ਹੈ। ਸੋ, ਇਸ ਸੜਕ ਨੂੰ ਬਣਾਉਣ ਦੀ ਖੇਚਲ ਕੀਤੀ ਜਾਵੇ ਅਤੇ ਮੰਤਰੀ ਸਾਹਿਬ ਨੂੰ ਕਿਹਾ ਜਾਵੇ ਕਿ ਇਸ ਨੂੰ ਜ਼ਰੂਰ ਬਣਾਇਆ ਜਾਵੇ।

ਤੀਸਰੀ ਮੇਰੀ ਬੇਨਤੀ ਜ਼ੀਰਾ ਖੰਡ ਮਿੱਲ ਵਾਸਤੇ ਹੈ। ਇਸ ਦਾ ਵੀ ਜ਼ਰੂਰ ਕੁਝ ਨਾ ਕੁਝ ਹੱਲ ਸੋਚਿਆ ਜਾਵੇ। ਸਰ, ਧੰਨਵਾਦ ਜੀ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਮੈਂ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਸਹਿਕਾਰਤਾ ਵਿਭਾਗ ਬਹੁਤ ਤਰੱਕੀ ਤੇ ਜਾਣਾ ਚਾਹੀਦਾ ਸੀ ਪਰ ਹੌਲੀ ਹੌਲੀ ਉਹ ਪਿੱਛੇ ਨੂੰ ਚਲਿਆ ਗਿਆ ਹੈ ਕਿਉਂਕਿ ਪਿਛਲੇ ਸਮਿਆਂ ਦੌਰਾਨ ਇਸ ਵਿਭਾਗ ਵਿਚ ਬਹੁਤ ਘਪਲੇ ਹੋਏ ਹਨ। ਜਿਵੇਂ ਹੋਰ ਵੀ ਕਈ ਮਾਣਯੋਗ ਮੈਂਬਰਾਂ ਨੇ ਦੱਸਿਆ ਹੈ ਕਿ ਜਦੋਂ ਸਹਿਕਾਰਤਾ ਵਿਭਾਗ ਦੇ ਅਫ਼ਸਰਾਂ ਵੱਲੋਂ ਦੋਸ਼ੀਆਂ ਵਿਰੁੱਧ ਕਾਰਵਾਈ ਬਾਰੇ ਲਿਖਿਆ ਜਾਂਦਾ ਹੈ ਤਾਂ ਉਨ੍ਹਾਂ ਖਿਲਾਫ ਐਫ.ਆਈ.ਆਰ. ਦਰਜ ਹੋਣ ਵਿਚ ਹੀ ਸਾਲ-ਸਾਲ ਦਾ ਸਮਾਂ ਲੱਗ ਜਾਂਦਾ ਹੈ ਅਤੇ ਉਸ ਸਮੇਂ ਤੱਕ ਮੁਲਾਜ਼ਮ ਪ੍ਰੀਮੈਚਿਓਰ ਰਿਟਾਇਰਮੈਂਟ ਲੈ ਕੇ ਦੇਸ਼ ਛੱਡ ਜਾਂਦਾ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਕੇਸ ਸਾਹਮਣੇ ਆਏ ਹਨ। ਸੋ, ਮੇਰੀ ਬੇਨਤੀ ਹੈ ਕਿ ਇਸ ਤੇ ਜ਼ਰੂਰ ਧਿਆਨ ਦਿੱਤਾ ਜਾਵੇ ਕਿਉਂਕਿ ਕੋਆਪਰੇਟਿਵ ਅਦਾਰੇ ਆਮ ਲੋਕਾਂ ਦੇ ਪੈਸੇ ਨਾਲ ਚੱਲਦੇ ਹਨ।

ਇਸ ਤੋਂ ਇਲਾਵਾ ਮੇਰੀ ਇਕ ਹੋਰ ਬੇਨਤੀ ਹੈ। ਜਦੋਂ ਆਪਾਂ ਚੰਡੀਗੜ੍ਹ ਤੋਂ ਲੁਧਿਆਣੇ ਨੂੰ ਜਾਂਦੇ ਹਾਂ ਤਾਂ ਰਸਤੇ ਵਿਚ ਮੇਰੇ ਹਲਕੇ ਬੱਸੀ ਪਠਾਣਾ ਦਾ ਇਕ ਪਿੰਡ ਸੰਘੋਲ ਆਉਂਦਾ ਹੈ, ਜਿਸ ਨੂੰ ਉੱਚਾ ਪਿੰਡ ਦੇ ਨਾਂ ਨਾਲ

ਵੀ ਜਾਣਿਆ ਜਾਂਦਾ ਹੈ। ਉੱਥੇ ਸਿੰਧੂ ਘਾਟੀ ਦੀ ਸੱਭਿਅਤਾ ਦੇ ਅਵਸ਼ੇਸ਼ ਮਿਲੇ ਸਨ। 60ਵਿਆਂ ਅਤੇ 70ਵਿਆਂ ਦੇ ਦਹਾਕੇ ਵਿਚ ਉਥੇ ਖੁਦਾਈ ਹੋਣੀ ਸ਼ੁਰੂ ਹੋਈ ਸੀ, ਜੋ ਬਾਅਦ ਵਿਚ ਬੰਦ ਹੋ ਗਈ ਸੀ ਪਰ ਉੱਥੇ ਅੱਜ ਵੀ ਜੇਕਰ ਕਿਸੇ ਨੇ ਰਜਿਸਟਰੀ ਕਰਵਾਉਣੀ ਹੈ ਤਾਂ ਐਨ.ਓ.ਸੀ. ਲੈਣੀ ਪੈਂਦੀ ਹੈ। ਸੋ, ਮੇਰੀ ਇਹ ਵੀ ਬੇਨਤੀ ਹੈ ਕਿ ਸੰਘੋਲ ਨੂੰ ਟੂਰਿਜ਼ਮ ਹੱਬ ਦੇ ਤੌਰ ਤੇ ਡਿਵੈਲਪ ਕੀਤਾ ਜਾਵੇ ਜੀ। ਬਹੁਤ ਧੰਨਵਾਦ।

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ) :** ਧੰਨਵਾਦ, ਸਪੀਕਰ ਸਾਹਿਬ। ਅੱਜ ਇੱਥੇ ਕਿਸਾਨੀ ਮੁੱਦਿਆਂ ਦੀ ਗੱਲ ਚੱਲੀ ਹੈ। ਜਿੱਥੇ ਕਿਸਾਨ ਕੇਂਦਰ ਸਰਕਾਰ ਨਾਲ ਐਮ.ਐਸ.ਪੀ. ਲਈ ਲੜ ਰਿਹਾ ਹੈ, ਉੱਥੇ ਕਿਸਾਨਾਂ ਦੇ ਸਮਾਨ ਦੀ ਚੋਰੀ ਵੀ ਬਹੁਤ ਵੱਡੀ ਤਾਦਾਦ ਵਿਚ ਹੋ ਰਹੀ ਹੈ, ਚਾਹੇ ਉਹ ਬਿਜਲੀ ਦੀਆਂ ਤਾਰਾਂ ਹੋਣ ਜਾਂ ਟਰਾਂਸਫਾਰਮਰ ਹੋਣ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਅਜਿਹਾ ਸਖਤ ਕਾਨੂੰਨ ਬਣਾਇਆ ਜਾਵੇ, ਜਿਸ ਨਾਲ ਇਹ ਚੋਰੀ ਰੁਕ ਸਕੇ। ਇਹ ਚੋਰੀ ਦਾ ਸਮਾਨ ਕੌਡੀਆਂ ਦੇ ਭਾਅ ਵਿਕਦਾ ਹੈ। ਉਦਾਹਰਣ ਦੇ ਤੌਰ ਤੇ ਜਿਵੇਂ ਰੇਲਵੇ ਦਾ ਸਮਾਨ ਕੋਈ ਵੀ ਕਬਾੜੀਆ ਖਰੀਦ ਨਹੀਂ ਸਕਦਾ ਜੇਕਰ ਇਸੇ ਤਰ੍ਹਾਂ ਦਾ ਕੋਈ ਕਾਨੂੰਨ ਕਿਸਾਨੀ ਵਾਸਤੇ ਵੀ ਬਣ ਜਾਵੇ ਤਾਂ ਬਿਹਤਰ ਹੋਵੇਗਾ। ਧੰਨਵਾਦ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ (ਫਿਲੌਰ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਅੱਜ ਵਿਰੋਧੀ ਧਿਰ ਦੇ ਨੇਤਾ ਬਾਜਵਾ ਜੀ, ਸਾਡੇ ਪ੍ਰਧਾਨ ਰਾਜਾ ਜੀ ਅਤੇ ਟਰੈਜ਼ਰੀ ਬੈਂਚਿਜ਼ ਤੋਂ ਵੀ ਕਈ ਸਾਥੀਆਂ ਨੇ ਕਿਸਾਨੀ ਮੁੱਦਿਆਂ ਬਾਰੇ ਬਹਿਸ ਕੀਤੀ ਹੈ। ਖਜ਼ਾਨਾ ਮੰਤਰੀ ਜੀ ਇੱਥੇ ਬੈਠੇ ਹਨ, ਇਨ੍ਹਾਂ ਦੇ ਉਪਰਾਲਿਆਂ ਸਦਕਾ ਪੰਜਾਬ ਦੇ ਖਜ਼ਾਨੇ ਵਿਚੋਂ ਪੈਸੇ ਰਿਲੀਜ਼ ਹੋ ਕੇ ਸਾਨੂੰ ਮੈਂਬਰਾਂ ਨੂੰ ਇਹ ਗੈਜ਼ਟਸ ਦਿੱਤੇ ਗਏ ਹਨ। (ਹੱਥ ਵਿਚ ਟੈਬ ਫੜ੍ਹ ਕੇ ਦਿਖਾਉਂਦੇ ਹੋਏ) ਮੇਰੇ ਇਲਾਕੇ ਦੇ ਕੁਝ ਕਿਸਾਨਾਂ ਨੇ ਮੈਨੂੰ ਇਕ ਵੀਡੀਓ ਭੇਜਿਆ ਹੈ, ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਇਕ ਮਿੰਟ ਲਈ ਦਿਖਾਉਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ ਜੀ, ਤੁਸੀਂ ਆਪਣੀ ਗੱਲ ਰੱਖੋ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ, ਪੰਜਾਬ ਜੀ ਨੂੰ ਬੇਨਤੀ ਕਰਨੀ ਚਾਹਾਂਗਾ, ਇੱਥੇ ਸਾਡੇ ਮੰਤਰੀ ਮੀਤ ਹੇਅਰ ਜੀ ਵੀ ਬੈਠੇ ਹਨ, ਉਹ ਵੀ ਇਸ ਵੀਡੀਓ ਵਿਚ ਦਿਖ ਰਹੇ ਹਨ। ਇਹ ਸਿਰਫ ਇਕ ਮਿੰਟ ਦਾ ਵੀਡੀਓ ਹੈ, ਤੁਸੀਂ ਦੇਖ ਲਓ ਜੀ। (ਇਸ ਸਮੇਂ ਉਨ੍ਹਾਂ ਨੇ ਆਪਣੇ ਟੈਬ ਵਿਚ ਇਕ ਵੀਡੀਓ ਪਲੇਅ ਕੀਤੀ)

**ਮਾਣਯੋਗ ਸਪੀਕਰ:** ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਨਹੀਂ ਹੈ ਜੀ, ਤੁਸੀਂ ਆਪਣੀ ਗੱਲ ਰੱਖੋ।

**ਸਰਦਾਰ ਵਿਕਰਮਜੀਤ ਸਿੰਘ ਚੌਧਰੀ :** ਸਪੀਕਰ ਸਾਹਿਬ, ਮੈਂ ਆਪਣੀ ਗੱਲ ਨਹੀਂ ਕਰ ਰਿਹਾ, ਮੈਂ ਪੰਜਾਬ ਦੇ ਕਿਸਾਨਾਂ ਦੀ ਗੱਲ ਕਰ ਰਿਹਾ ਹਾਂ ਜੀ। ਪੰਜਾਬ ਦੇ ਕਿਸਾਨ ਕਹਿ ਰਹੇ ਹਨ ਕਿ ਸਰਕਾਰ ਬਣਾਉਣ ਤੋਂ ਪਹਿਲਾਂ ਸਰਦਾਰ ਭਗਵੰਤ ਮਾਨ ਜੀ ਨੇ ਵੱਡੇ ਵੱਡੇ ਵਾਅਦੇ, ਐਲਾਨ ਕੀਤੇ ਸੀ ਪਰ ਹੁਣ ਸਰਕਾਰ ਬਣੀ ਨੂੰ ਵੀ ਦੋ ਸਾਲ ਹੋ ਗਏ ਹਨ। ਮੈਂ ਮੀਤ ਹੇਅਰ ਜੀ ਨੂੰ ਵੀ ਬੇਨਤੀ ਕਰਾਂਗਾ, ਇਸ ਵੀਡਿਓ ਵਿਚ ਉਹ ਵੀ ਉਨ੍ਹਾਂ ਦੇ ਨਾਲ ਖੜ੍ਹੇ ਹਨ। ਤੁਸੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰੋ ਕਿ ਪੰਜਾਬ ਦੇ ਕਿਸਾਨ ਚਾਹੁੰਦੇ ਹਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਸਬੰਧੀ ਬਿਲ ਲਿਆਵੇ। ਜੇਕਰ ਕੇਂਦਰ ਸਰਕਾਰ ਐਮ.ਐਸ.ਪੀ. ਦੇਣ ਵਿਚ ਸਮਾਂ ਲਗਾ ਰਹੀ ਹੈ ਤਾਂ ਪੰਜਾਬ ਸਰਕਾਰ ਇਸ ਸਬੰਧੀ ਬਿਲ ਲਿਆਵੇ, ਜਿਵੇਂ ਮੁੱਖ ਮੰਤਰੀ ਸਾਹਿਬ ਖੁਦ ਪਹਿਲਾਂ ਬੋਲਦੇ ਹੁੰਦੇ ਸੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਪੰਜਾਬ ਵਿੱਚ ਜੇਕਰ ਲੋਕ ਸਭ ਤੋਂ ਵੱਧ ਡਰਦੇ ਹਨ ਤਾਂ ਉਹ ਗੈਂਗਸਟਰਾਂ ਤੋਂ ਡਰਦੇ ਹਨ ਕਿ ਕਿਸੇ ਨੂੰ ਗੈਂਗਸਟਰ ਦੀ ਕੋਈ ਕਾਲ ਨਾ ਆ ਜਾਏ, ਕੋਈ ਫਿਰੌਤੀ ਨਾ ਮੰਗ ਲਏ। ਅੱਜ ਪੰਜਾਬ ਦੇ ਵਿੱਚ ਇੱਕ ਹੋਰ ਬਹੁਤ ਵੱਡਾ ਮਸਲਾ ਹੋ ਗਿਆ ਹੈ, ਇੱਥੇ ਕੁੱਤਿਆਂ ਦੀਆ ਗੈਂਗਾਂ ਚੱਲਦੀਆਂ ਹਨ। ਮੇਰੇ ਇਲਾਕੇ ਵਿੱਚ ੪੦ ਕੁੱਤਿਆਂ ਦੀਆਂ 5 ਗੈਂਗਜ਼ ਹਨ। ਪਿਛਲੇ ਦੋ ਮਹੀਨਿਆਂ ਵਿੱਚ ਇਹ ਕੁੱਤਿਆਂ ਦੀਆਂ ਗੈਂਗਾਂ ਛੇ ਜੀਆਂ ਤੇ ਅਟੈਕ ਕਰ ਚੁੱਕੀਆਂ ਹਨ।

ਜਿਸ ਨਾਲ ਦੋ ਬੱਚਿਆਂ ਅਤੇ ਇੱਕ ਲੇਡੀ ਦੀ ਮੌਤ ਚੁੱਕੀ ਹੈ। ਕੱਲ੍ਹ ਹੀ ਇਕ ਹੋਰ ਲੇਡੀ ਤੇ ਵੀ ਅਟੈਕ ਹੋਇਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇੱਕ ਵੀ ਡਾੱਗ ਕੈਨਲ ਨਹੀਂ ਹੈ। ਜਿਹੜੇ ਕੁੱਤੇ ਜੀਆਂ ਤੇ ਅਟੈਕ ਕਰਕੇ ਉਨ੍ਹਾਂ ਨੂੰ ਮਾਰ ਦਿੰਦੇ ਹਨ, ਉਨ੍ਹਾਂ ਦਾ ਕੋਈ ਸਲਿਊਸ਼ਨ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਇਹੋ ਜਿਹੀ ਫੈਸਿਲਟੀ ਚਾਹੀਦੀ ਹੈ, ਜਿੱਥੇ ਕੁੱਤਿਆਂ ਨੂੰ ਚੁੱਕ ਕੇ ਲਿਜਾਇਆ ਜਾ ਸਕੇ ਕਿਉਂਕਿ ਅਸੀਂ ਅਫੋਰਡ ਨਹੀਂ ਕਰ ਸਕਦੇ ਕਿ ਪੰਜਾਬ ਵਿੱਚ ਕਿਸੇ ਦੀ ਵੀ ਮੌਤ ਕੁੱਤਿਆਂ ਦੇ ਵੱਢਣ ਕਾਰਨ ਹੋਵੇ। ਇਹ ਕੁੱਤੇ ਜ਼ਿੰਮੀਂਦਾਰਾਂ ਨੂੰ ਵੱਢ ਜਾਂਦੇ ਹਨ। ਅੱਜ ਹਾਲ ਇਹ ਹੋ ਗਿਆ ਹੈ ਕਿ ਕੋਈ ਜ਼ਿੰਮੀਂਦਾਰ ਆਪਣੇ ਖੇਤ ਵੱਲ ਨੂੰ ਇਕੱਲਾ ਨਹੀਂ ਜਾ ਸਕਦਾ। ਪੰਜ ਪੰਜ ਕੁੱਤੇ ਇੱਕ ਬੰਦੇ ਨੂੰ ਪੈ ਜਾਂਦੇ ਹਨ, ਇਹ ਰਿਐਲਿਟੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਦਾ ਕੋਈ ਸਲਿਊਸ਼ਨ ਕੱਢਿਆ ਜਾਵੇ। ਇਹ ਜਿੰਨੇ ਵੀ ਅਫੈਕਟਿਡ ਕੁੱਤੇ ਹਨ, ਇਹ ਹੱਡਾਂ ਰੋੜੀਆਂ ਤੇ ਘੁੰਮਦੇ ਫਿਰਦੇ ਹਨ ਅਤੇ ਇਨ੍ਹਾਂ ਕਾਰਨ ਹੀ ਫਿਰ ਇਨਫੈਕਸ਼ਨ ਫੈਲਦਾ ਹੈ। ਇਨ੍ਹਾਂ 40-50 ਕੁੱਤਿਆਂ ਨੂੰ ਚੁੱਕ ਕੇ ਲਿਜਾਇਆ ਜਾਵੇ ਅਤੇ ਕੈਨਲ ਵਿੱਚ ਟਰਾਂਸਫਰ ਕੀਤਾ ਜਾਵੇ ਤਾਂ ਕਿ ਪੰਜਾਬ ਦੇ ਕਿਸੇ ਵੀ ਜੀਅ ਦੀ ਮੌਤ ਇਸ ਵਜ੍ਹਾ ਕਰਕੇ ਨਾ ਹੋਵੇ। ਧੰਨਵਾਦ।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ):** ਧੰਨਵਾਦ, ਸਪੀਕਰ ਸਾਹਿਬ। ਮੰਤਰੀ ਸਾਹਿਬ, ਮੀਤ ਹੇਅਰ ਜੀ ਬੈਠੇ ਹਨ। ਮੇਰੇ ਹਲਕੇ ਵਿੱਚ ਸਪੋਰਟਸ ਲਈ ਬੱਚਿਆਂ ਨੂੰ ਬਹੁਤ ਪ੍ਰਾਬਲਮ ਹੈ। ਪੁਰਾਣਾ ਸ਼ਹਿਰ ਹੋਣ ਕਾਰਨ ਉਥੇ ਕੋਈ ਵੀ ਗਰਾਊਂਡ ਨਹੀਂ ਹੈ, ਜਿਸ ਕਾਰਨ ਬੱਚੇ ਸੜਕਾਂ ਤੇ ਖੇਡਦੇ ਹਨ। ਉਥੇ ਜਗ੍ਹਾ ਵੀ ਅਵੇਲੇਬਲ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਉਥੇ ਜਲਦੀ ਗਰਾਊਂਡ ਬਣਾ ਕੇ ਦਿੱਤਾ ਜਾਵੇ।

———

## CALLING ATTENTION NOTICES UNDER RULE 66

***(ਕ੍ਰਮ ਨੰ: 30)***

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪੰਜਾਬ ਵਿੱਚ ਪਿਛਲੇ ਕਾਫੀ ਸਮੇਂ ਤੋਂ ਖੁਰਾਕੀ ਵਸਤਾਂ ਵਿੱਚ ਮਿਲਾਵਟਖੋਰੀ ਦਾ ਜ਼ੋਰ ਬਹੁਤ ਜ਼ਿਆਦਾ ਚੱਲ ਰਿਹਾ ਹੈ। ਇਸ ਮਿਲਾਵਟਖੋਰੀ ਕਾਰਨ ਲੋਕਾਂ ਦੀ ਸਿਹਤ ਨਾਲ ਸਿੱਧਾ ਖਿਲਵਾੜ ਕੀਤਾ ਜਾ ਰਿਹਾ ਹੈ। ਮਿਲਾਵਟਖੋਰੀ ਲਗਭਗ ਖਾਣ ਵਾਲੀ ਹਰ ਵਸਤੂ ਵਿੱਚ ਪਾਈ ਜਾ ਰਹੀ ਹੈ। ਜਿਵੇਂ ਦਾਲਾਂ (ਪਾਲਿਸ਼ਡ), ਫਲ, ਸਬਜ਼ੀਆਂ ਟੀਕੇ ਲਗਾ ਕੇ ਇੱਕ-ਦੋ ਦਿਨਾਂ ਵਿੱਚ ਤਿਆਰ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਦੁੱਧ ਨਾਲ ਬਣੀਆਂ ਸਾਰੀਆਂ ਵਸਤੂਆਂ ਭਾਵ ਪਨੀਰ, ਘਿਓ ਅਤੇ ਤਿਉਹਾਰਾਂ ਤੇ ਖਾਣ ਵਾਲੀਆਂ ਮਠਿਆਈਆਂ, ਇੱਥੋਂ ਤੱਕ ਕਿ ਨਾਨਵੈਜ ਖਾਣ ਵਾਲੇ ਵੀ ਟੀਕੇ ਨਾਲ ਬਣੇ ਨਾਨਵੈੱਜ ਦਾ ਸੇਵਨ ਕਰ ਰਹੇ ਹਨ। ਹਰ ਇੱਕ ਬੰਦਾ ਮਿਹਨਤ-ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਮਿਹਨਤ ਕਰਦਾ ਹੈ ਅਤੇ ਬਦਲੇ ਵਿੱਚ ਉਹ ਆਪਣੇ ਪਰਿਵਾਰ ਨੂੰ ਆਪਣੀ ਹੱਥੀਂ ਜ਼ਹਿਰ ਦੇਣ ਲਈ ਮਜਬੂਰ ਹੈ। ਇਨ੍ਹਾਂ ਮਿਲਾਵਟਾਂ ਸਦਕਾ ਕੈਂਸਰ, ਹਾਰਟ ਅਟੈਕ ਅਤੇ ਕਈ ਹੋਰ ਤਰ੍ਹਾਂ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਪੰਜਾਬ ਦਿਨ-ਬ-ਦਿਨ ਬਿਮਾਰੀਆਂ ਨਾਲ ਗ੍ਰਸਤ ਹੋ ਰਿਹਾ ਹੈ ਅਤੇ ਇਸ ਸਬੰਧੀ ਕੋਈ ਸਖਤ ਕਾਨੂੰਨ ਨਾ ਹੋਣ ਕਾਰਨ ਪੈਸੇ ਦੇ ਲਾਲਚੀ ਲੋਕ ਸਮਾਜ ਵਿੱਚ ਜ਼ਹਿਰ ਫੈਲਾ ਰਹੇ ਹਨ। ਮੈਂ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਇਸ ਮਿਲਾਵਟ ਸਬੰਧੀ ਸਖਤ ਕਾਨੂੰਨ ਬਣਾਏ ਜਾਣ ਤਾਂ ਜੋ ਸਾਰਾ ਪੰਜਾਬ ਅਤੇ ਪੰਜਾਬੀ ਮੁੜ ਸਿਹਤਮੰਦ ਜੀਵਨ ਜੀ ਸਕਣ।

ਮਾਮਲੇ ਦੀ ਪ੍ਰਤੱਖ ਮਹੱਤਤਾ ਦੇ ਮੱਦੇ ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਆਪਣੀ ਸੀਟ ਤੇ ਖੜ੍ਹੇ ਬਿਨਾਂ ਆਗਿਆ ਉਚੀ ਉਚੀ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਜੋ ਵੀ ਚੇਅਰ ਦੀ ਇਜਾਜ਼ਤ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।(ਸ਼ੋਰ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸਪੀਕਰ ਸਾਹਿਬ, ਅੱਜ ਫਲ ਅਤੇ ਸਬਜ਼ੀਆਂ ਕੈਮੀਕਲ ਲਗਾ ਕੇ ਤਿਆਰ ਕੀਤੇ ਜਾਂਦੇ ਹਨ। ਅੱਜ ਚਾਹੇ ਪਨੀਰ ਹੋਵੇ ਜਾਂ ਖਾਣ-ਪੀਣ ਦੀਆਂ ਵਸਤਾਂ ਹੋਣ, ਸਾਰਿਆਂ ਵਿੱਚ ਮਿਲਾਵਟ ਕੀਤੀ ਜਾਂਦੀ ਹੈ। (ਸ਼ੋਰ) ਜਿੰਨੀ ਮਿਲਾਵਟ ਵੱਧ ਜਾਂਦੀ ਹੈ, ਉਨੀ ਹੀ ਸਾਡੀ ਸਿਹਤ ਖਰਾਬ ਹੁੰਦੀ ਹੈ। ਜਿਵੇਂ ਕਿ ਕੈਂਸਰ, ਹਾਰਟ ਅਟੈਕ ਆਦਿ ਬਿਮਾਰੀਆਂ ਹੋ ਰਹੀਆਂ ਹਨ। (ਸ਼ੋਰ) ਮਿਲਾਵਟ ਕਾਰਨ ਅਸੀਂ ਇਨ੍ਹਾਂ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਕੋਈ ਇਹੋ ਜਿਹਾ ਸਖਤ ਕਾਨੂੰਨ ਬਣਾਇਆ ਜਾਵੇ, ਜਿਸ ਵਿੱਚ ਮੌਤ ਦੀ ਸਜ਼ਾ ਵਰਗੀ ਸਖਤ ਸਜ਼ਾ ਦਾ ਉਪਬੰਧ ਕੀਤਾ ਜਾਵੇ। (ਸ਼ੋਰ) ਸਪੀਕਰ ਸਾਹਿਬ, ਜੋ ਵੀ ਮਿਲਾਵਟਖੋਰ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਖਤਮ ਕਰਨ ਤੇ ਤੁਲੇ ਹੋਏ ਹਨ, ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਕਾਨੂੰਨ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਜਾਵੇ। ਧੰਨਵਾਦ, ਸਪੀਕਰ ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ** : ਜੋ ਵੀ ਚੇਅਰ ਦੀ ਇਜਾਜ਼ਤ ਬਿਨਾ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। ਮੀਤ ਹੇਅਰ ਜੀ ਜਵਾਬ ਦੇਣਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਵਿਕਰਮਜੀਤ ਸਿੰਘ ਚੌਧਰੀ ਅਤੇ ਸਰਦਾਰ ਬਲਵਿੰਦਰ ਸਿੰਘ ਧਾਲੀਵਾਲ ਵੀ ਆਪਣੀ ਸੀਟ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬੜਾ ਇੰਪਾਰਟੈਂਟ ਧਿਆਨ ਦਿਵਾਊ ਨੋਟਿਸ ਲਿਆਂਦਾ ਹੈ। (ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਬੋਲ ਰਹੇ ਸਨ।)

**ਮੰਤਰੀ :** ਇਸ ਲਈ ਸਰਕਾਰ ਨੇ ਫੂਡ ਸੇਫਟੀ ਐਂਡ ਸਟੈਂਡਰਡ ਐਕਟ, 2006 ਬਣਾਇਆ ਹੋਇਆ ਹੈ। (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਅਤੇ ਸਰਦਾਰ ਬਰਿੰਦਰਮੀਤ ਸਿੰਘ ਪਾਹੜਾ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ** : ਮੀਤ ਜੀ, ਤੁਸੀਂ ਜਵਾਬ ਦਿਉ।

**ਮੰਤਰੀ** : ਸਰ, ਫੂਡ ਸੇਫਟੀ ਐਂਡ ਸਟੈਂਡਰਡ ਐਕਟ, 2006 ਪੰਜਾਬ ਵਿੱਚ ਲਾਗੂ ਹੈ ਅਤੇ ਜਿਸ ਰਾਹੀਂ ਜੇ ਕੋਈ ਵੀ ਫਲ ਫਰੂਟ ਨੂੰ ਕਿਸੇ ਕੈਮੀਕਲ ਨਾਲ ਪਕਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਐਕਟ ਵਿੱਚ ਪ੍ਰੋਵੀਜ਼ਨ ਹੈ ਕਿ ਤਿੰਨ ਮਹੀਨੇ ਦੀ ਸਜ਼ਾ ਵੀ ਹੋ ਸਕਦੀ ਹੈ ਅਤੇ 10 ਲੱਖ ਰੁਪਏ ਦਾ ਜੁਰਮਾਨਾ ਵੀ ਹੋ ਸਕਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਨਰੇਸ਼ ਪੁਰੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮੰਤਰੀ** : ਸਰ, ਇਸ ਤੋਂ ਇਲਾਵਾ ਇਹ ਬਿਲਕੁਲ ਠੀਕ ਹੈ ਕਿ ਖਾਸ ਤੌਰ ਤੇ ਤਿਉਹਾਰਾਂ ਦੇ ਮੌਕੇ ਬਹੁਤ ਜਗ੍ਹਾ ਮਿਲਾਵਟੀ ਦੁੱਧ, ਮਿਲਾਵਟੀ ਖੋਆ, ਮਿਲਾਵਟੀ ਪਨੀਰ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਇਸ ਲਈ ਪੂਰੇ ਸਾਲ ਵਿਭਾਗ ਵੱਲੋਂ ਚੈਕਿੰਗ ਕੀਤੀ ਜਾਦੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਨਰੇਸ਼ ਪੁਰੀ ਅਤੇ ਸਰਦਾਰ ਹਰਦੇਵ ਸਿੰਘ ਲਾਡੀ ਆਪਣੀਆਂ ਆਪਣੀਆਂ ਸੀਟਾਂ ਤੇ ਵਾਪਸ ਚਲੇ ਗਏ।)

**ਮੰਤਰੀ** : ਸਰ, ਮੇਰੇ ਕੋਲ ਕੁਝ ਵੇਰਵੇ ਹਨ, ਜਿਸ ਅਨੁਸਾਰ ਸਾਲ 2022 ਵਿੱਚ 8211 ਸੈਂਪਲ ਭਰੇ ਗਏ, ਜਿਸ ਵਿੱਚੋਂ 1690 ਸੈਂਪਲ ਗਲਤ ਪਾਏ ਗਏ ਹਨ। ਇਸ ਸਬੰਧੀ ਕੋਰਟ ਵਿੱਚ ਕੇਸ ਚੱਲੇ ਅਤੇ

1,81,73,300/- ਰੁਪਏ ਜੁਰਮਾਨਾ ਲਗਾਇਆ ਗਿਆ ਹੈ। ਸਾਲ 2023 ਵਿੱਚ 6665 ਸੈਂਪਲ ਭਰੇ ਗਏ ਅਤੇ ਇਨ੍ਹਾਂ ਵਿੱਚੋਂ 955 ਸੈਂਪਲ ਸਹੀ ਨਹੀਂ ਪਾਏ ਗਏ ਅਤੇ ਇਨ੍ਹਾਂ ਦੇ ਵੀ ਕੇਸ ਚੱਲੇ ਅਤੇ ਤਕਰੀਬਨ 2 ਕਰੋੜ 34 ਲੱਖ ਜੁਰਮਾਨਾ ਕੀਤਾ ਗਿਆ। ਇਸੇ ਤਰ੍ਹਾਂ ਹੀ ਤਿਉਹਾਰਾਂ ਵੇਲੇ, ਦੀਵਾਲੀ ਵੇਲੇ ਵਧੇਰੇ ਸੈਂਪਲ ਲਏ ਜਾਂਦੇ ਹਨ ਅਤੇ ਜਿਹੜੇ ਵੀ ਲੋਕ ਫੜ੍ਹੇ ਜਾਂਦੇ ਹਨ, ਉਨ੍ਹਾਂ ਤੇ ਕਾਰਵਾਈ ਹੁੰਦੀ ਹੈ। ਹੁਣ ਆਪਾਂ ਹੀ ਚੈੱਕ ਕਰ ਲਈਏ ਕਿ ਜਿੰਨੇ ਇੱਥੇ ਹਾਊਸ ਵਿੱਚ ਆਪਾਂ ਬੈਠੇ ਹਾਂ, ਅੱਜ ਤੋਂ 20-25 ਸਾਲ ਪਹਿਲਾਂ ਹਰੇਕ ਦੇ ਘਰ ਮੱਝਾਂ ਵੀ ਸਨ, ਉਦੋਂ ਲੋਕ ਹਲਵਾਈਆਂ ਦੀਆਂ ਦੁਕਾਨਾਂ ਤੋਂ ਮਠਿਆਈਆਂ ਵੀ ਘੱਟ ਲਿਆਉਂਦੇ ਸਨ। ਹੁਣ ਮੈਨੂੰ ਨਹੀਂ ਲਗਦਾ ਹੈ ਕਿ ਸਾਡੇ ਵਿੱਚੋਂ 5-10 ਦੇ ਘਰੇ ਵੀ ਮੱਝਾਂ ਹੋਣਗੀਆਂ। ਦੁੱਧ ਤੇ ਡੇਅਰ ਪ੍ਰੋਡੱਕਟਸ ਦੀ ਡਿਮਾਂਡ ਵਧ ਰਹੀ ਹੈ ਅਤੇ ਮੱਝਾਂ ਘੱਟ ਰਹੀਆਂ ਹਨ। ਇਸ ਦਾ ਮਤਲਬ ਹੈ ਕਿ ਕਿਤੇ ਨਾ ਕਿਤੇ ਜਾਅਲੀ ਦੁੱਧ, ਘਿਉ ਆ ਰਿਹਾ ਹੈ। ਇਸ ਲਈ ਸਰਕਾਰ ਸਖਤਾਈ ਕਰ ਰਹੀ ਹੈ ਅਤੇ ਜਿਹੜੇ ਵੀ ਲੋੜ ਫੜ੍ਹੇ ਜਾਂਦੇ ਹਨ, ਉਨ੍ਹਾਂ ਤੇ ਕਾਰਵਾਈ ਹੋ ਰਹੀ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਤੁਸੀਂ ਕਾਲ ਅਟੈਂਸ਼ਨ ਤਾਂ ਪੂਰੀ ਹੋ ਲੈਣ ਦਿਉ। (ਸ਼ੋਰ) ਨਕਲੀ ਦੁੱਧ ਦਾ ਇਸ਼ੂ ਹੈ, ਪੰਜਾਬ ਦੇ ਲੋਕਾਂ ਦੀਆਂ ਜਾਨਾਂ ਦਾ ਇਸ਼ੂ ਹੈ। (ਸ਼ੋਰ) ਤੁਸੀਂ ਸੰਜੀਦਗੀ ਨਹੀਂ ਦਿਖਾਉਂਦੇ। ਤੁਸੀਂ ਸੰਜੀਦਗੀ ਦਿਖਾਉ, ਪੰਜਾਬ ਦੇ ਲੋਕਾਂ ਦੀਆਂ ਜਾਨਾਂ ਦਾ ਇਸ਼ੂ ਹੈ। ਹਾਂ ਜੀ, ਲਾਡੀ ਜੀ, ਬੋਲੋ। (ਸ਼ੋਰ)

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ** : ਸਰ, ਮੈਂ ਸਰਕਾਰ ਤੋਂ ਮੰਗ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਵੀ ਮਿਲਾਵਟਖੋਰ ਹਨ, ਇਨ੍ਹਾਂ ਨੂੰ 2000/-, 4000/- ਜਾਂ 5000/- ਰੁਪਿਆ ਜੁਰਮਾਨਾ ਲਗਾਉਣ ਨਾਲ ਇਸ ਚੀਜ਼ ਦਾ ਖਾਤਮਾ ਨਹੀਂ ਹੋਣਾ ਹੈ। ਇਸ ਲਈ ਘੱਟੋ ਘੱਟ ਧਾਰਾ 302 ਤਹਿਤ ਐਫ.ਆਈ.ਆਰ. ਦਰਜ ਹੋਵੇ ਜਾਂ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਈਏ ਕਿਉਂਕਿ ਇਹ ਇੱਕ ਤਰ੍ਹਾਂ ਦਾ ਜ਼ਹਿਰ ਸਾਨੂੰ ਅਤੇ ਸਾਡੇ ਬੱਚਿਆਂ ਨੂੰ

ਪਰੋਸਦੇ ਹਨ। ਇਹ ਵੀ ਇੱਕ ਹਿਸਾਬ ਦੀ ਸਾਡੀ ਨਸਲਕੁਸ਼ੀ ਕਰ ਰਹੇ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਕਾਨੂੰਨਾਂ ਵਿੱਚ ਸਖਤੀ ਲਿਆਂਦੀ ਜਾਵੇ। ਇਨ੍ਹਾਂ ਤੇ ਕੋਈ ਹੋਰ ਬਣਦੀ ਕਾਰਵਾਈ ਦੇ ਨਾਲ ਐਫ.ਆਈ.ਆਰ. ਵੀ ਦਰਜ ਕੀਤੀ ਜਾਵੇ ਅਤੇ ਇਕੱਲੇ ਕੋਰਟ ਕੇਸ ਨਾ ਹੋਣ। (ਵਿਘਨ)

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਮਾਣਯੋਗ ਮੁੱਖ ਮੰਤਰੀ ਵੱਲੋਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ. ਖਿਲਾਫ ਗੈਰ-ਸੰਸਦੀ ਸ਼ਬਦਾਂ ਦੀ ਵਰਤੋਂ ਸਬੰਧੀ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਫੈਸਲੇ ਦੀ ਮੰਗ ਕਰ ਰਹੇ ਸਨ। )

**ਮਾਣਯੋਗ ਸਪੀਕਰ**: ਤੁਸੀਂ ਆਪਣੀਆਂ ਸੀਟਾਂ ਤੇ ਜਾਓ। ਮੈਂ ਤੁਹਾਨੂੰ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਕੋਟਲੀ ਨੂੰ ਸੰਬੋਧਨ ਕਰਦੇ ਹੋਏ) ਬਾਹਰ ਜਾਣ ਵਾਸਤੇ ਨਹੀਂ ਕਹਿ ਸਕਦਾ, ਤੁਸੀਂ ਆਪਣੀ ਸੀਟ ਤੇ ਜਾਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੇਰੀ ਗੁਜ਼ਾਰਿਸ਼ ਹੈ ਕਿ ਅੰਡਰ ਰੂਲ 28(2), ਪ੍ਰਿਵਿਲੇਜ ਮੋਸ਼ਨ ਕਈ ਦਿਨਾਂ ਤੋਂ ਮੂਵ ਕੀਤਾ ਹੋਇਆ ਹੈ। ਇੱਕ ਆਨਰੇਬਲ ਮੈਂਬਰ ਬਾਰੇ ਚੀਫ ਮਨਿਸਟਰ ਸਾਹਿਬ ਨੇ ਜਿਹੜੀ ਗੱਲ ਕਹੀ ਹੈ ਉਹ ਬਹੁਤ ਹੀ ਨਿੰਦਣਯੋਗ ਹੈ। ਸਾਡੀ ਗੁਜ਼ਾਰਿਸ਼ ਹੈ ਕਿ ਕਿਰਪਾ ਕਰਕੇ ਤੁਸੀਂ ਆਪਣੀ ਰੂਲਿੰਗ ਤਾਂ ਦਿਓ ਤਾਂ ਗੱਲ ਮੁੱਕੇ ਜੀ, even if you agree with what the Chief Minister has said. ਤੁਸੀਂ ਇਹ ਗੱਲ ਦੱਸੋ ਕਿ ਚੀਫ ਮਨਿਸਟਰ ਨੇ ਜਿਹੜੀ ਸ਼ਬਦਾਵਲੀ ਵਰਤੀ ਹੈ, ਕੀ ਤੁਸੀਂ ਉਸ ਨਾਲ ਸਹਿਮਤ ਹੋ? ਕਿਉਂਕਿ ਕਈ ਹਜ਼ਾਰਾਂ ਸਾਲਾਂ ਤੋਂ ਇਸ ਵਰਗ ਨਾਲ ਸ਼ੋਸ਼ਣ ਹੋ ਰਿਹਾ ਹੈ।

**ਮਾਣਯੋਗ ਸਪੀਕਰ**: ਤੁਹਾਡੀ ਰਿਪ੍ਰੈਜ਼ੇਂਟੇਸ਼ਨ ਮੇਰੇ ਕੋਲ ਪਹੁੰਚ ਗਈ ਹੈ। ਮੈਂ ਇਸ ਤੇ ਵਿਚਾਰ ਕਰ ਰਿਹਾ ਹਾਂ। I will let you know.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਨੂੰ ਕਿਰਪਾ ਕਰਕੇ ਜਵਾਬ ਤਾਂ ਦਿਓ।

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਆਪਣੀਆਂ ਸੀਟਾਂ ਤੇ ਖੜ੍ਹੇ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਕੇ ** ਨਾਅਰੇ ਲਗਾਉਣ ਲੱਗ ਪਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ**: **ਨਾਅਰੇ ਰਿਕਾਰਡ ਨਾ ਕੀਤੇ ਜਾਣ।

---

**(ਕ੍ਰਮ ਨੰ: 31)**

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਮਹੱਤਵਪੂਰਣ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਪਿੰਡਾਂ ਵਿੱਚ ਅਤਿ ਗਰੀਬ ਲੋਕ, ਜਿਨ੍ਹਾਂ ਦੇ ਮਕਾਨ ਕੱਚੇ ਹਨ, ਉਨ੍ਹਾਂ ਨੂੰ ਪੱਕਾ ਕਰਨ ਲਈ ਪੀ.ਐਮ.ਏ.ਵਾਈ. ਤਹਿਤ 1.5 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਂਦੀ ਹੈ। ਇਹ ਰਾਸ਼ੀ ਲੈਣ ਲਈ ਗਰੀਬ ਲੋਕਾਂ ਨੂੰ ਬੀ.ਡੀ.ਪੀ.ਓ. ਦਫਤਰ ਜਾ ਕੇ ਪੀ.ਐਮ.ਏ.ਵਾਈ ਦੀ ਸਾਈਟ ਤੇ ਆਪਣੇ ਵੇਰਵੇ ਦਰਜ ਕਰਨੇ ਪੈਂਦੇ ਹਨ ਪਰ ਅਫਸੋਸ ਦੀ ਗੱਲ ਹੈ ਕਿ ਇਹ ਸਾਈਟ ਪਿਛਲੇ ਢਾਈ ਸਾਲਾਂ ਤੋਂ ਬੰਦ ਹੈ। ਜਦੋਂ ਸਾਈਟ ਹੀ ਬੰਦ ਹੈ ਫਿਰ ਕੱਚੇ ਮਕਾਨਾਂ ਵਾਲੇ ਗਰੀਬ ਕਿੱਥੋਂ ਆਸ ਰੱਖ ਸਕਦੇ ਹਨ ਕਿ ਉਨ੍ਹਾਂ ਦੀਆਂ ਚੋਂਦੀਆਂ ਛੱਤਾਂ ਪੱਕੀਆਂ ਹੋ ਸਕਣਗੀਆਂ। ਇਹ ਸਾਈਟ ਕੇਂਦਰ ਵੱਲੋਂ ਪੱਕੇ ਤੌਰ ਤੇ ਬੰਦ ਕਰਕੇ ਗਰੀਬ ਲੋਕਾਂ ਨਾਲ ਕੇਂਦਰ ਨੇ ਬਹੁਤ ਵੱਡਾ ਧੱਕਾ ਕੀਤਾ ਹੋਇਆ ਹੈ। ਮੇਰੀ ਆਪ ਜੀ ਨੂੰ ਗੁਜ਼ਾਰਿਸ਼ ਹੈ ਕਿ ਗਰੀਬ ਲੋਕਾਂ ਦੇ ਅੱਖਾਂ ਵਿੱਚੋਂ ਡਿੱਗਦੇ ਹੰਝੂਆਂ ਨੂੰ ਪੂੰਝਣ ਲਈ ਕੇਂਦਰ ਸਰਕਾਰ ਨਾਲ ਗੱਲ ਕਰਕੇ ਸਾਈਟ ਖੁਲ੍ਹਵਾਈ ਜਾਵੇ ਤੇ ਗਰੀਬਾਂ ਦੀਆਂ ਛੱਤਾਂ ਬਦਲਵਾਈਆਂ ਜਾਣ।

ਮਾਮਲੇ ਦੀ ਪ੍ਰਤੱਖ ਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

---

** Not recorded as ordered by the Chair.

---

**WALKOUT**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਪਿਛਲੇ ਦਿਨੀਂ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ. ਖਿਲਾਫ ਵਰਤੇ ਗਏ ਗੈਰ-ਸੰਸਦੀ ਸ਼ਬਦਾਂ ਕਾਰਨ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਕੋਈ ਫੈਸਲਾ ਨਾ ਲਏ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।

---

**ਨਵ ਅਤੇ ਨਵਿਆਉਣੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)**: ਸਰ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਇਹ ਸਾਰੇ ਮੈਂਬਰਾਂ ਦੇ ਫਾਇਦੇ ਦੀ ਗੱਲ ਹੈ ਕਿ ਵੈਸੇ ਤਾਂ ਨੇਵਾ ਐਪਲੀਕੇਸ਼ਨ ਨਾਲ ਬਹੁਤ ਵਧੀਆ ਹੋ ਗਿਆ ਹੈ ਤੇ ਸਾਰੇ ਮੈਂਬਰ ਸੌਖੇ ਵੀ ਹੋ ਗਏ ਹਨ ਪਰ ਇੱਕ ਗੱਲ ਮੇਰੇ ਧਿਆਨ ਵਿੱਚ ਆਈ ਹੈ ਜੋ ਮੈਂ ਤੁਹਾਡੇ ਵੀ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਅਤੇ ਚਾਹੁੰਦਾ ਹਾਂ ਕਿ ਇਸ ਸਬੰਧੀ ਤੁਸੀਂ ਕੁਰੈਕਸ਼ਨ ਕਰਵਾ ਲਓ। ਮੈਂ ਅੱਜ ਜਦੋਂ ਇਸ ਐਪ ਦੇ ਫੀਚਰਜ਼ ਚੈੱਕ ਕਰ ਰਿਹਾ ਸੀ ਤਾਂ ਮੈਂ ਇਸ ਵਿੱਚ ਹਾਜ਼ਰੀ ਦੇਖੀ ਤਾਂ ਇੱਕ ਤਰੀਕ ਦੀ ਦੂਜੀ ਸਿਟਿੰਗ ਵਿੱਚ ਮੇਰੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਸੀ ਜਦਕਿ ਮੈਂ ਇੱਥੇ ਹਾਜ਼ਰ ਸੀ। ਮੈਂ ਭੈਣ ਬਲਜੀਤ ਕੌਰ ਜੀ ਨੂੰ ਪੁੱਛਿਆ ਤਾਂ ਇਨ੍ਹਾਂ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ, ਸਰਦਾਰ ਹਰਪਾਲ ਚੀਮਾ ਜੀ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ ਔਰ ਈ.ਟੀ.ਓ. ਸਾਹਿਬ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ। ਇਸ ਤੋਂ ਇਲਾਵਾ ਹਰਪਾਲ ਚੀਮਾ ਜੀ ਦੀ 05 ਮਾਰਚ ਦੀ, ਜਿਸ ਦਿਨ ਇਨ੍ਹਾਂ ਨੇ ਬਜਟ ਪੇਸ਼ ਕੀਤਾ ਸੀ, ਉਸ ਦਿਨ ਦੀ ਵੀ ਗੈਰ ਹਾਜ਼ਰੀ ਸ਼ੋਅ ਹੋ ਰਹੀ ਹੈ। ਮੈਂ ਜਦੋਂ ਸਟਾਫ ਨੂੰ ਪੁੱਛਿਆ ਤਾਂ ਉਹ ਕਹਿੰਦੇ ਹਨ ਕਿ ਜੇ ਲਾਗ-ਇਨ ਕਰਾਂਗੇ ਤਾਂ ਹੀ ਹਾਜ਼ਰੀ ਲਗਦੀ ਹੈ। ਸੋ, ਮੇਰੇ ਕਹਿਣ ਦਾ ਕੋਈ ਹੋਰ ਮਕਸਦ ਜਾਂ ਕੰਸੀਡਰੇਸ਼ਨ ਨਹੀਂ ਹੈ, ਸਿਰਫ ਇਹੀ ਦੋ ਮਕਸਦ ਹਨ ਕਿ ਚੀਮਾ ਸਾਹਿਬ ਦੀ ਗੈਰ ਹਾਜ਼ਰੀ ਲੱਗ ਰਹੀ ਹੈ ਤੇ ਅੱਗੇ ਆਉਣ ਵਾਲੇ ਸਮੇਂ ਵਿੱਚ ਇਸ ਦੀ ਫੰਕਸ਼ਨਿੰਗ ਕਾਰਨ ਇਹ ਸਵਾਲ ਨਾ ਹੋਵੇ ਕਿ ਇਹ ਕਿਵੇਂ ਸੰਭਵ ਹੈ

ਕਿ ਗੈਰ ਹਾਜ਼ਰੀ ਵਿੱਚ ਬਜਟ ਪੇਸ਼ ਹੋ ਰਿਹਾ ਹੈ। ਇਸ ਤੋਂ ਇਲਾਵਾ ਜਦੋਂ ਕੋਈ ਆਰ.ਟੀ.ਆਈ. ਵਿੱਚ ਜਾਂ ਕੋਈ ਪੱਤਰਕਾਰ ਵੀਰ ਕੱਲ੍ਹ ਨੂੰ ਸਾਰੇ ਮੈਂਬਰ ਸਾਹਿਬਾਨਾਂ ਦੀ ਹਾਜ਼ਰੀ ਪੁੱਛਦਾ ਹੈ ਤਾਂ ਅਟੈਂਡੈਂਸ ਰੇਸ਼ੋ ਘੱਟ ਜਾਂਦੀ ਹੈ। ਮੇਰੇ ਖਿਆਲ ਵਿੱਚ ਇਸ ਵਿੱਚ ਕੁਰੈਕਸ਼ਨ ਕਰਵਾਈ ਜਾਵੇ ਕਿਉਂਕਿ ਇਸ ਸਬੰਧੀ ਕਿਸੇ ਨੂੰ ਦੱਸਿਆ ਨਹੀਂ ਗਿਆ ਸੀ ਕਿ ਇਸ ਨੂੰ ਰੋਜ਼ ਲਾਗ-ਇਨ ਕਰਨਾ ਹੁੰਦਾ ਹੈ।

**ਮਾਣਯੋਗ ਸਪੀਕਰ**: ਮਾਣਯੋਗ ਮੰਤਰੀ ਜੀ, ਤੁਹਾਡਾ ਧੰਨਵਾਦ। ਹਾਜ਼ਰੀ ਅਜੇ ਤੱਕ ਮੈਨੂਅਲ ਹੀ ਲੱਗ ਰਹੀ ਹੈ, ਇਸ ਲਈ ਹਾਜ਼ਰੀ ਦਾ ਕੋਈ ਇਸ਼ੂ ਨਹੀਂ ਹੈ। ਬਾਕੀ ਇਹ ਜਿਹੜਾ ਨਵਾਂ ਪ੍ਰੋਸੈੱਸ ਸ਼ੁਰੂ ਕੀਤਾ ਹੈ, ਇਸ ਵਿੱਚ ਕਈ ਤਰ੍ਹਾਂ ਦੀਆਂ ਊਣਤਾਈਆਂ ਹੋਣਗੀਆਂ, ਉਹ ਆਪਾਂ ਵਾਚ ਕੇ ਦੂਰ ਕਰ ਲਵਾਂਗੇ।

---

**CALLING ATTENTION NOTICES UNDER RULE 66 *(Resumption)***

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)** : ਸਪੀਕਰ ਸਾਹਿਬ, ਮਾਣਯੋਗ ਮੈਂਬਰ ਜੀ ਦੁਆਰਾ ਇਸ ਵਿਸ਼ੇ ਤੇ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਕੱਚੇ ਮਕਾਨਾਂ ਦੀਆਂ ਅਰਜ਼ੀਆਂ ਲਈ ਸਾਲ 2018 ਵਿੱਚ ਕੇਂਦਰ ਸਰਕਾਰ ਦੀ ਸਾਈਟ ਤੇ ਮੋਬਾਈਲ ਐਪਲੀਕੇਸ਼ਨ ਰਾਹੀਂ ਰਜਿਸਟ੍ਰੇਸ਼ਨਾਂ ਕੀਤੀਆਂ ਗਈਆਂ ਸਨ, ਜਿਸ ਦੇ ਆਧਾਰ ਤੇ ਸਥਾਈ ਉਡੀਕ ਵਾਲੀ ਸੂਚੀ ਵਿੱਚ ਕੁੱਲ 87,505 ਲਾਭਪਾਤਰੀਆਂ ਦੇ ਨਾਮ ਸ਼ਾਮਲ ਹੋਣ ਤੋਂ ਬਾਅਦ ਸਾਲ 2019 ਵਿੱਚ ਪੂਰੇ ਭਾਰਤ ਵਿੱਚ ਹੀ ਸਾਈਟ ਬੰਦ ਕਰ ਦਿੱਤੀ ਗਈ ਸੀ। ਪੰਜਾਬ ਸਰਕਾਰ ਨੂੰ ਸਾਲ 2021 ਵਿੱਚ ਕੁੱਲ 17,117 ਘਰ ਬਣਾਉਣ ਦਾ ਟੀਚਾ ਦਿੱਤਾ ਗਿਆ ਸੀ, ਜਿਸ ਵਿੱਚੋਂ ਹੁਣ ਤੱਕ ਤਕਰੀਬਨ 80% ਘਰ ਮੁਕੰਮਲ ਹੋ ਚੁੱਕੇ ਹਨ ਅਤੇ ਬਾਕੀ ਉਸਾਰੀ ਅਧੀਨ ਹਨ। ਸਾਈਟ ਨੂੰ ਦੁਬਾਰਾ ਤੋਂ ਖੁਲ੍ਹਵਾਉਣ ਲਈ ਸਮੂਹ ਰਾਜਾਂ ਸਮੇਤ ਪੰਜਾਬ ਵੱਲੋਂ ਕੇਂਦਰ ਸਰਕਾਰ ਨੂੰ ਉੱਚ ਪੱਧਰੀ ਮੀਟਿੰਗਾਂ ਵਿੱਚ ਸਮੇਂ ਸਮੇਂ ਤੇ ਬੇਨਤੀ ਕੀਤੀ ਗਈ ਹੈ। ਹੁਣ ਕੇਂਦਰ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਲਈ PMAY-G ਸਕੀਮ ਨਵੇਂ ਸਿਰੇ ਤੋਂ ਲਾਗੂ ਕੀਤੀ ਜਾ ਰਹੀ ਹੈ, ਜਿਸ

ਤਹਿਤ ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿੱਚ ਕੁੱਲ 2 ਕਰੋੜ ਨਵੇਂ ਮਕਾਨ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਤੋਂ ਇਲਾਵਾ ਸਕੀਮ ਦੀ ਗ੍ਰਾਂਟ ਨੂੰ ਵਧਾਉਣ ਅਤੇ ਲਾਭਪਾਤਰਾਂ ਦੀ ਚੋਣ ਲਈ ਮਿੱਥੇ ਗਏ ਮਾਪਦੰਡਾਂ ਵਿੱਚ ਛੋਟ ਦੇਣ ਲਈ ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਕੇਂਦਰ ਸਰਕਾਰ ਵਲੋਂ ਮਿਤੀ 13 ਅਤੇ 14 ਫਰਵਰੀ, 2024 ਨੂੰ ਸਮੂਹ ਰਾਜਾਂ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਸੀ। ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਭੇਜੇ ਗਏ ਸਾਲ 2024-25 ਦੇ ਸਾਲਾਨਾ ਐਕਸ਼ਨ ਪਲਾਨ ਵਿੱਚ ਕੁੱਲ 20 ਹਜ਼ਾਰ ਨਵੇਂ ਮਕਾਨਾਂ ਦੇ ਟੀਚੇ ਦੀ ਮੰਗ ਕੀਤੀ ਗਈ ਹੈ, ਜਿਸ ਦੀ ਅਜੇ ਪ੍ਰਵਾਨਗੀ ਆਉਣੀ ਬਾਕੀ ਹੈ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਜਿਵੇਂ ਮੰਤਰੀ ਜੀ ਨੇ ਆਪਣੇ ਮੂੰਹੋਂ ਹੀ ਦੱਸਿਆ ਹੈ ਕਿ ਪਿਛਲੇ 6 ਸਾਲਾਂ ਤੋਂ ਭਾਵ 2018 ਤੋਂ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਸਾਈਟ ਹੀ ਬੰਦ ਹੈ। ਤੁਸੀਂ ਸੋਚ ਕੇ ਦੇਖੋ ਕਿ ਉਹ ਲੱਖਾਂ ਗਰੀਬ ਪਰਿਵਾਰ, ਜੋ ਅਪਲਾਈ ਹੀ ਨਹੀਂ ਕਰ ਸਕੇ, ਉਨ੍ਹਾਂ ਦਾ ਮਕਾਨ ਬਣਨਾ ਜਾਂ ਪਾਸ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ। ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਸੈਂਟਰ ਪੰਜਾਬ ਦੇ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਸਲੂਕ ਕਰਦੀ ਹੈ। ਸਾਡੇ ਗਰੀਬ ਪਰਿਵਾਰਾਂ ਨਾਲ ਹਮੇਸ਼ਾ ਧੱਕਾ ਹੁੰਦਾ ਰਿਹਾ ਹੈ। ਸੋ, ਜਿਹੜੇ ਗਰੀਬ ਪਰਿਵਾਰਾਂ ਦੀਆਂ ਛੱਤਾਂ ਚੋਂਦੀਆਂ ਹਨ, ਰੋਟੀ, ਕੱਪੜਾ, ਮਕਾਨ, ਸਾਡੀਆਂ ਸਰਕਾਰਾਂ ਨੇ ਦੇਣਾ ਹੈ। ਇਹ ਸਾਡਾ ਫਰਜ਼ ਹੈ। ਇਸ ਸਬੰਧੀ ਲੱਖਾਂ ਐਪਲੀਕੇਸ਼ਨਾਂ ਸਾਡੇ ਦਫਤਰਾਂ ਵਿੱਚ ਆਉਂਦੀਆਂ ਹਨ। ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਜ਼ਰੀਏ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਸੀਂ ਇਨ੍ਹਾਂ ਗਰੀਬ ਪਰਿਵਾਰਾਂ ਲਈ ਕੋਈ ਪਾਲਿਸੀ ਲਿਆ ਰਹੇ ਹਾਂ, ਜਿਸ ਤਹਿਤ ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਬਦਲਵਾ ਸਕੀਏ ਅਤੇ ਟਪਕਦੇ ਪਾਣੀ ਨੂੰ ਰੋਕ ਸਕੀਏ। ਕੀ ਪੰਜਾਬ ਸਰਕਾਰ ਆਪਣੇ ਤੌਰ ਤੇ ਉਨ੍ਹਾਂ ਗਰੀਬ ਪਰਿਵਾਰਾਂ ਦੀ ਬਾਂਹ ਫੜਨ ਲਈ ਕੋਈ ਸਕੀਮ ਲਿਆ ਰਹੀ ਹੈ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਇਹ ਸਕੀਮ ਸੈਂਟਰ ਦੇ ਅੰਡਰ ਹੀ ਆਉਂਦੀ ਹੈ। ਇਸ ਵਿੱਚ ਇਕੱਲਾ ਪੰਜਾਬ ਨਹੀਂ ਬਲਕਿ ਸਾਰੀਆਂ ਸਟੇਟਾਂ ਹੀ ਆਉਂਦੀਆਂ ਹਨ। ਇਹ ਵੈੱਬਸਾਈਟ ਸਾਲ 2019 ਦੀ ਬੰਦ ਹੈ। ਸਾਡੇ ਅਧਿਕਾਰੀਆਂ ਵੱਲੋਂ ਸੈਂਟਰ ਸਰਕਾਰ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਹੋ ਸਕਦਾ ਹੈ ਕਿ ਇਹ ਸਾਈਟ ਜਲਦੀ ਹੀ ਖੁੱਲ੍ਹੇ ਤੇ ਜਿਹੜੇ ਸਾਡੇ ਲੋੜਵੰਦ ਭੈਣ-ਭਰਾ ਹਨ, ਜਿਨ੍ਹਾਂ ਦੇ ਘਰ ਦੀਆਂ ਛੱਤਾਂ ਖਰਾਬ ਹਨ, ਉਨ੍ਹਾਂ ਦੀਆਂ ਛੱਤਾਂ ਸੈਂਟਰ ਵੱਲੋਂ ਜਲਦੀ ਹੀ ਪੁਆਈਆਂ ਜਾਣਗੀਆਂ। ਬਾਕੀ ਮੈਂ ਆਪਣੇ ਅਧਿਕਾਰੀ ਸਾਹਿਬਾਨਾਂ ਨਾਲ ਸਲਾਹ ਮਸ਼ਵਰਾ ਕਰਾਂਗਾ ਕਿ ਕੀ ਕੋਈ ਇਸ ਤਰ੍ਹਾਂ ਦੀ ਪ੍ਰੋਵੀਜ਼ਨ ਹੋ ਸਕਦੀ ਹੈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਗਰੀਬ ਲੋੜਵੰਦ ਪਰਿਵਾਰਾਂ ਦੀ ਮਦਦ ਹੋ ਸਕੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਉਹ ਤਾਂ ਇਹ ਨਾਅਰਾ ਲਗਾਉਂਦੇ ਹਨ "ਸਭ ਕਾ ਸਾਥ, ਸਭ ਕਾ ਵਿਕਾਸ" ਪਰ ਇਸ ਦੇ ਉਲਟ ਜਿਹੜੇ ਗਰੀਬ ਹਨ, ਜਿਨ੍ਹਾਂ ਦੇ ਮਕਾਨ ਖਰਾਬ ਹੋ ਗਏ ਹਨ, ਉਨ੍ਹਾਂ ਦਾ ਕੇਂਦਰ ਸਰਕਾਰ ਸਾਥ ਨਹੀਂ ਦੇ ਰਹੀ?

**ਮੰਤਰੀ:** ਕੇਂਦਰ ਵਾਲਿਆਂ ਨੇ ਤਾਂ ਸਾਰੇ ਭਾਰਤ ਨਾਲ ਹੀ ਧੱਕਾ ਕੀਤਾ ਹੈ। ਸਾਰੀਆਂ ਸਟੇਟਾਂ ਦੀ ਸਾਲ 2019 ਦੀ ਵੈੱਬਸਾਈਟ ਬੰਦ ਕੀਤੀ ਹੋਈ ਹੈ।

**ਮਾਣਯੋਗ ਸਪੀਕਰ:** ਠੀਕ ਹੈ ਜੀ।

**ਮੰਤਰੀ:** ਪੰਜਾਬ ਨਾਲ ਤਾਂ ਹੱਦ ਤੋਂ ਵੀ ਵੱਧ ਕਰੀ ਜਾਂਦੇ ਹਨ ਪਰ ਦੂਜੀਆਂ ਸਟੇਟਾਂ ਲਈ ਵੀ ਵੈੱਬਸਾਈਟ ਬੰਦ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

---

***(ਕ੍ਰਮ ਨੰ: 32)***

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਮਹੱਤਵਪੂਰਨ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਹਲਕਾ ਡੇਰਾਬੱਸੀ ਵਿਖੇ ਪੈਂਦੀ ਬਰਵਾਲਾ ਰੋਡ ਦੀ ਹਾਲਤ ਪਿਛਲੇ ਬਹੁਤ ਲੰਬੇ ਸਮੇਂ ਤੋਂ ਬਹੁਤ ਜ਼ਿਆਦਾ ਖਸਤਾ ਹੋਣ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਦਿੱਕਤਾਂ ਤੇ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸੜਕ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਰਾਜਾਂ ਨਾਲ ਜੁੜਦੀ ਹੋਣ ਕਾਰਨ ਬਹੁਤ ਜ਼ਿਆਦਾ ਮਹੱਤਵਪੂਰਨ ਸੜਕ ਹੈ ਅਤੇ ਇਸ ਸੜਕ ਉੱਤੇ ਬਹੁਤ ਜ਼ਿਆਦਾ ਆਵਾਜਾਈ ਰਹਿੰਦੀ ਹੈ। ਇਸ ਸੜਕ ਉੱਤੇ ਪੈਂਦੀਆਂ ਬਹੁਤ ਸਨਅਤੀ ਇਕਾਈਆਂ ਕਾਰਨ ਸਰਕਾਰ ਨੂੰ ਬਹੁਤ ਮਾਲੀਆ ਵੀ ਇਕੱਤਰ ਹੁੰਦਾ ਹੈ ਪਰੰਤੂ ਇਸ ਸੜਕ ਦੀ ਪਿਛਲੇ ਬਹੁਤ ਲੰਬੇ ਸਮੇਂ ਤੋਂ ਰਿਪੇਅਰ ਨਾ ਹੋਣ ਕਾਰਨ ਜਾਂ ਨਾ ਬਣਾਉਣ ਕਾਰਨ ਸੜਕ ਵਿੱਚ ਬਹੁਤ ਵੱਡੇ ਵੱਡੇ ਤੇ ਡੂੰਘੇ ਟੋਏ ਪਏ ਹਨ, ਜਿਸ ਕਾਰਨ ਸੜਕ ਉੱਤੇ ਹਰ ਰੋਜ਼ ਐਕਸੀਡੈਂਟ ਵਾਪਰ ਰਹੇ ਹਨ, ਜਿਨ੍ਹਾਂ ਵਿਚ ਬਹੁਤ ਲੋਕਾਂ ਦੀਆਂ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ। ਸਮੁੱਚੇ ਇਲਾਕੇ ਦੇ ਲੋਕਾਂ ਵਿੱਚ ਪਿਛਲੇ ਬਹੁਤ ਲੰਬੇ ਸਮੇਂ ਤੋਂ ਇਸ ਸੜਕ ਨੂੰ ਨਾ ਬਣਾਏ ਜਾਣ ਕਾਰਨ ਬਹੁਤ ਜ਼ਿਆਦਾ ਨਿਰਾਸ਼ਤਾ, ਬੇਚੈਨੀ ਤੇ ਘਬਰਾਹਟ ਪਾਈ ਜਾ ਰਹੀ ਹੈ। ਇਲਾਕੇ ਦੇ ਸਮੁੱਚੇ ਲੋਕਾਂ ਦੀ ਮੰਗ ਹੈ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਉੱਤੇ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਤੋਂ ਨਿਜਾਤ ਮਿਲ ਸਕੇ।

ਮਾਮਲੇ ਦੀ ਪ੍ਰਤੱਖ ਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਪੀਕਰ ਸਾਹਿਬ, ਇਸ ਸੜਕ ਦੀ ਰਿਪੇਅਰ ਨਾ ਹੋਣ ਕਰਕੇ ਵੱਡੇ-ਵੱਡੇ ਟੋਏ ਪਏ ਹੋਏ ਹਨ, ਜਿਸ ਕਰਕੇ ਪਿਛਲੇ ਡੇਢ ਸਾਲ ਵਿੱਚ ਲਗਭਗ 20 ਦੇ ਕਰੀਬ ਮੌਤਾਂ ਹੋਈਆਂ ਹਨ। ਮਾਲੀਆ ਲੈਣ ਦੇ ਬਾਵਜੂਦ ਵੀ ਪਿਛਲੀਆਂ ਸਰਕਾਰਾਂ ਦੇ 10-12 ਸਾਲਾਂ ਵਿੱਚ ਇਸ ਸੜਕ ਤੇ ਕੋਈ ਮਿੱਟੀ ਦੀ ਟੋਕਰੀ ਜਾਂ ਕਿਤੇ ਵੀ ਕੰਕਰੀਟ ਪਾ ਕੇ ਸੜਕ ਨਹੀਂ ਬਣਾਈ ਗਈ। ਹੁਣ ਮੈਂ ਮੁੱਖ ਮੰਤਰੀ, ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ। ਮੈਂ ਪਿਛਲੀ

ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵੀ ਮੁੱਖ ਮੰਤਰੀ ਸਾਹਿਬ ਨੂੰ ਬਰਵਾਲਾ ਰੋਡ ਦੇ ਹਾਲਤਾਂ ਬਾਰੇ ਜਾਣੂੰ ਕਰਵਾਇਆ ਸੀ, ਜਿਸ ਕਾਰਨ ਅੱਜ ਉਥੇ ਕੰਮ ਸ਼ੁਰੂ ਹੋ ਚੁੱਕਿਆ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਦੱਸਣਾ ਵੀ ਚਾਹੁੰਦਾ ਹਾਂ ਕਿ 10 ਕਿਲੋਮੀਟਰ ਵਿੱਚੋਂ 3 ਕਿਲੋਮੀਟਰ ਸੜਕ ਬਣ ਚੁੱਕੀ ਹੈ। ਮੈਂ ਮੰਤਰੀ ਜੀ ਦਾ ਵੀ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਡੇਢ ਸਾਲ ਵਿੱਚ ਐਸ.ਡੀ.ਓ. ਤਾਂ ਨਹੀਂ ਦਿੱਤੇ ਪਰ ਤੁਸੀਂ ਸੜਕ ਜ਼ਰੂਰ ਬਣਾ ਦਿੱਤੀ ਅਤੇ ਜਿਹੜੀਆਂ ਕੀਮਤੀ ਜਾਨਾਂ ਹਨ, ਉਹ ਬਚਾ ਲਈਆਂ। ਇਸ ਲਈ ਪੰਜਾਬ ਸਰਕਾਰ ਅਤੇ ਖਾਸ ਕਰ ਈ.ਟੀ.ਓ. ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਵੀ ਇਸ ਸੜਕ ਵਾਸਤੇ ਬੜਾ ਜ਼ੋਰ ਲਗਾਇਆ ਸੀ। ਡੇਢ ਸਾਲ ਦਾ ਸਮਾਂ ਹੋ ਗਿਆ ਹੈ, ਤੁਹਾਨੂੰ ਯਾਦ ਹੋਵੇਗਾ, ਕਿਰਪਾ ਕਰਕੇ ਜਿਹੜੇ ਦੋ ਐਸ.ਡੀ.ਓ. ਰਹਿੰਦੇ ਹਨ, ਉਸ ਸਬੰਧੀ ਵੀ ਕੰਡਾ ਕੱਢ ਦਿਓ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹੁਣ ਧੰਨਵਾਦ ਹੋ ਗਿਆ ਹੈ। ਕੀ ਮੰਤਰੀ ਜੀ ਜਵਾਬ ਦੇਣਾ ਹੈ? ਹਾਂ ਜੀ, ਸਰਦਾਰ ਹਰਭਜਨ ਸਿੰਘ ਜੀ। ਮੰਤਰੀ ਜੀ, ਮੈਂਬਰ ਸਾਹਿਬ ਕੋਈ ਕੰਡਾ ਕੱਢਣ ਨੂੰ ਕਹਿੰਦੇ ਹਨ ਜੀ। (ਹਾਸਾ)

**ਲੋਕ ਨਿਰਮਾਣ (ਭ ਅਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ):** ਮਾਣਯੋਗ ਸਪੀਕਰ ਸਾਹਿਬ, ਜਿਹੜੀ ਰੋਡ ਦੀ ਗੱਲ ਮਾਣਯੋਗ ਮੈਂਬਰ ਸਾਹਿਬ ਨੇ ਕੀਤੀ ਹੈ, ਇਹ ਡੇਰਾਬੱਸੀ ਤੋਂ ਹਰਿਆਣਾ ਵਿੱਚ ਬਰਵਾਲਾ ਤੱਕ ਜਾਂਦੀ ਹੈ। ਇਸ ਵਾਸਤੇ 19 ਕਰੋੜ ਰੁਪਿਆ ਮਨਜ਼ੂਰ ਕੀਤਾ ਜਾ ਚੁੱਕਿਆ ਹੈ ਅਤੇ ਕੰਮ ਪ੍ਰਗਤੀ ਅਧੀਨ ਹੈ ਪਰੰਤੂ ਹੁਣ ਨੈਸ਼ਨਲ ਹਾਈਵੇਅ ਉੱਤੇ ਕਿਸਾਨੀ ਅੰਦੋਲਨ ਹੋਣ ਕਰਕੇ ਬਰਵਾਲਾ ਰੋਡ ਜ਼ਿਆਦਾ ਚੱਲ ਰਹੀ ਹੈ। ਜ਼ਿਆਦਾ ਟਰੈਫਿਕ ਉੱਧਰ ਨੂੰ ਸ਼ਿਫਟ ਹੋ ਚੁੱਕੀ ਹੈ। ਸੋ, ਪੂਰਾ ਕੰਮ ਸਹੀ ਤਰੀਕੇ ਨਾਲ ਨਹੀਂ ਚੱਲ ਰਿਹਾ ਹੈ ਪਰ ਫਿਰ ਵੀ ਇਸ ਕੰਮ ਨੂੰ ਅਸੀਂ 12 ਮਹੀਨਿਆਂ ਵਾਸਤੇ ਅਲਾਟ ਕੀਤਾ ਸੀ ਔਰ ਕੰਮ ਕਾਫੀ ਕੰਪਲੀਟ ਵੀ ਹੋ ਚੁੱਕਿਆ ਹੈ। ਅਸੀਂ ਇਸ ਕੰਮ ਨੂੰ ਦਸੰਬਰ, 2024 ਤੱਕ ਹਰ ਹਾਲਤ ਵਿੱਚ ਕੰਪਲੀਟ ਕਰਵਾ ਦੇਵਾਂਗੇ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਮੰਤਰੀ ਜੀ, ਇਸ ਲਈ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਲੋਕਾਂ ਦਾ ਵਧੀਆ ਦਿਲ ਟਿਕਾ ਦਿੱਤਾ ਹੈ, ਮਨ ਟਿਕ ਗਿਆ ਹੈ। ਪੱਥਰ ਪੈਣਾ ਸ਼ੁਰੂ ਹੋ ਗਿਆ ਹੈ, ਕਾਰਪੇਟਿੰਗ ਸ਼ੁਰੂ

ਹੋ ਗਈ ਹੈ। ਬਸ ਇੰਨਾ ਕੁ ਖਿਆਲ ਰੱਖਿਓ ਕਿ ਡੇਢ ਸਾਲ ਮੈਨੂੰ ਚੱਕਰ ਮਾਰਦਿਆਂ ਨੂੰ ਹੋ ਗਏ ਹਨ, ਜਿਹੜੇ ਦੋ ਐਸ.ਡੀ.ਓ. ਰਹਿੰਦੇ ਹਨ, ਉਹ ਜ਼ਰੂਰ ਲਗਵਾ ਦਿਓ।

---

## PRESENTATION OF REPORTS OF THE COMMITTEES

**ਮਾਣਯੋਗ ਸਪੀਕਰ :** ਸ਼੍ਰੀ ਗੁਰਪ੍ਰੀਤ ਬੱਸੀ ਗੋਗੀ, ਚੇਅਰਮੈਨ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਸਥਾਨਕ ਸੰਸਥਾਵਾਂ ਸੰਬੰਧੀ ਕਮੇਟੀ (ਸ਼੍ਰੀ ਗੁਰਪ੍ਰੀਤ ਬੱਸੀ ਗੋਗੀ):** ਸ਼੍ਰੀਮਾਨ ਜੀ, ਮੈਂ ਸਾਲ 2023-24 ਲਈ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੇ ਆਮ ਕੰਮਕਾਰ ਨਾਲ ਸਬੰਧਤ ਦੂਜੀ ਰਿਪੋਰਟ ਪੇਸ਼ ਕਰਦਾ ਹਾਂ।

ਸਪੀਕਰ ਸਾਹਿਬ, ਜੇਕਰ ਆਗਿਆ ਹੋਵੇ ਤਾਂ ਮੈਂ 15 ਕੁ ਮਿੰਟ ਬੋਲ ਕੇ ਕੁਝ ਤੱਥਾਂ ਬਾਰੇ ਦੱਸ ਦੇਵਾਂ ਕਿਉਂਕਿ ਮੈਂ ਇੱਕ ਸਾਲ ਮਿਹਨਤ ਕੀਤੀ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਬੋਲੋ।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ :** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਸਦਨ ਦੇ ਸਾਰੇ ਮੈਂਬਰਾਂ ਨੂੰ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਵੱਲੋਂ ਇੱਕ ਸਾਲ ਦੌਰਾਨ ਕੀਤੇ ਗਏ ਕੰਮਕਾਜ ਬਾਰੇ ਦੱਸਣਾ ਚਾਹੁੰਦਾ ਹਾਂ। ਕਮੇਟੀ ਦੀ ਰਿਪੋਰਟ ਜਿਹੜੀ ਕਿ ਹੁਣੇ ਹੀ ਸਦਨ ਸਾਹਮਣੇ ਪੇਸ਼ ਕੀਤੀ ਹੈ, ਇਸ ਵਿੱਚ ਲਗਭਗ ਹਰ ਮੀਟਿੰਗ ਦੀ ਕਾਰਵਾਈ ਦਾ ਡਿਟੇਲ ਵਿੱਚ ਜ਼ਿਕਰ ਕੀਤਾ ਗਿਆ ਹੈ ਪਰ ਮੈਂ ਕੁਝ ਅਤਿ ਮਹੱਤਵਪੂਰਨ ਨੁਕਤਿਆਂ ਬਾਰੇ ਹੀ ਚਾਨਣਾ ਪਾਉਣਾ ਚਾਹੁੰਦਾ ਹਾਂ। ਮੇਰੀ ਸਾਰੇ ਹੀ ਮਾਣਯੋਗ ਮੈਂਬਰਾਂ ਨੂੰ ਚਾਹੇ ਰੂਲਿੰਗ ਵਾਲੇ ਹੋਣ ਜਾਂ ਆਪੋਜ਼ੀਸ਼ਨ ਵਾਲੇ ਵੀਰ ਹੋਣ, ਸਭ ਨੂੰ ਗੁਜ਼ਾਰਿਸ਼ ਹੈ ਕਿ ਸਾਰੇ ਕਮੇਟੀ ਦੀ ਰਿਪੋਰਟ ਨੂੰ ਜ਼ਰੂਰ ਪੜ੍ਹਨ। ਇਸ ਸਦਨ ਦੀ ਮਾਰਫਤ ਮੈ ਆਮ ਜਨਤਾ ਨੂੰ ਵੀ ਕਹਾਂਗਾ ਕਿ ਉਹ ਆਨਲਾਈਨ ਨੇਵਾ ਐਪ

ਜਾਂ ਵੈਬਸਾਈਟ ਤੇ ਜਾ ਕੇ ਰਿਪੋਰਟ ਪੜ੍ਹ ਸਕਦੇ ਹਨ ਅਤੇ ਆਪਣੇ ਕੀਮਤੀ ਸੁਝਾਅ ਵੀ ਕਮੇਟੀ ਨੂੰ ਦੇ ਸਕਦੇ ਹਨ ਤਾਂ ਕਿ ਅਸੀਂ ਸਾਰੇ ਹੀ ਪੰਜਾਬ ਦੀ ਬਿਹਤਰੀ ਵਾਸਤੇ ਕੰਮ ਕਰ ਸਕੀਏ। ਮੈਂ ਇਸ ਕਮੇਟੀ ਦੇ ਸਾਰੇ ਹੀ ਮੈਂਬਰਾਂ ਵੱਲੋਂ ਦਿੱਤੇ ਗਏ ਯੋਗਦਾਨ ਵਾਸਤੇ ਵੀ ਧੰਨਵਾਦੀ ਹਾਂ।

ਸਪੀਕਰ ਸਾਹਿਬ, ਆਪ ਜੀ ਵੱਲੋਂ ਸਾਲ 2023-24 ਲਈ ਇਹ ਕਮੇਟੀ ਮਿਤੀ 06.06.2023 ਨੂੰ ਨਾਮਜ਼ਦ ਕੀਤੀ ਗਈ ਸੀ। ਕਮੇਟੀ ਨੇ ਰਿਪੋਰਟ ਤਿਆਰ ਕਰਨ ਤੱਕ ਕੁੱਲ 19 ਮੀਟਿੰਗਾਂ ਕੀਤੀਆਂ। ਕਮੇਟੀ ਵੱਲੋਂ ਆਪਣੀਆਂ ਮੀਟਿੰਗਾਂ ਦੌਰਾਨ ਵੱਖ ਵੱਖ ਨਗਰ ਨਿਗਮਾਂ, ਨਗਰ ਸੁਧਾਰ ਟਰੱਸਟਾਂ ਅਤੇ ਨਗਰ ਕੌਂਸਲਾਂ ਦੇ ਬਜਟ, ਉਨ੍ਹਾਂ ਦੇ ਵੱਖ ਵੱਖ ਵਿਕਾਸ ਦੇ ਕੰਮਾਂ, ਉਨ੍ਹਾਂ ਤੋਂ ਪ੍ਰਾਪਤ ਹੋਈਆਂ ਉੱਤਰਮਾਲਾਵਾਂ, ਸਾਲਾਨਾ ਆਡਿਟ ਰਿਪੋਰਟਾਂ, ਅਕਾਊਂਟ ਆਡਿਟਾਂ, 74ਵੀਂ ਸੋਧ ਵਿੱਚ ਦਰਜ ਨੁਕਤਿਆਂ ਨੂੰ ਲਾਗੂ ਕਰਨਾ, ਐਨੂਅਲ ਟੈਕਨੀਕਲ ਇੰਸਪੈਕਸ਼ਨ ਰਿਪੋਰਟ ਆਦਿ ਦੇ ਵਿਭਾਗ ਵੱਲੋਂ ਪ੍ਰਾਪਤ ਹੋਏ ਉੱਤਰਾਂ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸਪੀਕਰ ਸਾਹਿਬ, ਐਗਜ਼ਾਮੀਨੇਸ਼ਨ ਦੌਰਾਨ ਕਮੇਟੀ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਨਗਰ ਨਿਗਮ, ਬਠਿੰਡਾ ਵਿੱਚ ਕਈ ਆਡਿਟ ਪੈਰ੍ਹੇ ਸਾਲ 1953 ਤੋਂ ਪੈਂਡਿੰਗ ਚਲੇ ਆ ਰਹੇ ਸਨ। ਇਸ ਬਾਰੇ ਪੁੱਛਣ ਤੇ ਜਵਾਬ ਦਿੱਤਾ ਗਿਆ ਕਿ ਸਿਰਫ ਦੋ ਪੈਰਿਆਂ ਸਬੰਧੀ ਰਿਕਵਰੀ ਕਰ ਲਈ ਗਈ ਹੈ ਪਰ ਬਾਕੀ ਪੈਰਿਆਂ ਦਾ ਰਿਕਾਰਡ ਪੁਰਾਣਾ ਹੋਣ ਕਰਕੇ ਅਵੇਲੇਬਲ ਨਹੀਂ ਹੈ, ਜਿਸ ਕਾਰਨ ਇਹੀ ਪਤਾ ਨਹੀਂ ਲੱਗ ਸਕਿਆ ਕਿ ਇਹ ਪੈਰ੍ਹੇ ਕਿੰਨੀ ਰਕਮ ਦੇ ਹਨ। ਵਿਭਾਗ ਨੂੰ ਇਹੋ ਜਿਹੇ ਪੈਂਡਿੰਗ ਪੈਰਿਆਂ ਨੂੰ ਸੈਟਲ ਕਰਨ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਚੰਡੀਗੜ੍ਹ ਦੇ ਨਜ਼ਦੀਕ ਜ਼ੀਰਕਪੁਰ ਅਤੇ ਡੇਰਾਬੱਸੀ ਬਹੁਤ ਤੇਜ਼ੀ ਨਾਲ ਡਿਵੈਲਪ ਹੋ ਰਹੇ ਹਨ। ਇਥੇ ਆਬਾਦੀ ਬਹੁਤ ਵੱਧ ਗਈ ਹੈ ਪਰ ਇੱਥੋਂ ਦੀਆਂ ਨਗਰ ਕੌਂਸਲਾਂ ਆਮ ਲੋਕਾਂ ਨੂੰ ਪੂਰੀ ਤਰ੍ਹਾਂ ਸਹੂਲਤਾਂ ਦੇਣ ਵਿੱਚ ਅਸਮਰੱਥ ਲਗਦੀਆਂ ਹਨ। ਇਸ ਕਾਰਨ ਕਮੇਟੀ ਨੇ ਵਿਭਾਗ ਨੂੰ ਸਿਫਾਰਸ਼ ਕੀਤੀ ਕਿ ਨਗਰ ਕੌਂਸਲ, ਜ਼ੀਰਕਪੁਰ ਅਤੇ ਡੇਰਾਬੱਸੀ ਨੂੰ ਮਿਊਂਸਪਲ ਕਾਰਪੋਰੇਸ਼ਨ ਵਿੱਚ ਤਬਦੀਲ ਕਰਨ ਦੇ ਉਪਰਾਲੇ ਕੀਤੇ ਜਾਣ।

ਮਾਣਯੋਗ ਸਪੀਕਰ ਸਾਹਿਬ, ਕਮੇਟੀ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਬਿਜਲੀ ਵਿਭਾਗ ਵੱਲੋਂ ਪਬਲਿਕ ਤੋਂ ਬਿਜਲੀ ਚੁੰਗੀ ਅਤੇ ਕਾਓ ਸੈੱਸ ਤਾਂ ਲੈ ਲਿਆ ਜਾਂਦਾ ਹੈ ਪਰ ਅੱਗੇ ਨਗਰ ਕੌਂਸਲਾਂ ਨੂੰ ਪੇਮੈਂਟ ਨਹੀਂ ਕੀਤੀ ਜਾਂਦੀ। ਇਸ ਬਾਰੇ ਵੀ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਬਿਜਲੀ ਚੁੰਗੀ ਅਤੇ ਕਾਊ ਸੈੱਸ ਸਬੰਧੀ ਪ੍ਰਮੁੱਖ ਸਕੱਤਰ, ਲੋਕਲ ਬਾਡੀਜ਼ ਆਪਣੇ ਪੱਧਰ ਤੇ ਬਿਜਲੀ ਵਿਭਾਗ ਨਾਲ ਤਾਲਮੇਲ ਕਰਕੇ ਰੀਕੰਸਾਇਲ ਕਰ ਲੈਣ ਤਾਂ ਕਿ ਪਤਾ ਲੱਗ ਸਕੇ ਕਿ ਸਬੰਧਤ ਨਗਰ ਕੌਂਸਲਾਂ ਨੂੰ ਕਿੰਨੀ ਪੇਮੈਂਟ ਕਰਨੀ ਬਣਦੀ ਹੈ ਤਾਂ ਕਿ ਸਾਡੀਆਂ ਨਗਰ ਕੌਂਸਲਾਂ ਵੀ ਮਜ਼ਬੂਤ ਹੋ ਸਕਣ।

ਮਾਣਯੋਗ ਸਪੀਕਰ ਸਾਹਿਬ, ਕਮੇਟੀ ਵੱਲੋਂ ਪੰਜਾਬ ਦੇ ਪੈਸਿਆਂ ਨੂੰ ਬਚਾਉਣ ਲਈ ਪੈਨੀ ਨਜ਼ਰ ਵੀ ਰੱਖੀ ਗਈ ਹੈ। ਨਗਰ ਕੌਂਸਲ, ਨਵਾਂ ਗਾਓਂ ਜਿਹੜੀ ਕਿ ਇਥੋਂ ਇੱਕ-ਡੇਢ ਕਿਲੋਮੀਟਰ ਦੀ ਦੂਰੀ ਤੇ ਹੈ, ਉੱਥੇ ਦਾ ਰਿਕਾਰਡ ਹੀ ਗੁੰਮਿਆ ਹੋਇਆ ਹੈ। ਕਾਂਸਲ ਇਨਕਲੇਵ ਜੋ ਕਿ ਬੀ-ਬਲਾਕ ਹੈ, ਉੱਥੇ ਰਿਵਾਈਜ਼ਡ ਤਖਮੀਨੇ ਦਾ ਮਾਮਲਾ ਸੀ। ਸਾਲ 2011 ਵਿੱਚ ਅਸਲ ਐਸਟੀਮੇਟ ਤਿਆਰ ਕੀਤਾ ਗਿਆ ਜਿਵੇਂ ਕਿ ਕਮੇਟੀ ਨੂੰ ਦੱਸਿਆ ਗਿਆ। ਇਸ ਕੇਸ ਦੀਆਂ ਦੋ ਫਾਈਲਾਂ ਤਾਂ ਨਗਰ ਕੌਂਸਲ ਦੇ ਰਿਕਾਰਡ ਵਿੱਚ ਮੌਜੂਦ ਹਨ ਪਰ ਅਸਲ ਫਾਈਲ ਟਰੇਸ ਹੀ ਨਹੀਂ ਹੋ ਰਹੀ। ਸਬੰਧਤ ਅਧਿਕਾਰੀ ਰਿਟਾਇਰ ਹੋ ਚੁੱਕੇ ਹਨ ਜਾਂ ਟਰਾਂਸਫਰ ਹੋ ਚੁੱਕੇ ਹਨ। ਸਪੀਕਰ ਸਾਹਿਬ, ਕਮੇਟੀ ਨੇ ਮਹਿਸੂਸ ਕੀਤਾ ਕਿ ਰਿਵਾਈਜ਼ਡ ਐਸਟੀਮੇਟਾਂ ਰਾਹੀਂ ਜ਼ਿਆਦਾਤਰ ਘਪਲੇ ਹੁੰਦੇ ਹਨ। ਕਾਰਪੋਰੇਸ਼ਨ ਐਕਟ, 1976 ਮੁਤਾਬਿਕ ਕਿਸੇ ਵੀ ਨਗਰ ਕੌਂਸਲ ਨੂੰ ਰਿਵਾਈਜ਼ਡ ਐਸਟੀਮੇਟ ਵਿੱਚ ਵੱਧ ਤੋਂ ਵੱਧ 15% ਤੋਂ 25% ਤੱਕ ਦਾ ਵਾਧਾ ਕਰਨ ਦਾ ਹੀ ਅਧਿਕਾਰ ਹੁੰਦਾ ਹੈ ਪਰ ਨਗਰ ਕੌਂਸਲ, ਨਵਾਂ ਗਾਓਂ ਵੱਲੋਂ ਸਿੱਧਾ ਹੀ 313% ਦਾ ਵਾਧਾ ਕਰ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਫਾਈਲ ਗਾਇਬ ਕਰ ਦਿੱਤੀ ਜਦੋਂ ਕਿ ਕੌਂਸਲ ਨੂੰ ਨਵਾਂ ਟੈਂਡਰ ਫਲੋਟ ਕਰਨਾ ਚਾਹੀਦਾ ਸੀ। ਜਿਨ੍ਹਾਂ ਵੀ ਅਧਿਕਾਰੀਆਂ ਦੀ ਇਸ ਕੇਸ ਵਿੱਚ ਮਿਲੀਭੁਗਤ ਹੈ, ਚਾਹੇ ਉਹ ਰਿਟਾਇਰ ਜਾਂ ਟਰਾਂਸਫਰ ਹੋ ਗਏ ਹੋਣ, ਉਨ੍ਹਾਂ ਤੇ ਵਿਭਾਗ ਵੱਲੋਂ ਨਿਯਮਾਂ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ ਤਾਂ ਜੋ ਅਜਿਹੀਆਂ ਬੇਨਿਯਮੀਆਂ ਜਾਂ ਸਰਕਾਰ ਨੂੰ ਚੂਨਾ ਲਾਉਣ ਵਾਲੀਆਂ ਹਰਕਤਾਂ ਨਾ ਹੋਣ। ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਕਿ ਗੁੰਮ ਹੋਈ ਫਾਈਲ ਬਾਰੇ ਨਿਯਮਾਂ ਅਨੁਸਾਰ ਐਫ.ਆਈ.ਆਰ.

ਦਰਜ ਕਰਵਾਈ ਜਾਵੇ ਅਤੇ ਜਿਸ ਵੀ ਅਧਿਕਾਰੀ ਦੇ ਕੰਟਰੋਲ ਵਿੱਚ ਰਿਕਾਰਡ ਸੀ, ਉਸ ਖਿਲਾਫ ਨਿਯਮਾਂ ਅਨੁਸਾਰ ਕਾਰਵਾਈ ਕਰਕੇ 30 ਦਿਨਾਂ ਦੇ ਅੰਦਰ ਅੰਦਰ ਰਿਪੋਰਟ ਕਮੇਟੀ ਨੂੰ ਭੇਜਣ ਬਾਰੇ ਕਿਹਾ ਸੀ। ਕਮੇਟੀ ਨੇ ਮਹਿਸੂਸ ਕੀਤਾ ਕਿ ਇਸ ਵਿੱਚ ਸਰਾਸਰ ਘਪਲੇਬਾਜ਼ੀ ਕੀਤੀ ਗਈ ਹੈ। ਇਸ ਵਾਸਤੇ ਵੀ ਕਮੇਟੀ ਨੇ ਵਿਭਾਗ ਨੂੰ ਸਹੀ ਤੱਥਾਂ ਉੱਪਰ ਅਧਾਰਤ ਇੱਕ ਡਿਟੇਲਡ ਰਿਪੋਰਟ ਕਮੇਟੀ ਦੀ ਜਾਣਕਾਰੀ ਹਿੱਤ ਭੇਜਣ ਲਈ ਲਿਖਿਆ ਗਿਆ ਸੀ ਪਰੰਤੂ ਬੜੇ ਹੀ ਖੇਦ ਨਾਲ ਸਦਨ ਨੂੰ ਦੱਸਣਾ ਪੈ ਰਿਹਾ ਹੈ ਕਿ ਵਿਭਾਗ ਵੱਲੋਂ ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਕਮੇਟੀ ਨੂੰ ਅੱਜ ਤੱਕ ਜਾਣੂੰ ਕਰਵਾਉਣ ਦੀ ਖੇਚਲ ਨਹੀਂ ਕੀਤੀ ਗਈ।

ਸਪੀਕਰ ਸਾਹਿਬ, ਪਿਛਲੇ ਸਾਲ ਕਮੇਟੀ ਨੇ ਵਿਭਾਗ ਨੂੰ ਹਦਾਇਤ ਕੀਤੀ ਸੀ ਕਿ ਮਾਰਚ, 2017 ਤੱਕ ਜਿੰਨੇ ਵੀ ਪੈਰ੍ਹੇ ਹਨ, ਉਨ੍ਹਾਂ ਨੂੰ ਸੈਟਲ ਕਰਨ ਲਈ ਇੱਕ ਵਿਭਾਗੀ ਕਮੇਟੀ ਬਣਾਈ ਜਾਵੇ। ਵਿਭਾਗ ਵੱਲੋਂ ਪੰਜਾਬ ਪੱਧਰੀ ਤਿੰਨ ਮੈਂਬਰੀ ਕਮੇਟੀ ਦੁਆਰਾ ਕੀਤੀ ਗਈ ਕਾਰਗੁਜ਼ਾਰੀ ਦੀ ਰਿਪੋਰਟ ਕਮੇਟੀ ਮੈਂਬਰਾਂ ਸਾਹਮਣੇ ਪੇਸ਼ ਕੀਤੀ ਗਈ। ਵਿਭਾਗੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਪੈਰਿਆਂ ਵਿੱਚੋਂ ਜ਼ਿਆਦਾਤਰ ਪੈਰ੍ਹੇ ਬਹੁਤ ਪੁਰਾਣੇ ਅਤੇ ਪ੍ਰੋਸੀਜ਼ਰਲ ਨੇਚਰ ਦੇ ਹਨ ਜਦੋਂ ਕਿ ਰਿਕਵਰੀ ਨਾਲ ਸਬੰਧਤ ਪੈਰ੍ਹੇ ਬਹੁਤ ਘੱਟ ਹਨ। ਲਗਭਗ 40% ਪੈਰ੍ਹੇ ਹੀ ਰਿਕਵਰੀ ਨਾਲ ਸਬੰਧਤ ਹਨ ਅਤੇ ਇਹ ਵੀ ਬਹੁਤ ਘੱਟ ਅਮਾਊਂਟ ਜਿਵੇਂ ਕਿ 40/- ਰੁਪਏ, 60/- ਰੁਪਏ ਦੀ ਰਿਕਵਰੀ ਵਾਲੇ ਹਨ। ਇਨ੍ਹਾਂ ਪੈਰਿਆਂ ਵਿੱਚੋਂ ਕੁਝ ਪੈਰ੍ਹੇ ਸਾਲ 1960 ਤੋਂ ਵੀ ਪਹਿਲਾਂ ਵਾਲੇ ਹਨ। ਕਮੇਟੀ ਨੇ ਮਹਿਸੂਸ ਕੀਤਾ ਕਿ ਸਾਲ 1960 ਤੋਂ ਪਹਿਲਾਂ ਵਾਲੇ ਪੈਰ੍ਹੇ ਬਹੁਤ ਹੀ ਘੱਟ ਅਮਾਊਂਟ ਦੀ ਰਿਕਵਰੀ ਵਾਲੇ ਹਨ। ਸਰਕਾਰ ਇਨ੍ਹਾਂ ਪੈਂਡਿੰਗ ਪੈਰਿਆਂ ਨੂੰ ਸੈਟਲ ਕਰਨ ਵਾਸਤੇ ਕੋਈ ਮੈਕੇਨਿਜ਼ਮ ਅਪਣਾਏ ਅਤੇ ਕੋਈ ਟਾਈਮ ਲਿਮਟ ਫਰੇਮ ਕੀਤੀ ਜਾਣੀ ਚਾਹੀਦੀ ਹੈ। ਇਸੇ ਕਰਕੇ ਕਮੇਟੀ ਨੇ ਆਡਿਟ ਵਿਭਾਗ ਨੂੰ ਸਿਫਾਰਸ਼ ਕੀਤੀ ਕਿ ਕੋਈ ਵੀ ਆਡਿਟ ਪੈਰ੍ਹਾ ਬਣਨ ਤੋਂ ਬਾਅਦ 5 ਸਾਲ ਦੇ ਅੰਦਰ ਅੰਦਰ ਇਸ ਨੂੰ ਸੈਟਲ ਕਰਨ ਸਬੰਧੀ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ 5 ਸਾਲਾਂ ਦੇ ਅੰਦਰ ਅੰਦਰ ਆਡਿਟ ਪੈਰ੍ਹੇ ਸੈਟਲ ਨਹੀਂ ਕੀਤੇ ਜਾਂਦੇ ਤਾਂ ਇਸ ਸਬੰਧੀ ਆਡਿਟ ਵਿਭਾਗ ਦੇ ਅਧਿਕਾਰੀਆਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਜੇਕਰ ਸਥਾਨਕ ਸਰਕਾਰ ਵਿਭਾਗ ਦੇ ਪੱਧਰ ਤੇ ਇਨ੍ਹਾਂ ਪੈਰਿਆਂ ਨੂੰ

ਸੈਟਲ ਕਰਨ ਸਬੰਧੀ ਢਿੱਲੀ ਕਾਰਗੁਜ਼ਾਰੀ ਕੀਤੀ ਜਾਵੇਗੀ ਤਾਂ ਸਥਾਨਕ ਸੰਸਥਾਵਾਂ ਦੇ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਣੀ ਚਾਹੀਦੀ ਹੈ।

ਸਪੀਕਰ ਸਾਹਿਬ, ਕਮੇਟੀ ਨੇ ਆਮ ਜਨਤਾ ਦੀਆ ਮੰਗਾਂ ਉੱਪਰ ਵੀ ਗੌਰ ਕੀਤਾ। ਪੰਜਾਬ ਵਿੱਚ ਕਈ ਲੋਕ 15-20 ਸਾਲ ਤੋਂ ਵੱਧ ਟਾਈਮ ਤੋਂ ਕਾਰਪੋਰੇਸ਼ਨ ਜਾਂ ਟਰੱਸਟਾਂ ਦੀਆਂ ਜ਼ਮੀਨਾਂ ਉੱਪਰ ਮਕਾਨ ਪਾ ਕੇ ਬੈਠੇ ਹਨ। ਕਮੇਟੀ ਨੇ ਸੁਝਾਅ ਦਿੱਤਾ ਕਿ ਜਿਹੜੇ ਬੰਦੇ ਇੰਪਰੂਵਮੈਂਟ ਟਰੱਸਟਾਂ/ਨਗਰ ਨਿਗਮਾਂ ਦੀਆਂ ਜ਼ਮੀਨਾਂ ਤੇ 15-20 ਸਾਲਾਂ ਤੋਂ ਕਬਜ਼ਾ ਕਰਕੇ ਮਕਾਨ ਬਣਾਈ ਬੈਠੇ ਹਨ, ਉਨ੍ਹਾਂ ਨਾਲ ਵੰਨ ਟਾਈਮ ਸੈਟਲਮੈਂਟ ਕਰਦੇ ਹੋਏ ਜਗ੍ਹਾ ਦਾ ਮੁੱਲ ਲੈ ਲਿਆ ਜਾਵੇ। ਇਸ ਨਾਲ ਇੰਪਰੂਵਮੈਂਟ ਟਰੱਸਟਾਂ ਦੀ ਆਮਦਨ ਵੀ ਵਧੇਗੀ ਅਤੇ ਲੋਕ ਬੇਘਰ ਵੀ ਨਹੀਂ ਹੋਣਗੇ।

ਸਪੀਕਰ ਸਾਹਿਬ, ਪੰਜਾਬ ਵਿੱਚ ਜਿੰਨੀਆਂ ਨਗਰ ਨਿਗਮਾਂ ਜਾਂ ਟਰੱਸਟ ਆਦਿ ਹਨ, ਉਨ੍ਹਾਂ ਵੱਲੋਂ ਸ਼ੋਅਰੂਮ ਬਣਾ ਕੇ ਵੇਚੇ ਜਾਂਦੇ ਹਨ। ਸ਼ੋਅਰੂਮ ਬਣਾਉਣ ਤੋਂ ਬਾਅਦ ਰੂਫ ਰਾਈਟਜ਼ ਸਰਕਾਰ ਕੋਲ ਹੁੰਦੇ ਹਨ ਪਰ ਲੋਕਾਂ ਦੀ ਡਿਮਾਂਡ ਹੈ ਕਿ ਜੇਕਰ ਉਨ੍ਹਾਂ ਨੂੰ ਰੂਫ ਰਾਈਟਜ਼ ਦੇ ਦਿੱਤੇ ਜਾਣ ਤਾਂ ਉਹ ਸਰਕਾਰ ਵੱਲੋਂ ਫਿਕਸ ਰੇਟ ਦੇ ਦੇਣਗੇ। ਇਸ ਨਾਲ ਸਰਕਾਰ ਨੂੰ ਰੈਵੇਨਿਊ ਆਵੇਗਾ ਅਤੇ ਇਹ ਜਗ੍ਹਾ ਵੀ ਸ਼ੋਅਰੂਮ ਵਾਲਿਆਂ ਦੇ ਕੰਮ ਆ ਜਾਵੇਗੀ। ਇਸ ਨਾਲ ਲੋਕ ਵੀ ਖੁਸ਼ ਹੋਣਗੇ ਅਤੇ ਸਰਕਾਰ ਨੂੰ ਆਮਦਨ ਹੋਵੇਗੀ। ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਕਮੇਟੀ ਨੇ ਸਿਫਾਰਸ਼ ਕੀਤੀ ਕਿ ਸਥਾਨਕ ਸਰਕਾਰ ਵਿਭਾਗ ਦੁਆਰਾ ਸ਼ੋਅਰੂਮਾਂ ਦੀਆਂ ਛੱਤਾਂ ਸਬੰਧਤ ਖਰੀਦਦਾਰਾਂ ਨੂੰ ਵੇਚਣ ਸਬੰਧੀ ਵੰਨ-ਟਾਈਮ ਸੈਟਲਮੈਂਟ ਪਾਲਿਸੀ ਤਿਆਰ ਕਰਨੀ ਚਾਹੀਦੀ ਹੈ ਤਾਂ ਕਿ ਸ਼ੋਅਰੂਮ ਦੇ ਖਰੀਦਦਾਰ ਉਨ੍ਹਾਂ ਦਾ ਇਸਤੇਮਾਲ ਕਰ ਸਕਣ ਅਤੇ ਸਰਕਾਰ ਨੂੰ ਵੱਧ ਤੋਂ ਵੱਧ ਰੈਵੇਨਿਊ ਪ੍ਰਾਪਤ ਹੋ ਸਕੇ।

ਸਪੀਕਰ ਸਾਹਿਬ, ਜਦੋਂ ਇੰਪਰੂਵਮੈਂਟ ਟਰੱਸਟ ਜਾਂ ਕਾਰਪੋਰੇਸ਼ਨ ਦੇ ਫਲੈਟਸ ਵੇਚੇ ਜਾਂਦੇ ਹਨ ਤਾਂ ਲੋਕ ਜੀ.ਪੀ.ਏ. ਉੱਤੇ ਫਲੈਟਸ ਖਰੀਦ ਲੈਂਦੇ ਹਨ ਅਤੇ ਕਈ ਵਾਰੀ ਕੋਈ ਰਜਿਸਟਰੀ ਨਹੀਂ ਕਰਵਾ ਸਕਦਾ। ਹੋਰ ਚਾਰ ਪੰਜ ਸਾਲ ਪ੍ਰਾਪਰਟੀ ਦਾ ਰੇਟ ਵੀ ਵੱਧ ਜਾਂਦਾ ਹੈ। Owner abroad ਚਲਾ ਜਾਂਦਾ ਹੈ। ਪੈਸੇ ਦੀ

ਡਿਮਾਂਡ ਹੋਰ ਕਰਦਾ ਹੈ ਪਰੰਤੂ ਇਸ ਵਿੱਚ ਸਫਰ ਜੀ.ਪੀ.ਏ. ਹੋਲਡਰ ਹੁੰਦਾ ਹੈ। ਜਿਸ ਨੇ ਫਲੈਟ ਲਿਆ ਹੁੰਦਾ ਹੈ, ਉਹ ਖੱਜਲ ਹੁੰਦਾ ਹੈ। ਸੋ, ਉਸ ਲਈ ਵੰਨ-ਟਾਈਮ ਸੈਟਲਮੈਂਟ ਲਿਆ ਕੇ ਲੋਕਾਂ ਨੂੰ ਰਜਿਸਟਰੀਆਂ ਕਰਵਾ ਦੇਈਏ ਅਤੇ ਇਸ ਲਈ ਅਖਬਾਰਾਂ ਵਿੱਚ ਐਡ ਦੇ ਕੇ ਜਨਰਲ ਪਬਲਿਕ ਤੋਂ ਆਬਜੈਕਸ਼ਨ ਮੰਗ ਲਏ ਜਾਣ। ਇਸ ਤੋਂ ਬਾਅਦ ਜੀ.ਪੀ.ਏ. ਹੋਲਡਰ ਤੋਂ ਅਸੀਂ ਐਫੀਡੈਵਿਟ ਲੈ ਲਈਏ ਕਿ ਇਸ ਵਿੱਚ ਕੋਈ ਗੜਬੜ ਹੋਵੇਗੀ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੈਨੂੰ ਲਗਦਾ ਹੈ ਕਿ ਲੋਕਾਂ ਨੂੰ ਵੀ ਰਾਹਤ ਮਿਲੇਗੀ ਅਤੇ ਖਜ਼ਾਨੇ ਵਿੱਚ ਵੀ ਭਰਪੂਰ ਪੈਸਾ ਆਉਣ ਦੀ ਉਮੀਦ ਹੈ। ਜੇਕਰ ਇਨ੍ਹਾਂ ਤਿੰਨਾਂ ਵਾਸਤੇ ਵੰਨ-ਟਾਈਮ ਸੈਟਲਮੈਂਟ ਪਾਲਿਸੀ ਬਣਾਈ ਜਾਵੇ ਤਾਂ ਮਸਲੇ ਹੱਲ ਹੋ ਸਕਦੇ ਹਨ। ਇਸ ਨਾਲ ਟਰੱਸਟਾਂ ਤੋਂ ਵੀ ਸਰਕਾਰ ਨੂੰ ਭਾਰੀ ਰੈਵੇਨਿਊ ਆਵੇਗਾ।

ਸਪੀਕਰ ਸਾਹਿਬ, ਪੂਰੇ ਪੰਜਾਬ ਨੂੰ ਪਤਾ ਹੈ ਕਿ ਲੁਧਿਆਣੇ ਦੇ ਸਿਟੀ ਸੈਂਟਰ ਦਾ ਮਸਲਾ ਲੰਮੇ ਸਮੇਂ ਤੋਂ ਪੈਂਡਿੰਗ ਪਿਆ ਹੈ। ਇਸ ਦਾ ਜਲਦ ਹੀ amicably ਢੰਗ ਨਾਲ ਹੱਲ ਕੱਢਿਆ ਜਾਣਾ ਜ਼ਰੂਰੀ ਹੈ। ਸਰਕਾਰਾਂ ਦਾ ਪਹਿਲਾਂ ਹੀ ਇਸ ਪ੍ਰਾਜੈਕਟ ਵਿੱਚ ਪੈਸਾ ਜ਼ਾਇਆ ਹੋ ਚੁੱਕਾ ਹੈ। ਇਸ ਲਈ ਲੋਕ ਹਿੱਤ ਨੂੰ ਅਤੇ ਸਰਕਾਰੀ ਖਜ਼ਾਨੇ ਨੂੰ ਧਿਆਨ ਵਿੱਚ ਰੱਖਦੇ ਹੋਏ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਾਣਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਵਿੱਚ ਇੱਕ ਹਾਈ ਪਾਵਰਡ ਕਮੇਟੀ ਨਿਯੁਕਤ ਕੀਤੀ ਜਾਵੇ, ਜਿਸ ਵਿੱਚ ਮਾਣਯੋਗ ਵਿੱਤ ਮੰਤਰੀ, ਮੁੱਖ ਸਕੱਤਰ, ਪੰਜਾਬ, ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ ਵਿਭਾਗ, ਐਡਵੋਕੇਟ ਜਨਰਲ, ਪੰਜਾਬ ਮੈਂਬਰ ਹੋਣ ਤਾਂ ਕਿ ਦੂਸਰੀ ਧਿਰ ਨਾਲ amicably ਹੱਲ ਕੱਢਿਆ ਜਾ ਸਕੇ ਤੇ ਇਹ ਜਗ੍ਹਾ ਛੁਡਵਾਈ ਜਾ ਸਕੇ। ਜਿੰਨੀ ਵੀ ਕੰਪਨਸੇਸ਼ਨ ਦੇਣੀ ਬਣਦੀ ਹੈ, ਇਸ ਦੀ ਪੰਜਾਬ ਵਿੱਚ ਥੋੜ੍ਹੇ ਥੋੜ੍ਹੇ ਚੰਕ ਵਿੱਚ ਪਈਆਂ ਅਲੱਗ ਅਲੱਗ ਥਾਵਾਂ ਨਾਲ ਐਡਜਸਟਮੈਂਟ ਕਰਵਾ ਦਿੱਤੀ ਜਾਵੇ ਕਿਉਂਕਿ 30-32 ਏਕੜ ਦੀ ਇਹ ਜਗ੍ਹਾ ਬਹੁਤ ਪ੍ਰੋਮੀਨੈਂਟ ਜਗ੍ਹਾ ਹੈ। ਕੱਲ੍ਹ ਨੂੰ ਇੱਥੇ ਕੋਈ ਹਸਪਤਾਲ ਜਾਂ ਕੋਈ ਸ਼ਹਿਰ ਵਾਸਤੇ ਕਾਲਜ ਬਣਾਇਆ ਜਾ ਸਕਦਾ ਹੈ।

ਸਪੀਕਰ ਸਾਹਿਬ, ਕਈ ਵਾਰ ਲੋਕ ਭਲਾਈ ਦੇ ਕੰਮ ਇਸ ਕਰਕੇ ਲਟਕ ਜਾਂਦੇ ਹਨ ਕਿਉਂਕਿ ਐਸਟੀਮੇਟ ਪਾਸ ਨਹੀਂ ਹੁੰਦੇ। ਇਸ ਲਈ ਕਮੇਟੀ ਨੇ ਲੋਕ ਹਿੱਤ ਵਿੱਚ ਸਿਫਾਰਸ਼ ਕੀਤੀ ਹੈ ਕਿ ਸੈਕਸ਼ਨ 69-

ਏ ਦੇ ਤਹਿਤ ਵੱਖ ਵੱਖ ਟਰੱਸਟਾਂ ਦੇ ਜਿੰਨੇ ਵੀ ਐਸਟੀਮੇਟ ਬਣੇ ਹਨ, ਉਹ ਰੋਕੇ ਨਹੀਂ ਜਾਣੇ ਚਾਹੀਦੇ ਅਤੇ ਜਲਦੀ ਪਾਸ ਕੀਤੇ ਜਾਣ ਤਾਂ ਕਿ ਲੋਕ ਭਲਾਈ ਦੇ ਕੰਮ ਸਮੇਂ ਸਿਰ ਨੇਪਰੇ ਚੜ੍ਹ ਸਕਣ।

ਸਪੀਕਰ ਸਾਹਿਬ, ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਵਿਭਾਗ ਦੇ ਕਈ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ ਅਤੇ ਉਨ੍ਹਾਂ ਦੀ ਸਹੀ ਢੰਗ ਨਾਲ ਪੈਰਵਾਈ ਨਹੀਂ ਹੁੰਦੀ, ਜਿਸ ਕਾਰਨ ਵਿਭਾਗ ਕੇਸ ਹਾਰ ਜਾਂਦਾ ਹੈ। ਵਕੀਲਾਂ ਨੂੰ ਤਾਂ ਫੀਸ ਮਿਲ ਜਾਂਦੀ ਹੈ ਪਰ ਵਿਭਾਗ ਨੂੰ ਕੋਈ ਵੀ ਲਾਭ ਨਹੀਂ ਮਿਲਦਾ। ਇਸ ਕਰਕੇ ਕਮੇਟੀ ਵਿਭਾਗ ਨੂੰ ਇਹ ਵੀ ਸਿਫਾਰਸ਼ ਕਰਦੀ ਹੈ ਕਿ ਜਿਹੜੇ ਵਕੀਲ ਪੈਨਲ ਤੇ ਰੱਖੇ ਹੋਏ ਹੁੰਦੇ ਹਨ, ਉਨ੍ਹਾਂ ਦਾ ਰਿਕਾਰਡ ਚੈੱਕ ਕੀਤਾ ਜਾਵੇ ਕਿ ਉਨ੍ਹਾਂ ਨੇ ਕਿੰਨੇ ਕੇਸ ਜਿੱਤੇ ਹਨ ਅਤੇ ਕਿੰਨੇ ਹਾਰੇ ਹਨ। ਜਿਹੜੇ ਵਕੀਲ ਸਾਰੇ ਕੇਸ ਹਾਰ ਚੁੱਕੇ ਹਨ, ਉਨ੍ਹਾਂ ਨੂੰ ਡੀ-ਪੈਨਲ ਕੀਤਾ ਜਾਵੇ।

ਸਪੀਕਰ ਸਾਹਿਬ, ਵੱਖ ਵੱਖ ਲੋਕਲ ਬਾਡੀਜ਼ ਦੇ ਕੰਮਕਾਜ ਦੇ ਨਿਰੀਖਣ ਦੌਰਾਨ ਕੁਝ ਹੋਰ ਮਹੱਤਵਪੂਰਨ ਗੱਲਾਂ ਕਮੇਟੀ ਦੇ ਧਿਆਨ ਵਿੱਚ ਆਈਆਂ ਹਨ। ਕਮੇਟੀ ਨੇ ਮਹਿਸੂਸ ਕੀਤਾ ਹੈ ਕਿ ਵਿਭਾਗਾਂ ਵੱਲੋਂ ਆਡਿਟ ਆਬਜੈਕਸ਼ਨਜ਼ ਜਾਂ ਕਮੇਟੀ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਜਵਾਬ ਸਮੇਂ ਸਿਰ ਨਹੀਂ ਭੇਜੇ ਜਾਂਦੇ। ਖਾਸ ਕਰਕੇ ਗਬਨ ਨਾਲ ਸਬੰਧਤ ਆਡਿਟ ਪੈਰਿਆਂ ਤੇ ਸਮਾਂ ਰਹਿੰਦੇ ਕਾਰਵਾਈ ਵੀ ਨਹੀਂ ਹੁੰਦੀ, ਜਿਸ ਕਾਰਨ ਅਜਿਹੇ ਕੇਸ ਫਿਰ ਲਮਕਾਅ ਅਵਸਥਾ ਵਿੱਚ ਪੈ ਜਾਂਦੇ ਹਨ। ਕਾਰਵਾਈ ਵਿੱਚ ਦੇਰੀ ਹੋਣ ਕਾਰਨ ਦੋਸ਼ੀ ਮੁਲਾਜ਼ਮ ਬਚ ਨਿਕਲਦੇ ਹਨ, ਕਈ ਰਿਟਾਇਰ ਹੋ ਜਾਂਦੇ ਹਨ ਅਤੇ ਕਈ ਸਵਰਗਵਾਸ ਹੋ ਜਾਂਦੇ ਹਨ। ਇਨ੍ਹਾਂ ਹਾਲਾਤਾਂ ਵਿੱਚ ਵਿਭਾਗ ਲਈ ਗਬਨ ਹੋਈ ਸਰਕਾਰੀ ਰਕਮ ਦੀ ਰਿਕਵਰੀ ਕਰਨੀ ਮੁਸ਼ਕਿਲ ਹੋ ਜਾਂਦੀ ਹੈ।

ਕਮੇਟੀ ਨੇ ਐਗਜ਼ਾਮੀਨੇਸ਼ਨ ਦੌਰਾਨ ਇਹ ਵੀ ਮਹਿਸੂਸ ਕੀਤਾ ਕਿ ਪੰਜਾਬ ਵਿੱਚ ਕਾਫੀ ਨਗਰ ਨਿਗਮਾਂ ਤੇ ਟਰੱਸਟਾਂ ਵੱਲੋਂ ਪ੍ਰਾਪਰਟੀ ਟੈਕਸ ਦਾ ਟਾਰਗੈਟ ਬਹੁਤ ਹੀ ਘੱਟ ਰੱਖਿਆ ਗਿਆ ਹੈ। ਇਸ ਲਈ ਪ੍ਰਾਪਰਟੀ ਟੈਕਸ ਦੀ ਰਿਕਵਰੀ ਵੀ ਜਲਦੀ ਕੀਤੀ ਜਾਵੇ ਅਤੇ ਇਹ ਟਾਰਗੈਟ ਹੋਰ ਵਧਾਇਆ ਜਾਵੇ।

**ਮਾਣਯੋਗ ਸਪੀਕਰ :** ਸਭਾਪਤੀ ਜੀ, ਕੀ ਸਾਰੀ ਰਿਪੋਰਟ ਹੀ ਪੜ੍ਹਨੀ ਹੈ? ਪਲੀਜ਼, ਇਸ ਨੂੰ ਬਰੀਫ ਰੱਖਿਆ ਕਰੋ ਜੀ, ਇਹ ਸਿਰਫ ਦੋ ਜਾਂ ਚਾਰ ਮਿੰਟ ਲਈ ਹੀ ਹੋਵੇ। ਇਹ ਰਿਪੋਰਟ ਤੁਸੀਂ ਪੇਸ਼ ਕਰਨੀ ਹੁੰਦੀ ਹੈ, ਬਾਅਦ ਵਿੱਚ ਸਾਰੇ ਆਨਰੇਬਲ ਮੈਂਬਰਜ਼ ਨੇ ਡਿਸਕਸ ਕਰਨੀ ਹੁੰਦੀ ਹੈ।

**ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ :** ਠੀਕ ਹੈ ਜੀ, ਬਸ ਐਂਡ ਤੇ ਹੀ ਲਿਆ ਰਿਹਾ ਹਾਂ ਜੀ। ਇਹ ਲਾਸਟ ਹੈ ਜੀ।

ਸਪੀਕਰ ਸਾਹਿਬ, ਕਮੇਟੀ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਲੋਕਲ ਬਾਡੀਜ਼ ਦੇ ਵੱਖ ਵੱਖ ਸਟਾਫ ਨੂੰ need based ਟ੍ਰੇਨਿੰਗ ਦੀ ਵੀ ਲੋੜ ਹੈ। ਜੇਕਰ ਸਟਾਫ ਹੀ ਟਰੇਂਡ ਨਹੀਂ ਹੋਵੇਗਾ ਤਾਂ ਉਹ ਅਸਰਦਾਰ ਢੰਗ ਨਾਲ ਪਬਲਿਕ ਸਰਵਿਸ ਨਹੀਂ ਕਰ ਸਕਣਗੇ। ਜੇਕਰ ਉਹ ਆਪਣੀ ਕਾਰਜ ਕੁਸ਼ਲਤਾ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਨੂੰ ਆਪਣੀਆਂ ਸੇਵਾਵਾਂ ਦਿੰਦੇ ਹਨ ਤਾਂ ਵਿਭਾਗ ਨੂੰ ਆਪਣੀਆਂ ਸਕੀਮਾਂ ਅਤੇ ਸੇਵਾਵਾਂ ਲੋਕਾਂ ਨੂੰ ਦੇਣ ਵਿੱਚ ਸੌਖਿਆਈ ਹੋਵੇਗੀ ਅਤੇ ਲੋਕਾਂ ਦੇ ਕੰਮ ਸਮੇਂ ਸਿਰ ਅਤੇ ਤੇਜ਼ੀ ਨਾਲ ਮੁਕੰਮਲ ਹੋਣਗੇ। ਇਸ ਲਈ ਕਮੇਟੀ ਨੇ ਸਿਫਾਰਸ਼ ਕੀਤੀ ਕਿ ਲੋਕਲ ਬਾਡੀਜ਼ ਵਿੱਚ ਵੱਖ ਵੱਖ ਕੈਟਾਗਰੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਘੱਟੋ ਘੱਟ ਤਿੰਨ ਮਹੀਨੇ ਦੀ need based ਟ੍ਰੇਨਿੰਗ ਲਾਜ਼ਮੀ ਕੀਤੀ ਜਾਵੇ ਤਾਂ ਜੋ ਵਿਭਾਗ ਦੇ ਸਾਰੇ ਅਧਿਕਾਰੀ/ਕਰਮਚਾਰੀ ਐਫੀਸ਼ੈਂਟਲੀ ਆਪਣੀਆਂ ਸੇਵਾਵਾਂ ਲੋਕਾਂ ਨੂੰ ਦੇ ਸਕਣ।

ਸਪੀਕਰ ਸਾਹਿਬ, ਅੰਤ ਵਿੱਚ ਮੈਂ ਵਿਧਾਨ ਸਭਾ ਦੀ ਕਮੇਟੀ ਦੇ ਸਟਾਫ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਕਮੇਟੀ ਦੀ ਮਦਦ ਕੀਤੀ। ਮੈਂ ਵਿਸ਼ੇਸ਼ ਧੰਨਵਾਦ ਕਰਨਾ ਚਾਹੁੰਦਾ ਹਾਂ ਕਮੇਟੀ ਦੇ ਅਫਸਰ ਈਸ਼ਵਰ ਦੱਤ ਸ਼ਰਮਾ ਦਾ, ਜਿਸ ਨੇ ਬੜੀ ਮਿਹਨਤ, ਲਗਨ ਅਤੇ ਐਫੀਸ਼ੀਐਂਟਲੀ ਕਮੇਟੀ ਦੇ ਕੰਮ-ਕਾਜ ਨੂੰ ਸੰਭਾਲਿਆ। ਕਮੇਟੀ ਨੂੰ ਆਊਟਸਟੈਂਡਿੰਗ ਸੇਵਾਵਾਂ ਦਿੱਤੀਆਂ। ਸਾਡੀ ਸਾਰੀ ਕਮੇਟੀ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਵਿਧਾਨ ਸਭਾ ਵਿੱਚ ਅਜਿਹੇ ਮਿਹਨਤੀ ਅਫਸਰ ਵੀ ਹਨ। ਅੰਤ ਵਿੱਚ ਮੈਂ ਸ੍ਰੀ ਈਸ਼ਵਰ ਦੱਤ ਸ਼ਰਮਾ ਜੀ,

ਸ਼੍ਰੀ ਦਵਿੰਦਰ ਸਿੰਘ ਜੀ, ਸ਼੍ਰੀ ਸਤੀਸ਼ ਕੁਮਾਰ ਜੀ, ਸ਼੍ਰੀਮਤੀ ਪ੍ਰਦੀਪ ਕੌਰ ਜੀ, ਸ਼੍ਰੀ ਰਾਜ ਕੁਮਾਰ ਜੀ, ਸ਼੍ਰੀ ਰਾਜਕਰਨ ਰਾਣਾ ਜੀ ਦਾ ਅਤੇ ਸਾਰੇ ਹਾਊਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਧੰਨਵਾਦ। (ਥੰਪਿੰਗ)

**ਮਾਣਯੋਗ ਸਪੀਕਰ:** ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ):** ਸ਼੍ਰੀਮਾਨ ਜੀ, ਮੈਂ ਸਾਲ 2023-24 ਲਈ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਤੁਹਾਨੂੰ ਬੋਲਣ ਲਈ 5 ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। 5 ਮਿੰਟ ਵਿੱਚ ਤੁਸੀਂ ਆਪਣੀ ਗੱਲ ਰੱਖਣੀ ਹੈ।

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ:** ਥੋੜ੍ਹੇ ਜਿਹੇ 5 ਮਿੰਟ ਹੋਰ ਦੇ ਦਿਓ ਜੀ। ਬਹੁਤ ਹੀ ਮਹੱਤਵਪੂਰਨ ਹੈ।

**ਮਾਣਯੋਗ ਸਪੀਕਰ:** ਹਾਊਸ ਵਿੱਚ ਹੋਣ ਵਾਲੀ ਹਰ ਗੱਲ ਮਹੱਤਵਪੂਰਨ ਹੁੰਦੀ ਹੈ। Please be brief and do it within 5 minutes.

**ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤਵਿਧੀਆਂ ਸਬੰਧੀ ਕਮੇਟੀ:** ਸਪੀਕਰ ਸਾਹਿਬ, ਸਹਿਕਾਰਤਾ ਸਰਕਾਰ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਹ ਖਾਸ ਕਰਕੇ ਕਿਸਾਨੀ ਨਾਲ ਜੁੜੀ ਹੋਈ ਹੈ। ਸਭ ਤੋਂ ਵੱਡਾ ਮਸਲਾ ਇਸ ਵਿੱਚ ਇਹ ਆਇਆ ਕਿ ਕਰੋੜਾਂ ਰੁਪਏ ਦੇ ਘਪਲੇ ਹੋਏ ਹਨ। ਜਦੋਂ ਅਸੀਂ ਪੁੱਛਿਆ ਕਿ ਇਸ ਤੇ ਕਾਰਵਾਈ ਕੀ ਹੋਈ ਹੈ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ ਡਿਪਾਰਟਮੈਂਟ ਲਿਖ ਦਿੰਦਾ ਹੈ ਕਿ ਇਨਕੁਆਇਰੀ ਕਰਕੇ ਪਰਚਾ ਦਰਜ ਕੀਤਾ ਜਾਵੇ। 3-4 ਸਾਲ ਪਰਚੇ ਦਰਜ ਨਹੀਂ ਹੋਏ। ਜੇ ਪਰਚਾ ਦਰਜ ਹੋ ਜਾਂਦਾ ਹੈ ਤਾਂ

ਚਲਾਨ ਪੇਸ਼ ਨਹੀਂ ਹੁੰਦਾ,ਚਲਾਨ ਪੇਸ਼ ਹੋਣ ਤੋਂ ਬਾਅਦ ਗਵਾਹੀਆਂ ਨਹੀਂ ਹੁੰਦੀਆਂ। ਮੇਰੇ ਕਹਿਣ ਦਾ ਮਤਲਬ ਹੈ ਕਿ ਇਹ ਸਾਡਾ ਕਰੋੜਾਂ ਰੁਪਿਆ ਲੁੱਟ ਕੇ ਲੈ ਗਏ ਅਤੇ ਕੋਈ ਕਾਰਵਾਈ ਨਹੀਂ ਹੋਈ। ਅੱਗੇ ਹੋਰ ਕੀ ਹੁੰਦਾ ਹੈ ਕਿ ਜੇ ਗਡਾਊਨਾਂ ਵਿੱਚੋਂ ਕਰੋੜਾਂ ਰੁਪਏ ਦੀ ਕਣਕ ਜਾਂ ਚੌਲ ਚੁੱਕਿਆ ਜਾਂਦਾ ਹੈ ਤਾਂ ਪਰਚਾ ਸੇਵਾਦਾਰ ਅਤੇ ਚੌਂਕੀਦਾਰ ਤੇ ਦਰਜ ਹੁੰਦਾ ਹੈ। ਵੱਡੇ ਅਫਸਰਾਂ ਦੀ ਕੋਈ ਜਵਾਬਦੇਹੀ ਨਹੀਂ ਹੈ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਜੇ ਅੱਜ ਕੋਆਪਰੇਟਿਵ ਨੂੰ ਸਭ ਤੋਂ ਵੱਧ ਲੁੱਟਿਆ ਗਿਆ ਹੈ ਤਾਂ ਉਹ ਘੁਟਾਲਿਆਂ ਰਾਹੀਂ ਲੁੱਟਿਆ ਗਿਆ ਹੈ। ਮੈਂ ਅੱਜ ਸਦਨ ਵਿੱਚ ਕਹਿੰਦਾ ਹਾਂ ਕਿ ਜੇ ਅਜਿਹੇ ਘਪਲਿਆਂ ਬਾਬਤ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਸਬੰਧਤ ਅਫਸਰ ਜ਼ਿੰਮੇਵਾਰ ਹੈ ਜਾਂ ਜਿਸ ਕੋਲ ਐਫ.ਆਈ.ਆਰ. ਜਾਂਦੀ ਹੈ ਅਤੇ ਪਰਚਾ ਦਰਜ ਨਹੀਂ ਕਰਦਾ, ਉਹ ਜ਼ਿੰਮੇਵਾਰ ਹੈ। ਅਸੀਂ ਸਿਫਾਰਸ਼ ਕੀਤੀ ਹੈ ਕਿ ਜਦੋਂ ਡਿਪਾਰਟਮੈਂਟ ਨੇ ਇਨਕੁਆਇਰੀ ਕਰਕੇ ਭੇਜ ਦਿੱਤੀ ਫਿਰ ਐਫ.ਆਈ.ਆਰ. ਦਰਜ ਹੋਣ ਵਿੱਚ ਡਿਲੇਅ ਕਿਉਂ ਹੁੰਦੀ ਹੈ ਜਾਂ ਉਸ ਵਿੱਚ ਚਲਾਨ ਪੇਸ਼ ਕਰਨ ਵਿੱਚ ਦੇਰੀ ਕਿਉਂ ਹੁੰਦੀ ਹੈ? ਉਸ ਦੀ ਅਰੈਸਟ ਕਿਉਂ ਨਹੀਂ ਹੁੰਦੀ? ਰੈੱਡ ਕਾਰਨਰ ਨੋਟਿਸ ਜਾਰੀ ਨਾ ਹੋਣ ਕਾਰਨ ਉਹ ਭੱਜ ਜਾਂਦੇ ਹਨ।

ਸਪੀਕਰ ਸਾਹਿਬ, ਦੂਜਾ ਪੁਆਇੰਟ ਇਹ ਧਿਆਨ ਵਿੱਚ ਆਇਆ ਕਿ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ (ਪੀ.ਏ.ਡੀ.ਬੀ.) ਦੀਆਂ 5000 ਐਂਟਰੀਆਂ ਡਿਲੀਟ ਕੀਤੀਆਂ ਗਈਆਂ ਸਨ। ਲੋਕ ਮਾਰਟਗੇਜ ਕਰਵਾ ਕੇ ਲੋਨ ਲੈ ਗਏ ਪਰੰਤੂ ਰੈਵੇਨਿਊ ਡਿਪਾਰਟਮੈਂਟ ਕੋਲ ਕੋਈ ਐਂਟਰੀ ਨਹੀਂ ਹੈ, ਇਸ ਵਿੱਚ ਜਾਂ ਤਾਂ ਉਨ੍ਹਾਂ ਨੇ ਜ਼ਮੀਨ ਸੇਲ ਕਰ ਦਿੱਤੀ ਜਾਂ ਰੀ-ਲੋਨ ਲੈ ਲਿਆ। 5000 ਐਂਟਰੀਆਂ ਡਿਲੀਟ ਹੋਣ ਦਾ ਮਤਲਬ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ (ਪੀ.ਏ.ਡੀ.ਬੀ.) ਕੋਲ ਜਿਹੜੀ 5000 ਏਕੜ ਲੈਂਡ ਮਾਰਟਗੇਜ ਸੀ, ਉਹ ਚਲੀ ਗਈ। ਜਦੋਂ ਅਸੀਂ ਚੈੱਕ ਕੀਤਾ ਤਾਂ ਦੇਖਿਆ ਕਿ ਇਸ ਵਾਸਤੇ ਕਿਸੇ ਦੀ ਜ਼ਿੰਮੇਵਾਰੀ ਫਿਕਸ ਨਹੀਂ ਕੀਤੀ ਗਈ। ਹੁਣ ਡਿਪਾਰਟਮੈਂਟ ਨੂੰ ਲੱਗਿਆ ਕਿ ਕੁਝ ਕਰਨਾ ਚਾਹੀਦਾ ਹੈ। ਉਹ ਕਹਿੰਦੇ ਹਨ ਕਿ ਅਸੀਂ 1000 ਐਂਟਰੀ ਪਾ ਲਈ ਹੈ। ਅਸੀਂ ਕਿਹਾ ਕਿ 1000 ਐਂਟਰੀਆਂ ਵਿੱਚੋਂ ਜ਼ਮੀਨ ਕਿੰਨਿਆਂ ਕੋਲ ਹੈ? ਕੀ ਉਸ ਜ਼ਮੀਨ ਦੇ ਮਾਲਕ ਹਨ? 500 ਐਂਟਰੀਆਂ ਅਜਿਹੀਆਂ ਸਨ, ਜਿਸ ਦੇ ਮਾਲਕਾਂ ਨੇ ਜ਼ਮੀਨ ਵੇਚ

ਦਿੱਤੀ ਸੀ। ਸਪੀਕਰ ਸਾਹਿਬ, ਇਸ ਤਰ੍ਹਾਂ ਪੰਜਾਬ ਐਗਰੀਕਲਚਰ ਡਿਵੈਲਪਮੈਂਟ ਬੈਂਕ ਕਿਵੇਂ ਬਚੇਗਾ? ਸਾਡੇ ਬੈਂਕ ਕਿਵੇਂ ਬਚਣਗੇ? ਫਿਰ ਅਸੀਂ ਪੁੱਛਿਆ ਕਿ ਕਿੰਨੇ ਡਿਫਾਲਟਰ ਹਨ? ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਬਾਬਤ ਡਾਟਾ ਦੱਸਣਾ ਚਾਹੁੰਦਾ ਹਾਂ। ਅਸੀਂ ਮੰਨਦੇ ਹਾਂ ਕਿ ਕਿਸੇ ਕਾਰਨ ਕਰਕੇ ਫਸਲ ਨਹੀਂ ਹੋਈ ਅਤੇ ਕਿਸਾਨੀ ਤਾਂ ਡੁੱਬ ਗਈ ਪਰ ਜਿਹੜੇ ਸਾਡੇ ਗੌਰਮਿੰਟ ਇੰਪਲਾਈ ਹਨ, ਉਨ੍ਹਾਂ ਤੋਂ ਕਰੋੜਾਂ ਰੁਪਿਆ ਲੈਣਾ ਹੈ, ਉਨ੍ਹਾਂ ਤੋਂ ਰਿਕਵਰੀ ਕਿਉਂ ਨਹੀਂ ਕਰਵਾਈ ਗਈ? ਹੈਰਾਨੀ ਹੁੰਦੀ ਹੈ। ਉਨ੍ਹਾਂ ਦੀ ਤਨਖਾਹ ਵੀ ਹੈ, ਪੈਨਸ਼ਨ ਵੀ ਹੈ। ਉਨ੍ਹਾਂ ਤੋਂ ਰਿਕਵਰੀ ਵੀ ਨਹੀਂ ਕੀਤੀ ਗਈ। ਉਹ ਪੈਸਾ ਵੀ ਕਿਤੇ ਨਾ ਕਿਤੇ ਜਾ ਕੇ ਮਿਲੀਭੁਗਤ ਨਾਲ ਪਾਸੇ ਚਲਾ ਗਿਆ।

ਸਪੀਕਰ ਸਾਹਿਬ, 31,000 ਕਰੋੜ ਰੁਪਏ ਦੇ ਮਾਮਲੇ ਦੀ ਮੇਰੇ ਤੋਂ ਪਹਿਲਾਂ ਸਦਨ ਵਿੱਚ ਗੱਲ ਆਈ ਸੀ, ਇਸ ਵਿੱਚ 12,000 ਕਰੋੜ ਦੀ ਮੂਲ ਰਕਮ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਨੇ ਪੰਜਾਬ ਤੋਂ ਲੈਣੀ ਸੀ। ਜਿਹੜੀ ਆਪਾਂ ਸੀ.ਸੀ.ਐਲ. ਲਿਮਟ ਲੈਂਦੇ ਹਾਂ, ਉਸ ਦਾ ਫਰਕ ਆਉਂਦਾ ਸੀ। 12,000 ਕਰੋੜ ਮੂਲ ਅਤੇ 19,000 ਕਰੋੜ ਰੁਪਏ ਵਿਆਜ ਲਗਾ ਕੇ ਕੁੱਲ 31,000 ਕਰੋੜ ਰੁਪਏ ਤੇ ਸਾਈਨ ਕਰਵਾ ਲਏ। ਮੈਂ ਡਿਪਾਰਟਮੈਂਟ ਤੋਂ ਪੁੱਛਿਆ ਕਿ 12,000 ਕਰੋੜ ਰੁਪਏ ਦੀ ਕੋਈ ਪੰਜਾਬ ਸਰਕਾਰ ਨੂੰ ਲੈਟਰ ਲਿਖੀ ਹੈ ਜਾਂ ਨਹੀਂ ਲਿਖੀ? ਸਪੀਕਰ ਸਾਹਿਬ, ਕੋਈ ਲੈਟਰ ਨਹੀਂ ਆਈ। ਜਿਸ ਦਿਨ 31,000 ਕਰੋੜ ਰੁਪਏ ਤੇ ਸਾਈਨ ਕਰ ਦਿੱਤੇ ਗਏ ਸਨ, ਉਸ ਦਿਨ ਸਿਰਫ ਮੂਲ ਰਕਮ 12,000 ਕਰੋੜ ਰੁਪਏ ਤੇ ਸਾਈਨ ਕਰਨੇ ਸਨ। ਉਸ ਦਾ ਵੀ ਹਿਸਾਬ ਹਾਲੇ ਕਰਨਾ ਬਾਕੀ ਹੈ। ਉੱਪਰੋਂ 20 ਸਾਲ ਦਾ ਐਗਰੀਮੈਂਟ ਕਰਕੇ 270 ਕਰੋੜ ਰੁਪਿਆ ਅਸੀਂ ਹਰ ਮਹੀਨੇ ਇਸ ਦੀ ਕਿਸ਼ਤ ਦੇ ਰਹੇ ਹਾਂ, ਜਿਸ ਦਾ ਅਸੀਂ ਟੋਟਲ 63,000 ਕਰੋੜ ਰੁਪਿਆ ਪੇਅ ਕਰਾਂਗੇ। ਸਾਡੇ ਮਾਣਯੋਗ ਫਾਇਨਾਂਸ ਮਨਿਸਟਰ ਸਾਹਿਬ ਬੈਠੇ ਹਨ। ਜਦੋਂ ਇਹ ਰੌਲਾ ਪਿਆ, ਲੈਟਰ ਨਿਕਲੇ ਤਾਂ ਐਫ.ਸੀ.ਆਈ. ਨੇ ਆਪ ਮੰਨਿਆ ਕਿ ਮੇਰੇ ਕੋਲ ਇੱਕ ਲੈਟਰ ਹੈ, ਸਾਰਾ ਹਿਸਾਬ ਹੋਇਆ ਹੈ ਅਤੇ ਇਸ ਬਾਬਤ ਇੱਕ ਕਮੇਟੀ ਬਣੀ ਸੀ ਅਤੇ ਉਸ ਕਮੇਟੀ ਵਿੱਚ ਕਿਹਾ ਗਿਆ ਸੀ ਕਿ ਤੁਹਾਡੇ ਅਸੀਂ ਇੰਨੇ ਪੈਸੇ ਦੇਣੇ ਹਨ। ਮੈਂ ਉਹ ਲੈਟਰ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ। ਜਿਸ ਵਿੱਚ ਐਫ.ਸੀ.ਆਈ. ਨੇ ਮੰਨ ਲਿਆ ਹੈ ਕਿ

ਅਸੀਂ ਪੰਜਾਬ ਸਰਕਾਰ ਦਾ 6155 ਕਰੋੜ ਰੁਪਿਆ ਦੇਣਾ ਹੈ। ਇੱਕ ਹੋਰ ਕਮੇਟੀ ਵਿੱਚ ਸੈਂਟਰ ਸਰਕਾਰ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਦਾ 6155 ਕਰੋੜ ਰੁਪਿਆ ਦੇਣਾ ਹੈ ਪਰ ਸਪੀਕਰ ਸਾਹਿਬ, ਉਹ 6155 ਕਰੋੜ ਰੁਪਿਆ ਅੱਜ ਵੀ ਨਹੀਂ ਦਿੱਤਾ ਜਾ ਰਿਹਾ।

ਸਪੀਕਰ ਸਾਹਿਬ, ਪਿੱਛੇ ਜਿਹੇ ਕਿਹਾ ਗਿਆ ਸੀ ਕਿ ਅਸੀਂ ਸੁਸਾਇਟੀਆਂ ਵਿੱਚ ਟਰੈਕਟਰ, ਸੰਦ ਆਦਿ ਦਿੱਤੇ ਹਨ। ਜਦੋਂ ਕਮੇਟੀ ਨੇ ਪੁੱਛਿਆ ਕਿ ਕੀ ਉਸ ਦਾ ਕੋਈ ਫਾਇਦਾ ਹੋਇਆ ਹੈ? ਤੁਸੀਂ ਹੈਰਾਨ ਹੋ ਜਾਵੋਗੇ ਕਿ 90% ਸੁਸਾਇਟੀਆਂ ਨੂੰ ਸੰਦਾਂ ਤੋਂ ਕੋਈ ਕਮਾਈ ਨਹੀਂ ਹੋਈ, ਉਲਟਾ ਸਾਡੀਆਂ ਸੁਸਾਇਟੀਆਂ ਦਾ ਖਰਚਾ ਵਧਿਆ ਅਤੇ ਸੰਦ ਵੀ ਬੇਕਾਰ ਗਏ।

ਸਪੀਕਰ ਸਾਹਿਬ, ਹਾਊਸਫੈੱਡ ਦਾ ਅਦਾਰਾ ਸਾਲ 2012 ਤੋਂ ਬੰਦ ਪਿਆ ਹੈ, ਕੋਈ ਲੈਣ-ਦੇਣ ਨਹੀਂ ਹੈ ਪਰ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਖਰਚਾ 5 ਕਰੋੜ 40 ਲੱਖ ਰੁਪਏ ਆ ਰਿਹਾ ਹੈ। ਇਹ ਇੱਕ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ। ਇੱਕ ਹੋਰ ਗੱਲ ਮੈਂ ਠੇਕੇਦਾਰੀ ਸਿਸਟਮ ਬਾਰੇ ਦੱਸਣਾ ਚਾਹੁੰਦਾ ਹਾਂ। ਚਾਹੇ ਮਾਰਕਫੈੱਡ ਹੈ ਜਾਂ ਟਰਾਂਸਪੋਰਟ ਦਾ ਅਦਾਰਾ ਹੈ, ਜਦੋਂ ਅਸੀਂ ਟੈਂਡਰਿੰਗ ਕਰਦੇ ਹਾਂ, ਉਸ ਵਿੱਚ ਸ਼ਰਤ ਲਗਾ ਦਿੰਦੇ ਹਨ ਕਿ 5 ਕਰੋੜ ਜਾਂ 10 ਕਰੋੜ ਦੀ ਟਰਨ ਓਵਰ ਹੋਵੇ ਅਤੇ ਪੰਜ ਸਾਲ ਦਾ ਤਜਰਬਾ ਹੋਵੇ। ਇਸ ਤਰ੍ਹਾਂ ਕਰਨ ਨਾਲ ਨਵਿਆਂ ਨੂੰ ਮੌਕਾ ਕਦੋਂ ਮਿਲੇਗਾ? ਅਸੀਂ ਸਿਫਾਰਸ਼ ਕੀਤੀ ਹੈ ਕਿ ਉਸ ਵਿੱਚ 10-15 ਪਰਸੈਂਟ ਨਵਿਆਂ ਨੂੰ ਮੌਕਾ ਦਿੱਤਾ ਜਾਵੇ ਤਾਂ ਹੀ ਉਨ੍ਹਾਂ ਕੋਲ ਤਜਰਬਾ ਆਵੇਗਾ। ਜੇ ਅਸੀਂ ਮੌਕਾ ਹੀ ਨਹੀਂ ਦੇਵਾਂਗੇ ਤਾਂ ਤਜਰਬਾ ਕਿੱਥੋਂ ਆਵੇਗਾ? ਪੁਰਾਣੇ ਬੰਦੇ ਹੀ ਵਾਰ ਵਾਰ ਟੈਂਡਰ ਲੈ ਜਾਂਦੇ ਹਨ।

ਮੈਂ ਮੁੱਖ ਮੰਤਰੀ ਸਾਹਿਬ ਜੀ ਅਤੇ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਪੀ.ਆਈ.ਡੀ.ਬੀ. ਨੂੰ 600 ਕਰੋੜ ਰੁਪਿਆ ਦਿੱਤਾ ਹੈ। ਉਸ ਦੇ ਨਾਲ ਹੀ ਕੁਝ ਬਕਾਏ (ਮੁਲਾਜ਼ਮਾਂ ਸਬੰਧੀ) ਪਏ ਸਨ, ਉਹ ਵੀ ਦਿੱਤੇ ਹਨ ਪਰ ਹੁਣ ਪੀ.ਆਈ.ਡੀ.ਬੀ. ਦਾ ਲੈਣ-ਦੇਣ ਬਿਲਕੁਲ ਬੰਦ ਪਿਆ ਹੈ। ਜੇ ਅਸੀਂ ਲੈਣ-ਦੇਣ ਹੀ ਨਹੀਂ ਕਰਾਂਗੇ ਤਾਂ ਪੀ.ਆਈ.ਡੀ.ਬੀ. ਵੀ ਨਹੀਂ ਬਚੇਗੀ, ਉਹ ਵੀ ਇੱਕ ਚਿੱਟਾ ਹਾਥੀ ਸਾਬਤ ਹੋ ਰਹੀ ਹੈ।

ਮੈਂ ਇੱਕ ਹੋਰ ਮੇਨ ਗੱਲ ਕਰਨਾ ਚਾਹੁੰਦਾ ਹਾਂ। ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਮਾਰਕਫੈੱਡ ਅਤੇ ਵੇਰਕਾ ਸਾਡੇ ਆਂਗਣਵਾੜੀ ਸੈਂਟਰਾਂ ਨੂੰ ਰਾਸ਼ਨ ਸਪਲਾਈ ਕਰੇਗਾ। ਇਹ ਬਹੁਤ ਵਧੀਆ ਫੈਸਲਾ ਸੀ ਅਤੇ ਇਸ ਨਾਲ ਪੰਜਾਬ ਸਰਕਾਰ ਦਾ ਪੈਸਾ ਪੰਜਾਬ ਸਰਕਾਰ ਦੇ ਅਦਾਰੇ ਨੂੰ ਆਉਣਾ ਸੀ ਪਰ ਉਸ ਵਿੱਚ ਵੀ ਅਫਸਰਾਂ ਨੇ ਇੱਕ lacuna ਰੱਖ ਲਿਆ ਕਿ ਪੰਜੀਰੀ ਵੇਰਕਾ ਤੋਂ ਲੈਣ ਦੀ ਬਜਾਏ ਪ੍ਰਾਈਵੇਟ ਬੰਦਿਆਂ ਤੋਂ ਲੈਂਦੇ ਸੀ। ਜਦੋਂ ਕਮੇਟੀ ਨੇ ਪੁੱਛਿਆ ਕਿ ਤੁਸੀਂ ਵੇਰਕਾ ਤੋਂ ਪੰਜੀਰੀ ਕਿਉਂ ਨਹੀਂ ਲੈਂਦੇ, ਕੀ ਵੇਰਕਾ ਦੀ ਪੰਜੀਰੀ ਮਾੜੀ ਹੈ ਤਾਂ ਉਹ ਕਹਿੰਦੇ ਕਿ ਉਹ ਮਹਿੰਗੀ ਪੈਂਦੀ ਹੈ। ਮੈਂ ਕਿਹਾ ਕਿ ਕੇਲਿਆਂ ਵਾਲਾ ਰੇਹੜੀ ਲਗਾ ਲੈਂਦਾ ਹੈ ਅਤੇ ਗਲੇ ਕੇਲੇ 10 ਰੁਪਏ ਦਰਜਨ ਦਿੰਦਾ ਹੈ ਅਤੇ ਜੇਕਰ ਚੰਗੇ ਕੇਲੇ ਵਾਲਾ 50 ਰੁਪਏ ਲੈਂਦਾ ਹੈ ਤਾਂ ਕੀ ਅਸੀਂ ਕੁਆਲਿਟੀ ਦੇਖਣੀ ਹੈ ਜਾਂ ਨਹੀਂ? ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਸਰਕਾਰ ਚੰਗੇ ਕੰਮ ਕਰਨ ਵਿੱਚ ਲੱਗੀ ਹੋਈ ਹੈ ਪਰ ਪਿਛਲੇ ਸਮੇਂ ਵਿੱਚ ਚੋਰ ਮੋਰੀਆਂ ਰਾਹੀਂ ਜਿਸ ਤਰ੍ਹਾਂ ਕੋਆਪ੍ਰੇਟਿਵ ਅਦਾਰਿਆਂ ਨੂੰ ਲੁੱਟਿਆ ਗਿਆ ਹੈ, ਇਨ੍ਹਾਂ ਦੀ ਰਿਪੋਰਟ ਨੂੰ ਦੇਖ ਕੇ ਤੁਸੀਂ ਹੈਰਾਨ ਰਹਿ ਜਾਵੋਗੇ ਕਿ ਧੰਨ ਹੈ! ਫਿਰ ਵੀ ਇਹ ਅਦਾਰੇ ਬਚੇ ਹੋਏ ਹਨ।

ਸ਼ੂਗਰਫੈੱਡ ਅਦਾਰੇ ਸਬੰਧੀ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਕਿਸਾਨਾਂ ਦੀ ਪਿਛਲੀ ਸਾਰੀ ਹੀ ਬਕਾਇਆ ਰਾਸ਼ੀ ਦੇ ਦਿੱਤੀ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਬਕਾਏ ਦਿੱਤੇ ਗਏ ਹਨ। A2Z ਕੰਪਨੀ ਨਾਲ ਐਗਰੀਮੈਂਟ ਕੀਤਾ ਗਿਆ ਸੀ, ਜਿਨ੍ਹਾਂ ਨੇ Co-generation plants ਲਗਾਉਣੇ ਸਨ ਪਰ ਉਹ ਕੰਪਨੀ ਹੀ ਭੱਜ ਗਈ। ਉਸ ਤੋਂ ਕਰੀਬ 25 ਕਰੋੜ ਰੁਪਏ ਲੈਣ ਵਾਲੇ ਹਨ। ਕੇਸ Arbitrator ਕੋਲ ਪਿਆ ਹੈ ਅਤੇ ਫਿਲਹਾਲ ਕੋਈ ਕਾਰਵਾਈ ਨਹੀਂ ਹੋ ਰਹੀ ਹੈ? ਸੋ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਕਿੰਨੇ ਕਰੋੜਾਂ ਰੁਪਿਆਂ ਸਬੰਧੀ ਫਾਈਲਾਂ Arbitrators ਕੋਲ ਫੈਸਲਿਆਂ ਵਿੱਚ, ਸਿਵਲ ਕੋਰਟ ਦੇ ਫੈਸਲਿਆਂ ਲਈ ਫਸੀਆਂ ਪਈਆਂ ਹਨ ਪਰ ਜਦੋਂ ਅਸੀਂ ਰਿਕਵਰੀ ਸਬੰਧੀ ਪੁੱਛਦੇ ਹਾਂ ਤਾਂ 10-10 ਜਾਂ 8-8 ਸਾਲ ਤੋਂ ਫਾਈਲਾਂ ਪੈਂਡਿੰਗ ਪਈਆਂ ਹਨ।

ਕਮੇਟੀ ਦੀ ਇਸ ਰਿਪੋਰਟ ਵਿੱਚ ਇਨ੍ਹਾਂ ਸਬੰਧੀ ਕੁਝ ਸੁਝਾਅ ਦਿੱਤੇ ਗਏ ਹਨ। ਜੇ ਸੁਝਾਅ ਲਾਗੂ ਹੁੰਦੇ ਹਨ ਤਾਂ ਕੋਆਪ੍ਰੇਟਿਵ ਅਦਾਰਾ ਫਿਰ ਆਪਣੇ ਪੈਰਾਂ ਤੇ ਖੜ੍ਹੇ ਹੋਵੇਗਾ। ਕਮੇਟੀ ਵਿੱਚ ਜਿੰਨੇ ਵੀ ਸਾਡੇ ਮੈਂਬਰ

ਸਾਹਿਬਾਨ ਹਨ, ਚਾਹੇ ਵਿਰੋਧੀ ਧਿਰ ਦੇ ਹਨ, ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ 22 ਮੀਟਿੰਗਾਂ ਵਿੱਚ ਸਾਡਾ ਸਾਥ ਦਿੱਤਾ ਹੈ। ਵਿਧਾਨ ਸਭਾ ਦੇ ਸਟਾਫ ਅਤੇ ਅਧੀਨ ਸਕੱਤਰ ਸ੍ਰੀ ਈਸ਼ਵਰ ਦੱਤ ਸ਼ਰਮਾ ਜੀ ਦਾ ਵੀ ਮੈਂ ਧੰਨਵਾਦ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਿਤ ਮਾਮਲਿਆਂ ਤੇ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕਰਨਗੇ।

**ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਿਤ ਮਾਮਲਿਆਂ ਸਬੰਧੀ ਕਮੇਟੀ (ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ)**: ਸ੍ਰੀਮਾਨ ਜੀ, ਮੈਂ ਸਾਲ 2023-24 ਲਈ ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਤ ਮਾਮਲਿਆਂ ਤੇ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕਰਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਸਦਨ ਵਾਕਫ ਹੈ ਕਿ ਮਿਤੀ 28.06.2022 ਨੂੰ ਸ੍ਰੀ ਮਦਨ ਲਾਲ ਬੱਗਾ, ਐਮ.ਐਲ.ਏ. ਜੀ ਵੱਲੋਂ ਜ਼ੀਰੋ ਆਵਰ ਦੌਰਾਨ ਬੁੱਢੇ ਨਾਲੇ, ਜੋ ਕਿ ਹੁਣ ਬੁੱਢੇ ਦਰਿਆ ਵਜੋਂ ਜਾਣਿਆ ਜਾਂਦਾ ਹੈ, ਵਿੱਚ ਹੋ ਰਹੇ ਪਾਣੀ ਦੇ ਪ੍ਰਦੂਸ਼ਣ ਵੱਲ ਧਿਆਨ ਦਿਵਾਇਆ ਗਿਆ ਸੀ ਅਤੇ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ. ਵੱਲੋਂ ਮਿਤੀ 30.06.2022 ਨੂੰ ਪੁੱਛੇ ਗਏ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 16 ਤੇ ਘੱਗਰ ਦਰਿਆ ਦੇ ਗੰਦੇ ਪਾਣੀ ਦੇ ਸਬੰਧ ਵਿੱਚ ਮਾਣਯੋਗ ਸਪੀਕਰ ਸਾਹਿਬ ਵੱਲੋਂ ਸਦਨ ਦੀ ਸਹਿਮਤੀ ਨਾਲ ਮਿਤੀ 09.07.2022 ਨੂੰ ਇਸ ਕਮੇਟੀ ਦਾ ਗਠਨ ਕੀਤਾ ਗਿਆ। ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਇੰਨੀ ਮਹੱਤਵਪੂਰਨ ਕਮੇਟੀ ਦਾ ਮੈਨੂੰ ਸਭਾਪਤੀ ਨਿਯੁਕਤ ਕੀਤਾ। ਹੁਣ ਤੱਕ ਇਸ ਕਮੇਟੀ ਨੇ ਕੁੱਲ ਮਿਲਾ ਕੇ 30 ਮੀਟਿੰਗਾਂ ਕੀਤੀਆਂ ਹਨ, ਜਿਸ ਵਿੱਚੋਂ ਕੁਝ ਚੰਡੀਗੜ੍ਹ, ਕੁਝ ਮੌਕੇ ਉਤੇ ਅਧਿਐਨ ਕਰਨ ਲਈ ਲੁਧਿਆਣਾ, ਡੇਰਾਬੱਸੀ, ਖਨੌਰੀ ਆਦਿ ਥਾਵਾਂ ਉਤੇ ਇਸ ਦੀਆਂ ਬੈਠਕਾਂ ਕੀਤੀਆਂ ਗਈਆਂ ਹਨ। ਮਾਣਯੋਗ ਸਪਕੀਰ ਸਾਹਿਬ, ਮੈਂ ਕਮੇਟੀ ਵੱਲੋਂ ਅਤੇ ਆਪਣੇ ਵੱਲੋਂ ਆਪ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ ਕਿ ਆਪ ਜੀ ਨੇ ਸਮੇਂ ਸਮੇਂ ਉਤੇ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਿਰਕਤ ਕਰਕੇ, ਲੁਧਿਆਣੇ ਵਿਖੇ ਵੀ ਮੌਕੇ ਉਤੇ ਅਧਿਐਨ

ਦੌਰਾਨ ਕਮੇਟੀ ਨੂੰ ਗਾਈਡ ਕੀਤਾ ਅਤੇ ਆਪਣੇ ਵੱਡਮੁੱਲੇ ਵਿਚਾਰਾਂ ਨਾਲ ਨਿਵਾਜਿਆ। ਕਮੇਟੀ ਨੂੰ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ, ਮੈਂਬਰ, ਰਾਜ ਸਭਾ ਨੇ ਆਪਣੇ ਤਜਰਬੇ ਦੇ ਅਧਾਰ ਉਤੇ ਵੱਡਮੁੱਲੇ ਸੇਵਾਵਾਂ ਤੇ ਵਿਚਾਰਾਂ ਨਾਲ ਨਿਵਾਜਿਆ, ਇਸ ਦੇ ਲਈ ਕਮੇਟੀ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹੈ।

ਪਲਿਊਸ਼ਨ ਭਾਵੇਂ ਕਿਸੇ ਵੀ ਤਰ੍ਹਾਂ ਦਾ ਹੋਵੇ, ਇਹ ਮਨੁੱਖ ਜਾਤੀ ਲਈ ਬਹੁਤ ਹਾਨੀਕਾਰਕ ਹੈ, ਇਸ ਲਈ ਕਮੇਟੀ ਵਲੋਂ ਵਿਭਾਗਾਂ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਨਾ ਚਾਹੁੰਦੇ ਹੋਏ ਵੀ ਸਖਤ ਹਦਾਇਤਾਂ ਦੇ ਨਾਲ ਨਾਲ ਕੁਝ ਅਜਿਹੇ ਕਦਮ ਉਠਾਏ ਗਏ ਹਨ ਜੋ ਕਿ ਪ੍ਰਦੂਸ਼ਣ ਮੁਕਤੀ ਲਈ ਜ਼ਰੂਰੀ ਵੀ ਸਨ ਕਿਉਂਕਿ health is wealth, ਜਾਨ ਹੈ ਤਾਂ ਜਹਾਨ ਹੈ। ਕੁਝ ਫੈਕਟਰੀਆਂ ਉਤੇ ਜੁਰਮਾਨੇ ਵੀ ਲਗਾਏ ਗਏ, ਕੁਝ ਦੀਆਂ ਗਰੰਟੀਆਂ ਜ਼ਬਤ ਕਰਵਾਈਆਂ ਗਈਆਂ ਅਤੇ ਕੁਝ ਨੂੰ ਤਾਲੇ ਵੀ ਲਗਾਏ ਗਏ। ਕਮੇਟੀ ਵਲੋਂ ਕੀਤੀ ਗਈ ਹਦਾਇਤ ਤੇ ਕਾਰਵਾਈ ਕਰਦਿਆਂ ਵਿਭਾਗ ਵੱਲੋਂ ਬੁੱਢੇ ਦਰਿਆ ਦੇ ਤਕਰੀਬਨ 70 ਫੀਸਦੀ ਏਰੀਏ ਦੀ ਨਿਸ਼ਾਨਦੇਹੀ ਕਰਵਾਈ ਗਈ, ਜਿਸ ਅਧੀਨ ਬਲੀਵਾਲ ਤੋਂ ਮੋਗਾ ਤੱਕ ਦੀ 50 ਕਿਲੋਮੀਟਰ ਜ਼ਮੀਨ, ਜੋ ਕਿ ਪੁਰਾਣੇ ਦਰਿਆ ਦੀ ਲੋਕਾਂ ਦੁਆਰਾ ਦੱਬੀ ਹੋਈ ਸੀ, ਉਹ ਖਾਲੀ ਕਰਵਾਈ ਗਈ। ਉਸ ਉਤੇ ਨਿਸ਼ਾਨਦੇਹੀ ਕਰਵਾ ਕੇ ਪਿੱਲਰ ਵੀ ਲਗਾਏ ਗਏ ਹਨ ਤਾਂ ਕਿ ਬੁੱਢਾ ਦਰਿਆ ਹੋਰ ਦੂਰ ਤੱਕ ਚੱਲ ਸਕੇ ਅਤੇ ਉਥੇ ਹੋਰ ਗਰੀਨਰੀ ਵਾਸਤੇ ਦਰੱਖਤ ਵੀ ਲਗਾਏ ਜਾ ਸਕਣ ਤਾਂ ਜੋ ਪਾਣੀ ਦੇ ਨਾਲ ਨਾਲ ਹਵਾ ਵੀ ਸਹੀ ਹੋ ਸਕੇ। ਕਮੇਟੀ ਦੀ ਹਦਾਇਤ ਤੇ ਨਗਰ ਨਿਗਮ, ਲੁਧਿਆਣਾ ਦੇ ਅਧਿਕਾਰੀਆਂ ਵਲੋਂ ਬੁੱਢੇ ਦਰਿਆ ਦੇ ਕੰਡੇ ਉਤੇ ਉਸਾਰੀਆਂ ਕੁਝ ਨਜਾਇਜ਼ ਦੁਕਾਨਾਂ ਤੇ ਰਕਬੇ ਨੂੰ ਖਾਲੀ ਕਰਵਾਇਆ ਗਿਆ। ਬਾਕੀ ਨਜਾਇਜ਼ ਦੁਕਾਨਾਂ ਨੂੰ ਵੀ ਖਾਲੀ ਕਰਵਾਇਆ ਜਾ ਰਿਹਾ ਹੈ।

ਲੁਧਿਆਣਾ ਵਿਖੇ 40 ਐਮ.ਐਲ.ਡੀ. ਸੀ.ਟੀ.ਪੀ., ਜਿਹੜਾ ਮੌਕੇ ਉਤੇ ਮੁਆਇਨੇ ਦੌਰਾਨ ਕਮੇਟੀ ਵੱਲੋਂ ਬੰਦ ਪਾਇਆ ਗਿਆ ਸੀ, ਕਮੇਟੀ ਦੀ ਹਦਾਇਤ ਉਤੇ ਪੰਜਾਬ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਵੱਲੋਂ ਸੀ.ਟੀ.ਪੀ. ਨੂੰ 75 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

ਮਾਣਯੋਗ ਸਪੀਕਰ ਸਾਹਿਬ, ਆਪ ਦੀ ਪ੍ਰਧਾਨਗੀ ਹੇਠਲੀ ਮੀਟਿੰਗ ਦੀ ਕਾਰਵਾਈ ਦੌਰਾਨ ਕਮੇਟੀ ਦੇ ਧਿਆਨ ਵਿਚ ਆਇਆ ਕਿ ਬੁੱਢੇ ਦਰਿਆ ਦੇ ਲੱਠੇ ਨਹੀਂ ਮਿਲ ਰਹੇ। ਬੁੱਢੇ ਦਰਿਆ ਤੇ ਨਜਾਇਜ਼ ਕਬਜ਼ੇ ਬਹੁਤ

ਹੋਏ ਪਏ ਹਨ ਅਤੇ ਇਸ ਦੀ ਨਿਸ਼ਾਨਦੇਹੀ ਵਾਸਤੇ ਵਾਰ ਵਾਰ ਪੁੱਛਣ ਉਤੇ ਵੀ ਨਗਰ ਨਿਗਮ ਵਾਲੇ ਕਹਿੰਦੇ ਰਹੇ ਕਿ ਲੱਠੇ ਹੀ ਗੁੰਮ ਹੋ ਗਏ ਹਨ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਤੇ ਮੈਨੂੰ ਆਪ ਜੀ ਨੂੰ ਦੱਸਦਿਆਂ ਇਹ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਕਮੇਟੀ ਦੀ ਪੁਰਜ਼ੋਰ ਕੋਸ਼ਿਸ਼ ਸਦਕਾ ਨਗਰ ਨਿਗਮ ਵੱਲੋਂ ਮਿਤੀ 6.1.2023 ਨੂੰ ਮੀਟਿੰਗ ਵਿਚ ਲੱਠੇ ਪੇਸ਼ ਕਰ ਦਿੱਤੇ ਗਏ ਹਨ ਤੇ ਉਸ ਦੇ ਤਹਿਤ ਅੱਜ ਨਿਸ਼ਾਨਦੇਹੀ ਚੱਲ ਰਹੀ ਹੈ। ਸੋ, ਮੈਂ ਸਮਝਦਾ ਹਾਂ ਕਿ ਇਹ ਕਮੇਟੀ ਦੀ ਬਹੁਤ ਵੱਡੀ ਉਪਲਬਧੀ ਹੈ। ਕਮੇਟੀ ਆਪਣਾ ਕੰਮ ਬਹੁਤ ਹੀ ਸੁਚਾਰੂ ਰੂਪ ਨਾਲ ਚਲਾ ਰਹੀ ਹੈ ਅਤੇ ਉਮੀਦ ਹੈ ਕਿ ਜਲਦੀ ਹੀ ਇਸ ਦੀ ਪੂਰਨ ਰਿਪੋਰਟ ਵੀ ਇਸ ਸਦਨ ਵਿਚ ਪੇਸ਼ ਕਰਾਂਗੇ।

ਇਸ ਦੇ ਨਾਲ ਹੀ ਕਮੇਟੀ ਨੇ ਵੱਖ ਵੱਖ ਵਿਭਾਗਾਂ ਨੂੰ ਕੁਝ ਅਹਿਮ ਸਿਫਾਰਸ਼ਾਂ ਕੀਤੀਆਂ ਹਨ ਤਾਂ ਜੋ ਕਮੇਟੀ ਦੇ ਮੰਤਵ ਤੇ ਮਨੋਰਥ ਨੂੰ ਪੂਰਾ ਕੀਤਾ ਜਾ ਸਕੇ। ਕਮੇਟੀ ਮਿਉਂਸਿਪਲ ਕਾਰਪੋਰੇਸ਼ਨ, ਲੁਧਿਆਣਾ, ਜਲ ਸਰੋਤ ਵਿਭਾਗ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸਥਾਨਕ ਸਰਕਾਰਾਂ ਵਿਭਾਗ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਮਾਲ ਵਿਭਾਗ, Mine and Water Conservation ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਸਾਇੰਸ ਅਤੇ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਵੱਲੋਂ ਕਮੇਟੀ ਨੂੰ ਦਿੱਤੇ ਗਏ ਵੱਡਮੁੱਲੇ ਸਹਿਯੋਗ ਲਈ ਸਬੰਧਤ ਅਫਸਰ ਸਾਹਿਬਾਨਾਂ ਦਾ ਅਤੇ ਉਨ੍ਹਾਂ ਦੇ ਅਮਲੇ ਦਾ ਧੰਨਵਾਦ ਕਰਦੀ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਿਤ ਮਾਮਲਿਆਂ ਸਬੰਧੀ ਕਮੇਟੀ** : ਅੰਤ ਵਿੱਚ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਹੋ ਗਿਆ ਜੀ, ਹੋ ਗਿਆ। ਤੁਸੀਂ ਜਦੋਂ ਫਾਈਨਲ ਕਰੋਗੇ ਤਾਂ ਉਹ ਧੰਨਵਾਦ ਉਦੋਂ ਹੋ ਜਾਵੇਗਾ। ਬੈਠੋ ਜੀ, ਬੈਠੋ। ਇਹ ਬੜੀ ਇੰਪਾਰਟੈਂਟ ਕਮੇਟੀ ਹੈ, ਇਸ ਦੀ ਅਜੇ ਇੰਟੈਰਿਮ ਰਿਪੋਰਟ ਹੈ, ਜਦੋਂ

ਪੂਰੀ ਹੋਵੇਗੀ ਤਾਂ ਉਦੋਂ ਤੁਸੀਂ ਸਾਰਾ ਧੰਨਵਾਦ ਕਰ ਲੈਣਾ। ਅਜੇ ਆਪਾਂ ਧੰਨਵਾਦ ਨਹੀਂ ਕਰਨਾ। ਇਹ ਬੁੱਢੇ ਨਾਲੇ ਦਾ ਮਸਲਾ ਬੜਾ ਵੱਡਾ ਹੈ, ਆਪਾਂ ਇਸ ਦਾ ਹੱਲ ਕਰਾਂਗੇ। ਧੰਨਵਾਦ ਜੀ।

---

## MOTION REGARDING CONSTITUTION OF ELECTED COMMITTEES FOR THE YEAR 2024-25

**ਮਾਣਯੋਗ ਸਪੀਕਰ:** ਸਾਲ 2024-25 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿਉਂ ਜੋ ਸਾਲ 2024-25 ਲਈ-

1. ਲੋਕ ਲੇਖਾ ਕਮੇਟੀ ;

2. ਅਨੁਮਾਨ ਕਮੇਟੀ ;

3. ਸਰਕਾਰੀ ਕਾਰੋਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿਉਂ ਜੋ ਸਾਲ 2024-25 ਲਈ-

1. ਲੋਕ ਲੇਖਾ ਕਮੇਟੀ ;

2. ਅਨੁਮਾਨ ਕਮੇਟੀ ;

3. ਸਰਕਾਰੀ ਕਾਰੋਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ

ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿਉਂ ਜੋ ਸਾਲ 2024-25 ਲਈ -

1. ਲੋਕ ਲੇਖਾ ਕਮੇਟੀ ;

2. ਅਨੁਮਾਨ ਕਮੇਟੀ ;

3. ਸਰਕਾਰੀ ਕਾਰੋਬਾਰ ਕਮੇਟੀ ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ ; ਅਤੇ

ਕਿਉਂ ਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭ ਨੂੰ ਸਦਨ ਵਿੱਚ ਵੱਖ ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

## CONSENT OF THE HOUSE TO POSTPONE THE MOVING OF THE PUNJAB STATE ELECTION COMMISSION (AMENDMENT) BILL, 2024

**ਮਾਣਯੋਗ ਸਪੀਕਰ** : ਮੈਂ ਸਮੂਹ ਮਾਣਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਅੱਜ ਪ੍ਰਾਪਤ ਹੋਇਆ ਹੈ, ਜੋ ਨਿਯਮਾਂ ਰਾਹੀਂ ਸਰਕੂਲੇਟ ਕੀਤਾ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਮਾਣਯੋਗ ਮੈਂਬਰ ਸਾਹਿਬਾਨ ਇਸ ਨੂੰ ਪੜ੍ਹ ਲੈਣ।

ਇਸ ਲਈ ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ 11 ਮਾਰਚ, 2024 ਦੀ ਕਾਰਜ ਸੂਚੀ ਵਿਚ ਲੜੀ ਨੰ: 5 ਤੇ ਦਰਜ ਵਿਧਾਨਕ ਕੰਮਕਾਰ ਮਿਤੀ 12 ਮਾਰਚ, 2024 ਨੂੰ ਸ਼ਾਮਲ ਕਰ ਲਿਆ ਜਾਵੇ।

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

**ਮਾਣਯੋਗ ਸਪੀਕਰ** : ਸਦਨ ਮੰਗਲਵਾਰ, ਮਿਤੀ 12 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ।

(*5.09 ਵਜੇ ਸ਼ਾਮ) (*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 12 ਮਾਰਚ, 2024 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

---

**Appendix**

**16ਵੀਂ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਛੇਵਾਂ ਬਜਟ ਸਮਾਗਮ** **ਬੁਲੇਟਿਨ ਨੰ: 6**

**ਸੋਮਵਾਰ, 11 ਮਾਰਚ, 2024**

**(02.00 ਵਜੇ ਬਾਅਦ ਦੁਪਹਿਰ ਤੋਂ 05.09 ਵਜੇ ਸ਼ਾਮ ਤੱਕ)**

**1. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 15 | 04 | - | 1 | 16 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 10**

**2. ਧਿਆਨ ਦਿਵਾਊ ਨੋਟਿਸ**

i.ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਪ੍ਰਭਾਵਸ਼ਾਲੀ ਕਾਨੂੰਨ ਦੀ ਅਣਹੋਂਦ ਕਾਰਨ ਖਾਣ-ਪੀਣ ਦੀਆਂ ਵਸਤੂਆਂ ਵਿੱਚ ਹੋ ਰਹੀ ਲੋੜ ਤੋਂ ਵੱਧ ਮਿਲਾਵਟ ਵੱਲ ਦਿਵਾਇਆ ਗਿਆ।

(ਨੰ.30)

ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

ii. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਪੀ.ਐਮ.ਏ ਵਾਈ.ਸਾਈਟ ਦੇ ਬੰਦ ਹੋ ਜਾਣ ਕਾਰਨ ਗਰੀਬ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਵੱਲ

ਦਿਵਾਇਆ ਗਿਆ।

(ਨੰ.31)

ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

iii. ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਪੈਂਦੀ ਬਰਵਾਲਾ ਸੜਕ ਦੀ ਖਸਤਾ ਹਾਲਤ ਵੱਲ ਦਿਵਾਇਆ ਗਿਆ।

(ਨੰ:32)

ਲੋਕ ਨਿਰਮਾਣ ਅਤੇ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**3. <u>ਮਾਣਯੋਗ ਸਪੀਕਰ ਦੁਆਰਾ ਐਲਾਨ</u>**

**1)** ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਕਿਸਾਨੀ ਸੰਘਰਸ਼ ਦੌਰਾਨ ਇੱਕ ਬੱਚਾ ਜਿਹੜਾ ਦਸਵੀਂ ਜਮਾਤ ਵਿੱਚ ਪੜ੍ਹਦਾ ਹੈ, ਉਸ ਦੀ ਬਾਂਹ ਵਿੱਚ ਗੋਲੀ ਆਰ-ਪਾਰ ਨਿਕਲ ਗਈ ਸੀ ਅਤੇ ਉਸ ਦੀਆਂ ਉਂਗਲਾਂ ਸੁੰਨ ਹੋ ਰਹੀਆਂ ਹਨ ਪਰ ਉਸ ਦੇ ਪਿਤਾ ਕੋਲ ਸਿਰਫ ਡੇਢ ਕਿੱਲਾ ਜ਼ਮੀਨ ਹੈ ਤੇ ਉਹ ਬੱਚਾ ਗਰੀਬ ਪਰਿਵਾਰ ਨਾਲ ਸਬੰਧਿਤ ਹੈ, ਇਸ ਲਈ ਉਸ ਬੱਚੇ ਦੇ ਇਲਾਜ ਲਈ ਉਹ ਆਪਣੀ ਇੱਕ ਮਹੀਨੇ ਦੀ ਤਨਖਾਹ ਦੇਣਗੇ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਉਸ ਬੱਚੇ ਨੂੰ ਅਮਨਦੀਪ ਹਸਪਤਾਲ ਵਿਖੇ ਸ਼ਿਫਟ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਨੇ ਸਦਨ ਦੇ ਸਾਰੇ ਮੈਂਬਰਾਂ ਨੂੰ ਇਹ ਵੀ ਅਪੀਲ ਕੀਤੀ ਕਿ ਜੇਕਰ ਉਸ ਬੱਚੇ ਨੂੰ ਅਮਨਦੀਪ ਹਸਪਤਾਲ ਵਿਖੇ ਸ਼ਿਫਟ ਕੀਤਾ ਜਾਂਦਾ ਹੈ ਤਾਂ ਉਸ ਬੱਚੇ ਦੇ ਇਲਾਜ ਲਈ ਹੋਰ ਵੀ ਵਿੱਤੀ ਸਹਾਇਤਾ ਦੀ ਲੋੜ ਹੋਵੇਗੀ। ਇਸ ਲਈ ਉਸ ਬੱਚੇ ਦੇ ਇਲਾਜ ਲਈ ਸਾਰੇ ਮੈਂਬਰ ਵਿੱਤੀ ਮਦਦ ਕਰਨ।

**2)** ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਅੱਜ ਹਾਊਸ ਲਈ ਇੱਕ ਪ੍ਰਸ਼ਨ ਹੈ ਤੇ ਜਿਹੜਾ ਵੀ ਮਾਣਯੋਗ ਮੈਂਬਰ ਇਸ ਪ੍ਰਸ਼ਨ ਦਾ ਸਹੀ ਜਵਾਬ ਦੇਵੇਗਾ, ਉਸ

ਨੂੰ ਜ਼ੀਰੋ ਆਵਰ ਦੌਰਾਨ ਆਪਣੀ ਗੱਲ ਰੱਖਣ ਲਈ ਪੰਜ ਮਿੰਟ ਵਾਧੂ ਦਿੱਤੇ ਜਾਣਗੇ। ਉਨ੍ਹਾਂ ਨੇ ਇਹ ਪ੍ਰਸ਼ਨ ਪੁੱਛਿਆ ਕਿ ਸੁਪਰੀਮ ਕੋਰਟ ਵਿੱਚ ਇੱਕ ਬੜਾ ਵੱਡਾ ਫੈਸਲਾ ਇਲੈਕਟੋਰਲ ਬੌਂਡ ਉਪਰ ਆਇਆ ਹੈ। ਉਹ ਕਿਸ ਸਬੰਧ ਵਿੱਚ ਹੈ ਅਤੇ ਉਸ ਵਿੱਚ ਸੁਪਰੀਮ ਕੋਰਟ ਵੱਲੋਂ ਕੀ ਜਜਮੈਂਟ ਆਈ ਹੈ? ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਇਸ ਪ੍ਰਸ਼ਨ ਦਾ ਸਹੀ ਜਵਾਬ ਦਿੱਤਾ ਗਿਆ ਤੇ ਉਨ੍ਹਾਂ ਨੂੰ ਮਾਣਯੋਗ ਸਪੀਕਰ ਵੱਲੋਂ ਆਪਣੀ ਗੱਲ ਕਹਿਣ ਲਈ ਲੋੜੀਂਦਾ ਸਮਾਂ ਦਿੱਤਾ ਗਿਆ।

3) ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਐਲਾਨ ਕੀਤਾ ਗਿਆ ਕਿ ਕਿਸਾਨ ਕੇਵਲ ਛੋਟੇ ਦੁਕਾਨਦਾਰਾਂ ਅਤੇ ਕੰਜ਼ਿਊਮਰ ਨੂੰ ਬਚਾਉਣ ਦੀ ਲੜਾਈ ਹੀ ਨਹੀਂ ਲੜ ਰਹੇ ਹਨ ਬਲਕਿ ਇਹ ਲੜਾਈ ਪੰਜਾਬ ਦੇ ਕਿਸਾਨ ਦੇਸ਼ ਦੀ ਲੜਾਈ ਵਜੋਂ ਲੜ ਰਹੇ ਹਨ। ਇਸ ਲਈ ਉਹ ਬਤੌਰ ਸਪੀਕਰ ਸਾਰੇ ਦੇਸ਼ ਦੇ ਵਿਧਾਨ ਮੰਡਲਾਂ ਦੇ ਮਾਣਯੋਗ ਸਪੀਕਰ ਸਾਹਿਬਾਨ ਨੂੰ ਇਸ ਸਬੰਧੀ ਇੱਕ ਚਿੱਠੀ ਵੀ ਲਿਖਣ ਜਾ ਰਹੇ ਹਨ।

4. **ਮਾਣਯੋਗ ਸਪੀਕਰ ਦੁਆਰਾ ਪ੍ਰੇਖਣ**

ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਇਹ ਪ੍ਰੇਖਣ ਕੀਤਾ ਗਿਆ ਕਿ ਜਦੋਂ ਵੀ ਕੋਈ ਮੈਂਬਰ ਬੋਲ ਰਿਹਾ ਹੁੰਦਾ ਹੈ, ਉਸ ਦੇ ਅਤੇ ਚੇਅਰ ਵਿਚੋਂ ਲੰਘਣਾ ਹਾਊਸ ਦੀ ਤੌਹੀਨ ਹੁੰਦੀ ਹੈ। ਇਸ ਦਾ ਖਿਆਲ ਰੱਖਿਆ ਜਾਵੇ।

5. **ਵਾਕ-ਆਊਟ**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਪਿਛਲੇ ਦਿਨੀਂ ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐੱਲ.ਏ ਖਿਲਾਫ਼ ਵਰਤੇ ਗਏ

ਗੈਰ-ਸੰਸਦੀ ਸ਼ਬਦਾਂ ਕਾਰਨ ਦਿੱਤੇ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਤੇ ਕੋਈ ਫੈਸਲਾ ਨਾ ਲਏ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।

**6. ਰਿਪੋਰਟਾਂ ਪੇਸ਼ ਕਰਨਾ**

1. ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੇ ਸਭਾਪਤੀ (ਸ੍ਰੀ ਗੁਰਪ੍ਰੀਤ ਬੱਸੀ ਗੋਗੀ) ਨੇ ਕਮੇਟੀ ਦੇ ਆਮ ਕੰਮ-ਕਾਰ ਨਾਲ ਸਬੰਧਤ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕੀਤੀ।
2. ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ) ਨੇ ਕਮੇਟੀ ਦੀ ਦੂਜੀ ਰਿਪੋਰਟ ਪੇਸ਼ ਕੀਤੀ।
3. ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸਬੰਧਤ ਮਾਮਲਿਆਂ ਸਬੰਧੀ ਸਦਨ ਦੀ ਕਮੇਟੀ ਦੇ ਸਭਾਪਤੀ (ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ)) ਨੇ ਕਮੇਟੀ ਦੀ ਅੰਤਰਿਮ ਰਿਪੋਰਟ ਪੇਸ਼ ਕੀਤੀ।

**7. ਸਾਲ 2024-25 ਲਈ ਚੁਣੀਆਂ ਗਈਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ**

ਸੰਸਦੀ ਮਾਮਲਿਆਂ ਦੇ ਮੰਤਰੀ ਵਲੋਂ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਕਿਉਂਜੋ ਸਾਲ 2024-25 ਲਈ:

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ, ਲਈ ਚੋਣਾਂ 31 ਮਾਰਚ, 2024 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗੁਰੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2024-25 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

**8. <u>ਮਾਣਯੋਗ ਸਪੀਕਰ ਵੱਲੋਂ ਪ੍ਰਸਤਾਵ</u>**

ਮਾਣਯੋਗ ਸਪੀਕਰ ਵਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਕਾਰਜਸੂਚੀ ਵਿੱਚ ਲੜੀ ਨੰ 5 ਤੇ ਦਰਜ ਵਿਧਾਨਕ ਕੰਮਕਾਰ ਮਿਤੀ 12 ਮਾਰਚ, 2024 ਦੀ ਕਾਰਜਸੂਚੀ ਵਿੱਚ ਸ਼ਾਮਲ ਕਰਨ ਲਈ ਪ੍ਰਸਤਾਵ ਰੱਖਿਆ, ਜੋ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 12 ਮਾਰਚ, 2024 ਦੇ 10.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ।** **ਰਾਮ ਲੋਕ ਖਟਾਣਾ**
**11 ਮਾਰਚ, 2024** **ਸਕੱਤਰ**

**16th Vidhan Sabha** **PUNJAB VIDHAN SABHA**

**Sixth (Budget) Session** **BULLETIN No. 6**

**Monday, the 11th March, 2024**

**(From 2.00 P.M to 5.09 P.M.)**

**1. Questions:**

(a) Starred Questions:

| Total no. of questions on the order paper | Answered | Not Put | Postponed | Answered under Rule 38 | No. of Supplementaries |
|---|---|---|---|---|---|
| 20 | 15 | 04 | - | 1 | 16 |

(b) Unstarred Questions: 10

**2. Calling Attention Notice**

i. Sardar Devinderjeet Singh Laddi Dhose, M.L.A drew the attention of the Government towards rampant adulteration in food items due to absence of effective law.

(No.30)

The Sports and Youth Services Minister gave a reply.

ii. Sardar Manwinder Singh Giaspura, M.L.A drew the attention of the Government towards difficulties being faced by poor people due to closure of PMAY site.

(No.31)

The Rural Development and Panchayats Minister gave a reply.

iii. Sardar Kuljit Singh Randhawa, M.L.A drew the attention of the Government towards dilapidated condition of Barwala Road falling in Dera Bassi Assembly Constituency.

(No.32)

The Public Works (B&R) Minister gave a reply.

**3. Announcement by the Hon'ble Speaker**

1) The Hon'ble Speaker made announcement in the House that during the farmers struggle, a bullet pierced through the arm of a child who is studying in class 10th and his fingers are getting numb but his father owns just one and a half acres of land, since that child belongs to a poor family therefore he will donate his one month salary for the treatment of said child. He also told that they have been asked to shift the child to Amandeep Hospital. He also appealed to all the Members of the House that if the child is shifted to Amandeep Hospital, more financial aid will be required for his treatment. So all the Members should help financially for the treatment of the child.

2)The Hon'ble Speaker announced in the House that today there is a question for the House and any Hon'ble Member who answer this question correctly will be given five extra minutes to speak during the zero hour. He asked the question that a significant decision has come from the Supreme Court on Electoral Bond. What context is it in and what judgement has been passed by the Supreme Court on

it? Leader of the Opposition Sardar Partap Singh Bajwa gave the correct reply to this question and was given the requisite time to speak by the Hon'ble Speaker.

3)The Hon'ble Speaker announced in the House that the farmers of Punjab are not only fighting to save the small shopkeepers but also for consumers rather they are fighting for the Nation. Therefore, being a Speaker, he is also going to write a letter in this regard to the Hon'ble Speakers of Legislatures of entire country.

**4. Observation by the Hon'ble Speaker**

The Hon'ble Speaker observed in the House that whenever a Member is speaking, it is a contempt of the House to pass through him and the chair. This should be taken care of.

**5. Walk-out**

Members of the Indian National Congress Party present in the well of the House staged a walk-out from the House raising slogans as a protest for not taking any decision on the issue of privilege moved against the Hon'ble Chief Minister for using unparliamentary words sometime back against Shri Sukhwinder Singh Kotli, M.L.A.

**6. Presentation of Reports**

1. The Chairman of the Committee on Local Bodies (Shri Gurpreet Bassi Gogi) presented the 2nd Report of the Committee on the General Working of the Committee.

2. The Chairman of the Committee on Co-operation and its Allied Activities (Sardar Gurpreet Singh Banawali) presented the 2nd Report of the Committee.
3. The Chairman of the Committee of the House (Sardar Daljit Singh Grewal (Bhola)) presented the Interim Report of the Committee regarding issues related to Buddha Dariya and Ghaggar Dariya.

**7. Motion regarding Constitution of Elected Committees for the year 2024-25**

The following motion moved by the Parliamentary Affairs Minister was carried unanimously:

"Whereas the elections to the:-

1. Committee on Public Accounts;
2. Committee on Estimates;
3. Committee on Public Undertakings; and
4. Committee on the Welfare of Scheduled Castes, Scheduled Tribes and Backward Classes, for the year 2024-25, are to be held before the 31st March, 2024; and

Whereas the time left at the disposal of the House is extremely short and it is not possible to conduct in the normal course, the election to these Committees.

Now, therefore, this House authorizes the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House;

This House further resolves that for the above purpose, the rules of the Rules of Procedure and Conduct of business in the Punjab Vidhan Sabha (Punjab Legislative Assembly) relating to the elections to the said Committees for the year 2024-25 which are inconsistent with or contrary to the above resolution shall stand suspended. "

**8. Motion by the Hon'ble Speaker**

With the consent of the House, the Hon'ble Speaker moved the motion to include the Legislative Business in the List of Business of 12th March, 2024 mentioned at serial no. 5 in today's List of Business, which was carried unanimously.

The House, then adjourned till 10.00 A.M on Tuesday, the 12th March, 2024.

**CHANDIGARH:** **RAM LOK KHATANA**
**THE 11th MARCH, 2024** **SECRETARY**

@ 2024

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾ ਕੇ ਛਾਪੀ ਗਈ।